
ਸਰੋਤਿਆਂ ਦੇ ਮਨਾਂ 'ਚ ਅਭੁੱਲ ਯਾਦਾਂ ਛੱਡ ਗਿਆ ਪੀ ਸੀ ਐਸ ਸੈਕਰਾਮੈਂਟੋ ਦਾ 15ਵਾਂ ਤੀਆਂ ਦਾ ਮੇਲਾ (ਤਸਵੀਰਾਂ ਦੇਖੋ ਸਫਾ 11 ਤੇ)

ਹਫਤਾਵਾਰੀ

# ਦੇਸ਼ ਦੁਆਬਾ

VOL - 4 ISSUE - 20
August 19, 2015

Postal Address
5101 Doe Hollow Pl, Antelope, CA-95843

www.deshdoaba.com
www.ambedkartimes.com


ਨਿਊਯਾਰਕ ਤੇ ਕੈਲੇਫੋਰਨੀਆਂ 'ਚ ਭਾਰਤ ਦਾ ਆਜ਼ਾਦੀ ਦਿਹਾੜਾ ਮਨਾਇਆ (ਤਸਵੀਰਾਂ ਦੇਖੋ ਸਫਾ 14 ਤੇ)

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਪੀ ਸੀ ਐੱਸ ਸੈਕਰਾਮੈਂਟੋ ਦਾ 15ਵਾਂ ਤੀਆਂ ਦਾ ਮੇਲਾ



**ਸੈਕਰਾਮੈਂਟੋ (ਹਰਜਿੰਦਰ ਪੰਧੇਰ)** ਸਾਉਣ ਦੀਆਂ ਫੁਹਾਰਾਂ, ਤੀਜ ਦੀਆਂ ਤੀਆਂ, ਚਾਵਾਂ ਲੱਦੀਆਂ ਮੁਟਿਆਰਾਂ ਦੀਆਂ ਪੇਕੇ ਘਰਾਂ 'ਚ ਰੌਣਕਾਂ ਗੁਲਗੁਲਿਆਂ ਪੂੜਿਆਂ ਦੀ ਮਹਿਕ , ਰੁਖਾਂ ਦੇ ਟਾਹਣਾਂ ਤੇ ਝੂਲਦੀਆਂ ਪੀਘਾਂ , ਮੋਰਾਂ ਦੀਆਂ ਪੈਲਾਂ , ਮੁਟਿਆਰਾਂ ਦੇ ਨਾਚ ਅਤੇ ਉਹਨਾਂ ਦੇ ਦਿਲ ਚੋਂ ਉਠੇ ਗੀਤਾਂ ਦੀ ਪਿਆਰੀ ਹੂਕ ਚੰਦ ਕੁ ਦਿਨਾਂ ਵਿਚ ਉਹ ਪੰਜਾਬੀ ਸਭਿਆਚਾਰਕ ਦ੍ਰਿਸ਼ ਚਿਤਰਦੇ ਨੇ ਜਿਸ ਦੀ ਯਾਦ ਭੁਲਾਇਆਂ ਵੀ ਨਹੀਂ ਭੁਲਾਈ ਜਾ ਸਕਦੀ। ਬਦਲਦੇ ਮਹੌਲ ਨੇ ਭਾਵੇਂ ਇਹਨਾਂ ਦਾ ਚਿਹਰਾ ਮੁਹਰਾ ਕਾਫੀ ਬਦਲਕੇ ਰੱਖ ਦਿਤਾ ਹੈ ਪਰ ਫਿਰ ਵੀ ਪੰਜਾਬੀ ਮੁਟਿਆਰਾਂ ਦੇ ਦਿਲਾਂ ਵਿਚਲੇ ਵਲਵਲਿਆਂ ਦੀ ਤਾਜ਼ਗੀ ਹਾਲੇ ਵੀ ਪਹਿਲਾਂ ਜਿੱਨੀ ਹੀ ਧੂਹ ਪਾਉਂਦੀ ਹੈ। ਇਸ ਦਾ ਨਜ਼ਾਰਾ ਐਲਕ ਗਰੋਵ ਦੇ ਐਸ ਈ ਐਸ ਹਾਲ ਵਿਚ ਪੀ ਸੀ ਐਸ ਸੈਕਰਾਮੈਂਟੋ ਵਲੋਂ ਕਰਵਾਏ ਤੀਆਂ ਦੇ 15ਵੇਂ ਮੇਲੇ ਤੇ ਹੂ-ਬ-ਹੂ ਦੇਖਣ ਨੂੰ ਮਿਲ ਰਿਹਾ ਸੀ। ਇਸ ਵਾਰ ਤੀਆਂ ਦੇ ਇਸ ਮੇਲੇ ਵਿਚ 17 ਤੋਂ ਉਪਰ ਟੀਮਾਂ ਨੇ ਭਾਗ ਲਿਆ। ਉਲੀਕੇ ਪ੍ਰੋਗਰਾਮ ਅਨੁਸਾਰ ਮੇਲੇ ਦਾ ਅਰੰਭ ਬੀਬੀਆਂ ਨੇ ਵੀਰਾਂ ਤੇ ਬਾਬਲ ਦੇ ਗੀਤ, ਘੋੜੀਆਂ ਤੇ ਸੁਹਾਗ ਗਾਉਂਦਿਆਂ ਸ਼ੁਰੂ ਕੀਤਾ। ਤੀਆਂ ਦੇ ਸ਼ੁਰੂ ਹੋਣ ਦਾ ਚਾਅ ਸਾਰਿਆਂ ਦੇ ਚਿਹਰਿਆਂ ਤੇ ਡਲ੍ਹਕ ਰਿਹਾ ਸੀ ਛੋਟੀਆਂ ਬਚੀਆਂ ਤੋਂ ਤਾਂ ਇਹ ਚਾਅ ਸਾਂਭਿਆ ਹੀ ਨਹੀਂ ਜਾ ਰਿਹਾ ਸੀ। ਸਮਾਗਮ ਦਾ ਦੂਸਰਾ ਦੌਰ ਗੀਤ ਸੰਗੀਤ ਤੇ ਲੋਕ ਨਾਚਾਂ ਦਾ ਸੀ ਇਸ ਵਿਚ ਸਕੂਲਾਂ ਕਾਲਜਾਂ ਦੀਆਂ

(ਬਾਕੀ ਸਫਾ 8 ਤੇ)

## ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਉਮੀਦਵਾਰਾਂ ਦਾ ਜਾਣ ਪਹਿਚਾਣ ਸਮਾਗਮ


ਡਾ: ਤਰਲੋਚਨ ਸਿੰਘ ਨਾਹਲ ਸਾਧ ਸੰਗਤ ਸਲੇਟ ਦੇ ਸਾਰੇ ਉਮੀਦਵਾਰਾਂ ਦੀ ਸੰਗਤ ਨਾਲ ਵਾਕਫੀਅਤ ਕਰਾਉਂਦੇ ਹੋਏ

**ਸੈਨ ਹੋਜ਼ੇ:** ਸਿੱਖ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵਿਖੇ 30 ਅਗਸਤ 2015 ਨੂੰ ਗੁਰਦੁਆਰਾ ਸਾਹਿਬ ਵਿਚ ਪਹਿਲੀ ਵਾਰੀ ਹੋਣ ਵਾਲੀਆਂ ਇਲੈਕਸ਼ਨਾਂ ਦੇ ਸਬੰਧ ਵਿਚ ਬੀਤੇ ਦਿਨ ਸਿੱਖ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵਿਖੇ ਇਲੈਕਸ਼ਨ ਵਿਚ ਖੜ੍ਹੇ ਉਮੀਦਵਾਰਾਂ ਦਾ ਆਪਣੇ ਵਿਚਾਰ ਰੱਖਣ ਦਾ ਸਮਾਰੋਹ ਹੋਇਆ। ਤਕਰੀਬਨ ਸਵਾ ਘੰਟੇ ਦੇ ਇਸ ਪ੍ਰੋਗਰਾਮ ਨੂੰ ਸੈਂਕੜਿਆਂ ਦੀ ਗਿਣਤੀ ਵਿਚ ਮੌਜੂਦ ਸੰਗਤਾਂ ਨੇ ਬਹੁਤ ਧਿਆਨ ਨਾਲ ਸੁਣਿਆ। ਇਹਨਾਂ ਚੋਣਾਂ ਵਿਚ ਦੋ ਸਲੇਟਾਂ ਦੀ ਕਾਂਟੇ ਦੀ ਟੱਕਰ ਹੋ ਰਹੀ ਹੈ ਜਿਨ੍ਹਾਂ ਵਿਚ 21-21 ਉਮੀਦਵਾਰ ਹਨ। ਪ੍ਰੋਗਰਾਮ ਦੇ ਸ਼ੁਰੂ ਵਿਚ ਡਾ: ਤਰਲੋਚਨ ਸਿੰਘ ਨਾਹਲ ਸਾਧ ਸੰਗਤ ਸਲੇਟ ਦੇ ਸਾਰੇ ਉਮੀਦਵਾਰਾਂ ਦੀ ਸੰਗਤ ਨਾਲ ਵਾਕਫ਼ੀਅਤ ਕਰਾਈ

(ਬਾਕੀ ਸਫਾ 8 ਤੇ)

## ਅਮਰੀਕਾ ਵੱਲੋਂ ਦਹਿਸ਼ਤਵਾਦ ਖ਼ਿਲਾਫ਼ ਇਕਜੁੱਟ ਹੋਣ ਦਾ ਸੱਦਾ

**ਵਾਸ਼ਿੰਗਟਨ-** ਅਮਰੀਕਾ ਨੇ ਭਾਰਤ ਅਤੇ ਪਾਕਿਸਤਾਨ ਸਮੇਤ ਸਾਰੇ ਮੁਲਕਾਂ ਨੂੰ ਦਹਿਸ਼ਤੀ ਗੁਟਾਂ ਨਾਲ ਨਜਿੱਠਣ ਲਈ ਤਾਲਮੇਲ ਬਣਾ ਕੇ ਚੱਲਣ ਦਾ ਸੱਦਾ ਦਿੱਤਾ ਹੈ। ਇਸਲਾਮਿਕ ਸਟੇਟ ਵਰਗੀਆਂ ਦਹਿਸ਼ਤੀ ਜਥੇਬੰਦੀਆਂ ਦਾ ਟਾਕਰਾ ਕਰਨ ਲਈ ਅਮਰੀਕਾ ਵੱਲੋਂ ਇਹ ਸੁਝਾਅ ਦਿੱਤਾ ਗਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ



ਯੂਏਈ ਦੇ ਦੌਰੇ ਸਮੇਂ ਅਤਿਵਾਦ ਬਾਰੇ ਕੀਤੀ ਗਈ ਟਿੱਪਣੀ 'ਤੇ ਜਦੋਂ ਅਮਰੀਕੀ ਵਿਦੇਸ਼ ਮੰਤਰਾਲੇ ਦਾ ਪ੍ਰਤੀਕਰਮ ਜਾਣਿਆ ਗਿਆ ਤਾਂ ਮੰਤਰਾਲੇ ਦੇ ਤਰਜਮਾਨ ਜੌਹਨ ਕਿਰਬੀ ਨੇ ਕਿਹਾ,''ਅਸੀਂ ਸਾਰੇ ਅਤੇ ਖ਼ਿੱਤੇ ਦੇ ਸਾਡੇ ਭਾਈਵਾਲ ਸਮਝਦੇ ਹਨ ਕਿ ਅਤਿਵਾਦ ਸਾਰਿਆਂ ਲਈ ਵੱਡੀ ਚੁਣੌਤੀ ਹੈ ਅਤੇ ਸਾਂਝੀ ਜ਼ਿੰਮੇਵਾਰੀ ਹੈ ਕਿ ਅਸੀਂ ਸਾਰੇ ਮਿਲ ਕੇ ਕੰਮ ਕਰੀਏ।''

ਉਨ੍ਹਾਂ ਕਿਹਾ ਕਿ ਸਾਰੇ ਮੁਲਕਾਂ ਨੂੰ ਤਾਲਮੇਲ ਬਣਾ ਕੇ ਜਾਣਕਾਰੀ ਸਾਂਝੀ ਕਰਨੀ ਚਾਹੀਦੀ ਹੈ ਕਿਉਂਕਿ ਇਸਲਾਮਿਕ ਸਟੇਟ ਖ਼ਿਲਾਫ਼ 62 ਮੁਲਕ ਹਨ ਅਤੇ ਸਾਰੇ ਰਲ ਕੇ ਇਸ ਚੁਣੌਤੀ ਦਾ ਸਾਹਮਣਾ ਕਰਨ। ਸ੍ਰੀ ਕਿਰਬੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੂੰ ਪੂਰਾ ਅਧਿਕਾਰ ਹੈ ਕਿ ਉਹ ਆਪਣੇ ਮੁਲਕ ਅਤੇ ਲੋਕਾਂ ਦੀ ਸੁਰੱਖਿਆ ਪ੍ਰਤੀ ਚਿੰਤਾ ਜ਼ਾਹਰ ਕਰਨ।



SANDHU
IMMIGRATION CONSULTANT
Passports, Visas, Green Cards, Notary, Immigration Forms Citizenship, Study Visas, Family Immigration Visas
WE OPEN 7-DAYS A WEEK
MANDEEP SANDHU
msandhu2014@gmail.com
SANDHU
Tours And Travels
(CST# 2122162-50)
Note: I am not an Immigration Attorney.
Email: sandhutat@gmail.com.
"We sell International and Domestic Airline Tickets on Low Airfares"
(209-373-3562)
3222 PENELOPE DR.
STOCKTON, CA- 95212
(NEAR HWY 99 ON MORADA LANE)

AAA AUTO AND BODY WORKS
We Do Complete Engine Transmission, Body and Paint Work We Sell Used Cars at a Good Price

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
Free Estimates Free Towing

Prop: Jasbir Singh Takhar
510-755-2132
510- 733- 2222
1421 Industrial PKWY West#F Hayward, CA 94544
Harmandeep Singh






GR Video Production
Where precious moments are captured
Gurinder Purewal
Videographer/Photographer

grvideoproductionOl@gmail.com
www.grvideoproduction.com
For bookings. Call (510) 921-6626 or Kash Fabrics (510) 538-1138

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Only For $5
Super Eyebrow Threading Now Open
Eyebrow Threading & Henna Tattoo
7 times, Get the 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916- 396-8939
916-338-5511
Email: IndiaMarketRoseville@gmail.com


Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਵ ਵੀਵ ਡੀਵ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (415) 706-7027
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਗੁਰੂ ਮਾਨਿਓ ਗ੍ਰੰਥ ਚੇਤਨਾ ਸਮਾਗਮ

## ਰਣਜੀਤ ਸਿੰਘ ਜੀ ਖਾਲਸਾ ਢੱਡਰੀਆਂ ਵਾਲਿਆਂ

ਵੱਲੋਂ ਧਾਰਮਿਕ ਦੀਵਾਨ
ਗੁਰੂ ਮਾਨਿਓ ਗ੍ਰੰਥ ਚੇਤਨਾ ਸਮਾਗਮ
ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ

22 ਅਗਸਤ ਸ਼ਨਿਚਰਵਾਰ ਸਵੇਰੇ 7 ਤੋਂ 10 ਵਜੇ ਤੱਕ
23 ਅਗਸਤ ਐਤਵਾਰ ਸਵੇਰੇ 11 ਤੋਂ 2 ਵਜੇ ਤੱਕ

3636 Murillo Avenue San Jose CA 95148

**Bhupinder Singh Dhillon (Bob)**
**408-568-0034**
**Pritam Singh Grewal**
**408-406-0703**



parmeshar.tv /emmpeepta /parmeshardwar /parmeshar_dwar_trust

# ਗੁਰਦੁਆਰਾ ਸਾਹਿਬ ਸੈਨਹੋਜ਼ੇ ਦੀਆਂ 30 ਅਗਸਤ ਨੂੰ ਹੋ ਰਹੀਆਂ ਚੋਣਾਂ ਲਈ ਮੌਜੂਦਾ ਪ੍ਰਬੰਧਕ ਕਮੇਟੀ ਦੇ ਉਮੀਦਵਾਰ

## ਪ੍ਰੀਤਮ ਸਿੰਘ ਗਰੇਵਾਲ

ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ
ਮੌਜੂਦਾ ਕਮੇਟੀ ਦੇ ਮੈਂਬਰਾਂ/ਅਹੁਦੇਦਾਰਾਂ ਨੂੰ
ਸਾਡੀਆਂ ਪਿਛਲੇ ਸਮੇਂ ਦੀਆਂ ਸੇਵਾਵਾਂ ਨੂੰ
ਦੇਖਦਿਆਂ ਇਕ ਵਾਰ ਫਿਰ ਸੇਵਾ ਦਾ ਮੌਕਾ ਦਿਓ।



ਮੌਜੂਦਾ ਪ੍ਰਬੰਧਕ ਕਮੇਟੀ ਦੇ ਉਮੀਦਵਾਰ ਸ. ਪ੍ਰੀਤਮ ਸਿੰਘ ਗਰੇਵਾਲ (408) 406-0703

# 22 ਪੰਜਾਬੀ ਨੌਜਵਾਨ ਜੇਲ ਵਿਚੋਂ ਰਿਹਾਅ- 68 ਅਜੇ ਵੀ ਨਜਰਬੰਦ-ਸਤਨਾਮ ਸਿੰਘ ਚਾਹਲ

**ਮਿਆਮੀ (ਫਲੋਰਿਡਾ ਸਟੇਟ)** ਪਿਛਲੇ ਕਾਫੀ ਦਿਨਾਂ ਤੋਂ ਕਰੋਮ ਸਰਵਿਸ ਸੈਂਟਰ ਮਿਆਮੀ ਫਲੋਰਿਡਾ ਸਟੇਟ ਦੀ ਜੇਲ ਵਿਚ ਨਜਰਬੰਦ 22 ਪੰਜਾਬੀ ਨੌਜਵਾਨ ਪਿਛਲੇ ਦਿਨੀਂ ਰਿਹਾਅ ਹੋ ਗਏ ਹਨ।ਇਸ ਗਲ ਦੀ ਜਾਣਕਾਰੀ ਦਿੰਦਿਆਂ ਅਜ ਇਥੇ ਪਿਛਲੇ ਕਾਫੀ ਦਿਨਾਂ ਤੋਂ ਇਹਨਾਂ ਨੌਜਵਾਨਾਂ ਦੀ ਰਿਹਾਈ ਲਈ ਯਤਨ ਕਰ ਰਹੇ ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ (ਨਾਪਾ) ਦੇ ਕਾਰਜਕਾਰੀ ਡਾਇਰੈਕਟਰ ਸ: ਸਤਨਾਮ ਸਿੰਘ ਚਾਹਲ ਨੇ ਦਸਿਆ ਕਿ ਜਿਹੜੇ 22 ਪੰਜਾਬੀ ਨੌਜਵਾਨ ਅਜ ਰਿਹਾਅ ਹੋਏ ਹਨ ਉਹਨਾਂ ਵਿਚੋਂ ਬਹੁਤ ਸਾਰੇ ਆਪੋ ਆਪਣੇ ਰਿਸ਼ਤੇਦਾਰਾਂ ਕੋਲ ਪਹੁੰਚ ਚੁਕੇ ਹਨ ਜਦਕਿ ਬਾਕੀ ਨੌਜਵਾਨਾਂ ਨੂੰ ਗੁਰੂਦੁਆਰਾ ਸਾਹਿਬ ਮਿਆਮੀ ਵਿਖੇ ਲਿਆਂਦਾ ਗਿਆ ਹੈ। ਉਹਨਾਂ ਦਸਿਆ ਕਿ ਇਹ ਪੰਜਾਬੀ ਨੌਜਵਾਨ ਆਪਣੀ ਮੰਗਾਂ ਦੇ ਸਮੱਰਥਨ ਵਿਚ ਰੋਸ ਵਜੋਂ ਜੇਲ ਅੰਦਰ ਹੀ ਭੁਖ ਹੜਤਾਲ ਤੇ ਬੈਠੇ ਸਨ। ਸ: ਚਾਹਲ ਨੇ ਦਸਿਆ ਕਿ ਜਿਸ ਵਕਤ ਇਹਨਾਂ ਨੌਜਵਾਨਾਂ ਨੇ ਉਹਨਾਂ ਨਾਲ ਸੰਪਰਕ ਕਾਇਮ ਕੀਤਾ ਤਾਂ ਉਸ ਸਮੇਂ ਤੋਂ ਹੀ ਉਹ ਲਗਾਤਾਰ ਇੰਮੀਗਰੇਸ਼ਨ ਤੇ ਕਸਟਮ ਇੰਨ-ਫੋਰਸਮੈਂਟ (ਆਈ. ਸੀ. ਈ) ਵਿਭਾਗ ਦੇ ਉਚ ਅਧਿਕਾਰੀਆਂ ਨਾਲ ਲਗਾਤਾਰ ਸੰਪਰਕ ਬਣਾ ਕੇ ਰਖੇ ਹੋਏ ਸਨ ਜਿਸ ਕਾਰਣ ਅਜ ਉਹਨਾਂ ਸਾਰਿਆਂ ਨੂੰ ਬਾਂਡ ਲੈ ਕੇ ਰਿਹਾ ਕਰ ਦਿਤਾ ਗਿਆ ਹੈ। ਸ: ਚਾਹਲ ਨੇ ਦਸਿਆ ਕਿ ਜਿਹੜੇ ਪੰਜਾਬੀ ਨੌਜਵਾਨਾਂ ਦੀ ਸੂਚੀ ਉਹਨਾਂ ਨੇ ਵਿਭਾਗ ਨੂੰ ਰਿਹਾਈ ਲਈ ਭੇਜੀ ਸੀ ਉਹਨਾਂ ਵਿਚੋਂ ਇਕ ਪੰਜਾਬੀ ਨੌਜਵਾਨ ਅਜੇ ਵੀ ਇਸ ਜੇਲ ਵਿਚ ਨਜਰਬੰਦ ਹੈ। ਸ: ਚਾਹਲ ਨੇ ਇਹਨਾਂ ਨੌਜਵਾਨਾਂ ਦੀ ਰਿਹਾਈ ਉਪਰ ਆਪਣੀ ਖੁਸ਼ੀ ਦਾ ਪਰਗਟਾਵਾ ਕਰਦਿਆਂ ਕਿਹਾ ਕਿ ਇਹ ਗਲ ਬੜੀ ਬਦਕਿਸਮਤੀ ਵਾਲੀ ਹੈ ਕਿ ਪੰਜਾਬ ਅੰਦਰ ਗੈਰ ਕਨੂੰਨੀ ਮਨੁਖੀ ਤਸਕਰੀ ਨੂੰ ਰੋਕਣ ਲਈ ਦੋ ਬੜੇ ਸਖਤ ਕਨੂੰਨ ਤਾਂ ਬਣੇ ਹੋਏ ਹੋਏ ਹਨ ਪਰ ਇਹਨਾਂ ਕਨੂੰਨਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ ਜਿਸ ਕਾਰਣ ਅਜ ਵੀ ਕਰੋੜਾਂ ਰੂਪੈ ਦਾ ਕਾਰੋਬਾਰ ਗੈਰ ਮਨੁਖੀ ਤਸਕਰਾਂ ਵਲੋਂ ਕੀਤਾ ਰਿਹਾ ਹੈ ਜਿਸ ਨੇ ਪੰਜਾਬ ਦੇ ਨੌਜਵਾਨਾਂ ਤੇ ਉਹਨਾਂ ਦੇ ਪਰਿਵਾਰਾਂ ਨੂੰ ਆਰਥਿਕ ਤੌਰ ਤੇ ਤਬਾਹ ਕਰਕੇ ਕੇ ਰਖ ਦਿਤਾ ਹੈ।

ਸ: ਚਾਹਲ ਨੇ ਦਸਿਆ ਕਿ ਭਾਵੇਂ ਪੰਜਾਬ ਦੇ ਇਹ ਨੌਜਵਾਨ ਜੇਲ ਵਿਚੋਂ ਰਿਹਾ ਹੋ ਗਏ ਹਨ ਪਰ ਉਹਨਾਂ ਦਾ ਭਵਿਖ ਅਜੇ ਕਈ ਸਾਲ ਹੋਰ ਅੰਧੇਰੇ ਵਿਚ ਰਹੇਗਾ ਜਿਸ ਕਾਰਣ ਉਹਨਾਂ ਨੂੰ ਬਹੁਤ ਸਖਤ ਮੁਸ਼ਕਲਾਂ ਦਾ ਸਾਹਮਣਾ ਵੀ ਕਰਨਾ ਪਵੇਗਾ। ਸ: ਚਾਹਲ ਨੇ ਪੰਜਾਬ ਦੇ ਵਿਦੇਸ਼ ਆਉਣ ਦੇ ਚਾਹਵਾਨ ਪੰਜਾਬੀ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਕਨੂੰਨੀ ਰਸਤੇ ਰਾਹੀਂ ਹੀ ਵਿਦੇਸ਼ ਪਹੁੰਚਣ।


ਰਿਹਾ ਹੋ ਕੇ ਆਉਣ ਵਾਲੇ ਕੁਝ ਨੌਜਵਾਨ ਗੁਰੂਦੁਆਰਾ ਸਾਹਿਬ ਮਿਆਮੀ ਵਿਖੇ ਬੈਠੇ ਵਿਖਾਈ ਦੇ ਰਹੇ ਹਨ।

# 68 ਪੰਜਾਬੀ ਨੌਜਵਾਨ ਅਜੇ ਵੀ ਅਮਰੀਕਾ ਦੀ ਜੇਲ ਵਿਚ ਨਜਰਬੰਦ

ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ (ਨਾਪਾ) ਵਲੋਂ ਅਮਰੀਕਾ ਦੀਆਂ ਵੱਖ ਵੱਖ ਜੇਲਾਂ ਵਿਚ ਨਜਰਬੰਦ ਪੰਜਾਬੀ ਨੌਜਵਾਨਾਂ ਦਾ ਪਤਾ ਲਗਾਉਣ ਲਈ ਆਰੰਭ ਕੀਤੀ ਗਈ ਮੁਹਿੰਮ ਦੌਰਾਨ ਪਤਾ ਲਗਾ ਹੈ ਕਿ 68 ਪੰਜਾਬੀ ਨੌਜਵਾਨ ਅਜੇ ਵੀ ਨਾਰਥ ਵੈਸਟ ਡਟਿੰਨਸ਼ਨ ਸੈਂਟਰ ਟਾਕੋਮਾ (ਸਿਆਟਲ) ਵਿਚ ਇੰਮੀਗਰੇਸ਼ਨ ਐਂਡ ਕਸਟਮ ਇਨਫਰਸਮੈਂਟ ਵਿਭਾਗ ਵਲੋਂ ਠੇਕੇ ਉਪਰ ਦਿਤੀ ਗਈ ਜੇਲ ਵਿਚ ਨਜਰਬੰਦ ਹਨ।ਇਸ ਗਲ ਦੀ ਜਾਣਕਾਰੀ ਦਿੰਦਿੰਆਂ ਨਾਪਾ ਦੇ ਕਾਰਜਕਾਰੀ ਡਾਇਰੈਕਟਰ ਸ: ਸਤਨਾਮ ਸਿੰਘ ਚਾਹਲ ਨੇ ਅਜ ਇਥੇ ਦਸਿਆ ਕਿ ਜੇਲਾਂ ਵਿਚ ਨਜਰਬੰਦ ਪੰਜਾਬੀ ਨੌਜਵਾਨਾਂ ਦਾ ਪਤਾ ਲਗਾਉਣ ਲਈ ਆਰੰਭ ਕੀਤੀ ਗਈ ਮੁਹਿੰਮ ਦੌਰਾਨ ਇੰਮੀਗਰੇਸ਼ਨ ਐਂਡ ਕਸਟਮ ਇੰਨਫੋਰਸਮੈਂਟ (ਆਈ. ਸੀ. ਈ) ਵਿਭਾਗ ਵੈਸਟਰਨ ਰਿਜਨਲ ਕਮਿਊਨੀਕੇਸ਼ਨ ਡਾਇਰੈਕਟਰ ਵਰਜਿਨੀਆ ਕਾਈਸ ਨੇ ਉਹਨਾਂ ਨੂੰ ਈ.ਮੇਲ ਰਾਹੀਂ ਲਿਖਤੀ ਜਾਣਕਾਰੀ ਭੇਜੀ ਹੈ ਕਿ 68 ਭਾਰਤੀ ਮੂਲ ਦੇ ਨਾਗਰਿਕ ਜਿਹਨਾਂ ਵਿਚੋਂ ਜਿਆਦਾ ਪੰਜਾਬ ਨਾਲ ਸਬੰਧ ਰਖਣ ਵਾਲੇ ਹਨ ਅਜੇ ਵੀ ਨਾਰਥ ਵੈਸਟ ਡਟਿੰਨਸ਼ਨ ਸੈਂਟਰ ਟਾਕੋਮਾ (ਸਿਆਟਲ) ਵਿਚ ਨਜਰਬੰਦ ਹਨ ਜਿਹਨਾਂ ਵਿਚੋਂ ਲਗਭਗ ਅਧੇ ਕੈਦੀ ਕੇਵਲ 30 ਦਿਨ ਪਹਿਲੇ ਹੀ ਗਰਿਫਤਾਰ ਕੀਤੇ ਗਏ ਸਨ। ਲੇਕਿਨ ਇਹਨਾਂ ਵਿਚੋਂ ਬਹੁਤੇ ਕੈਦੀ ਇਕ ਸਾਲ ਤੋਂ ਵੀ ਜਿਆਦਾ ਸਮੇਂ ਤੋਂ ਨਜਰਬੰਦ ਹਨ।ਇਸ ਤਰਾਂ ਇਹਨਾਂ ਨਜਰਬੰਦਾਂ ਦੀ ਗਰਿਫਤਾਰੀ ਵੱਖ ਵੱਖ ਸਮੇਂ ਤੇ ਹੀ ਹੋਈ ਹੈ। ਸ: ਚਾਹਲ ਨੇ ਦਸਿਆ ਕਿ ਨਾਰਥ ਅਮਰੀਨ ਪੰਜਾਬੀ ਐਸੋਸ਼ੀਏਸ਼ਨ (ਨਾਪਾ) ਆਪਣੇ ਸੀਮਤ ਸਾਧਨਾਂ ਰਾਹੀਂ ਪਹਿਲਾਂ ਵੀ ਅਜਿਹੇ ਨਜਰਬੰਦਾਂ ਦੀ ਮਦਦ ਕਰਦੀ ਆ ਰਹੀ ਹੈ ਤੇ ਭਵਿਖ ਵਿਚ ਵੀ ਕਰਦੀ ਰਹੀ ਰਹੇਗੀ। ਸ: ਚਾਹਲ ਨੇ ਇਸ ਗਲ ਉਪਰ ਦੁਖ ਪਰਗਟ ਕੀਤਾ ਕਿ ਅਮਰੀਕਾ ਅੰਦਰ ਸੈਂਕੜੇ ਅਜਿਹੀਆਂ ਸਿਖ ਸੰਸਥਾਵਾਂ ਹਨ ਜਿਹਨਾਂ ਕੋਲ ਅਣਗਿਣਤ ਸਾਧਨ ਹਨ ਪਰ ਇਹ ਸੰਸਥਾਵਾਂ ਕਦੇ ਵੀ ਅਜਿਹੇ ਲੋਕਾਂ ਦੀ ਮਦਦ ਕਰਨ ਵਿਚ ਕੁਝ ਕਰ ਸਕਣ ਲਈ ਅਣਦਸੇ ਕਾਰਣਾਂ ਕਰਕੇ ਅਸਮਰਥ ਕਿਉਂ ਰਹਿੰਦੀਆਂ ਹਨ।


ਜੇਲ ਅੰਦਰ ਨਜਰਬੰਦ ਪੰਜਾਬੀ ਨੌਜਵਾਨ ਅਰਦਾਸ ਵਿਚ ਭਾਗ ਲੈਂਦੇ ਹੋਏ

# ਆਸਕਰ (ਨਾਰਵੇ) ’ਚ ਆਜਾਦ ਸਪੋਰਟਸ ਕੱਲਬ ਵੱਲੋ ਸ਼ਾਨਦਾਰ ਸਮਰ ਮੇਲਾ ਕਰਵਾਇਆ ਗਿਆ

**ਆਸਕਰ (ਰੁਪਿੰਦਰ ਢਿੱਲੋ ਮੋਗਾ)–** ਬੀਤੇ ਦਿਨੀਂ ਪੰਜਾਬੀ ਦੀ ਕਹਾਵਤ ਨੱਚਾਂ ਮੈ ਲੁਧਿਆਣੇ ਤੇ ਧਮਕ ਜਲੰਧਰ ਪੈਂਦੀ ਨੂੰ ਕੁੱਝ ਇਸ ਤਰਾ ਨਾਰਵੇ ਦੀਆਂ ਪੰਜਾਬਣਾਂ ਨੇ ਸੱਚ ਕੀਤਾ ਕਿ ਨੱਚਾਂ ਮੈਂ ਆਸਕਰ ਤੇ ਧਮਕ ਮੇਰੇ ਪਿੰਡ ਪੈਂਦੀ ਨੂੰ ਸੱਚ ਕਰਦਿਆਂ ਇੱਕ ਸ਼ਾਨਦਾਰ ਸਮਰ ਮੇਲਾ ਤੇ ਤੀਆ ਨੂੰ ਸਮਰਪਿਤ ਇਕੱਠ ਦਾ ਆਯੋਜਨ ਆਜ਼ਾਦ ਸਪੋਰਟਸ ਕਲਚਰਲ ਕਲੱਬ ਵੱਲੋਂ ਆਸਕਰ ਦੇ ਬੋਰਗਨ ਸਕੂਲ ਦੀਆ ਗਰਾਊਡਾਂ ਵਿੱਚ ਕਰਵਾਇਆ ਗਿਆ। ਜਿਸ ਵਿੱਚ ਆਸਕਰ, ਹੈਗੇਦਾਲ, ਤਰਾਨਬੀ, ਲੀਅਰ, ਦਰਾਮਨ, ਸੰਨਦ-ਵੀਕਾ, ਓਸਲੋ ਇਲਾਕੇ ਤੋ ਭਾਰੀ ਸੰਖਿਆ ਵਿੱਚ ਪੰਜਾਬਣ ਮੁਟਿਆਰਾਂ ਨੇ ਹਿੱਸਾ ਲਿਆ ਅਤੇ ਰਲ ਮਿੱਲ ਇਕੱਠੇ ਹੋ ਗਿੱਧਾ ਪਾ ਤੀਆ ਦੇ ਤਿਉਹਾਰ ਨੂੰ ਮਨਾਇਆ। ਨਾਰਵੇ ਵਿੱਚ ਜੰਮੀਆਂ ਪੱਲੀਆਂ ਜਵਾਨ ਲੜਕੀਆਂ ਵੀ ਕਿਸੇ ਗੱਲੋਂ ਮਗਰ ਨਹੀਂ ਸਨ, ਆਪਣੀਆਂ ਮਾਂਵਾਂ ਭੈਣਾਂ, ਚਾਚੀਆਂ, ਮਾਸੀਆਂ ਨੂੰ ਵੇਖ ਉਹ ਵੀ ਗਿੱਧੇ ਪਾਉਣ ਚ ਕਿੱਸੇ ਤੋ ਪਿੱਛੇ ਨਹੀਂ ਰਹੀਆਂ। ਪੰਜਾਬੀ ਸੂਟਾ ਅਤੇ ਰੰਗ ਬਿਰੰਗੀਆ ਪਟਿਆਲਾ ਸ਼ਾਹੀ ਪਰਾਂਦੀਆਂ ਚ ਸੱਜੀਆਂ ਮੁਟਿਆਰਾਂ ਨੂੰ ਵੇਖ ਇਹ ਨਾਰਵੇ ਨਾ ਹੋ ਪੰਜਾਬ ਦਾ ਮਾਹੌਲ ਜਾਪ ਰਿਹਾ ਸੀ। ਇਸ ਪ੍ਰੋਗਰਾਮ ਦਾ ਸਾਰਾ ਪ੍ਰਬੰਧ ਆਜ਼ਾਦ ਸਪੋਰਟਸ ਕਲਚਰਲ ਕਲੱਬ ਦੇ ਮਰਦ ਅਤੇ ਔਰਤ ਮੈਂਬਰਾਂ ਵੱਲੋਂ ਕੀਤਾ ਗਿਆ। ਪ੍ਰੋਗਰਾਮ ਵਿੱਚ ਚਾਹ ਪਾਣੀ ਜਲੇਬੀਆਂ ਪਕੌੜਿਆਂ ਤੋ ਇਲਾਵਾ ਆਯੋਜਕਾਂ ਵੱਲੋਂ ਸ਼ਾਮ ਦੇ ਖਾਣੇ ਦਾ ਵੀ ਸੋਹਣਾ ਪ੍ਰਬੰਧ ਕੀਤਾ ਗਿਆ। ਜਿੱਥੇ ਔਰਤਾਂ ਵੱਲੋਂ ਰਲ ਮਿਲ ਗਿੱਧਾ ਪਾ ਖੁਸ਼ੀ ਦਾ ਇਜ਼ਹਾਰ ਕੀਤਾ, ਉਥੇ ਹੀ ਗੱਭਰੂ ਟੋਲੀਆਂ ਬਣਾ ਗੱਲਾ ਬਾਤਾਂ ਚ ਮਸਰੂਫ ਰਹੇ। 4-5 ਘੰਟੇ ਚੱਲੇ ਇਸ ਪ੍ਰੋਗਰਾਮ ਦੇ ਆਖਿਰ ਚ ਲਾਟਰੀ ਸਿਸਟਮ ਦੇ ਜ਼ਰੀਏ ਇਨਾਮ ਕੱਢੇ ਗਏ। ਇਸ ਪ੍ਰੋਗਰਾਮ ਨੂੰ ਕਰਵਾਉਣ ਦਾ ਸਿਹਰਾ ਕਲੱਬ ਦੇ ਪ੍ਰਧਾਨ ਸ੍ਰ ਜੋਗਿੰਦਰ ਸਿੰਘ ਬੈਂਸ (ਤੱਲਣ), ਸੈਕਟਰੀ ਸੁਖਦੇਵ ਸਿੰਘ ਸਲੇਮਸਤਾਦ, ਕੈਸੀਅਰ ਜਤਿੰਦਰਪਾਲ ਸਿੰਘ ਬੈਸ, ਕੈਸੀਅਰ ਕੁਲਦੀਪ ਸਿੰਘ ਵਿਰਕ, ਗੁਰਦੀਪ ਸਿੰਘ ਸਿੱਧੂ, ਗੁਰਦਿਆਲ ਸਿੰਘ, ਸ੍ਰ ਜਸਵੰਤ ਸਿੰਘ ਬੈਂਸ, ਕਲੱਬ ਦੇ ਸਾਰੇ ਐਕਟਿਵ ਮੈਂਬਰ ਕੁਲਵਿੰਦਰ ਸਿੰਘ ਰਾਣਾ, ਡਿੰਪੀ ਗਿੱਲ, ਜਸਪ੍ਰੀਤ ਸੋਨੂੰ, ਸ੍ਰ ਹਰਦੀਪ ਸਿੰਘ ਲੀਅਰ, ਪ੍ਰਿਤਪਾਲ ਸਿੰਘ, ਰਾਣਾ ਤਰਾਨਬੀ, ਮਨਵਿੰਦਰ, ਸ਼ਰਮਾ ਜੀ ਆਸਕਰ, ਰਾਜੇਸ, ਬਿੱਲੂ, ਸਾਬਾ, ਬੋਬੀ, ਹੈਪੀ, ਪ੍ਰੀਤ,ਸੰਨੀ, ਰਵਿੰਦਰ ਗਰੇਵਾਲ, ਰੁਪਿੰਦਰ ਢਿੱਲੋ ਆਦਿ ਨੂੰ ਜਾਦਾ ਹੈ। ਪ੍ਰੋਗਰਾਮ ਸਮਾਪਤੀ ਵੇਲੇ ਮੇਲੇ ਦੀ ਪ੍ਰਬੰਧਕੀ ਟੀਮ ਵੱਲੋਂ ਹਰ ਇੱਕ ਦਾ ਤਹਿ ਦਿੱਲੋ ਧੰਨਵਾਦ ਕੀਤਾ ਗਿਆ।






# ਜੋਗਿੰਦਰ ਸਿੰਘ ਮਾਨ ਭਗਵਾਨ ਵਾਲਮੀਕ ਟੈਂਪਲ ’ਚ ਨਤਮਸਤਕ ਹੋਏ

**ਯੂਬਾ ਸਿਟੀ–** ਬੀਤੇ ਦਿਨੀਂ ਹਫਤਾਵਾਰੀ ਪ੍ਰੋਗਰਾਮ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ ਵਿਖੇ ਹੋਇਆ, ਜਿਸ ਵਿਚ ਸ: ਜੋਗਿੰਦਰ ਸਿੰਘ ਮਾਨ ਸਾਬਕਾ ਪੀ. ਡਬਲਿਊ. ਡੀ. ਮੰਤਰੀ ਪੰਜਾਬ ਸਰਕਾਰ ਨੇ ਵਿਸ਼ੇਸ਼ ਤੌਰ ’ਤੇ ਹਾਜ਼ਰੀ ਲਗਵਾਈ। ਜਿੱਥੇ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. ਕੈਲੇਫੋਰਨੀਆ ਵੱਲੋਂ ਸ: ਮਾਨ ਸਾਹਿਬ ਨੂੰ ਯੂ. ਐਸ. ਏ. ਵਿਚ ਆਉਣ ਤੇ ਜੀ ਆਇਆਂ ਕਿਹਾ ਅਤੇ ਸਭਾ ਵੱਲੋਂ ਉਹਨਾਂ ਨੂੰ ਸਿਰੋਪਾਓ ਅਤੇ ਮੋਮੈਂਟੋ ਦੇ ਕੇ ਸਨਮਾਨਿਤ ਵੀ ਕੀਤਾ ਗਿਆ, ਜਿਸ ਵਿਚ ਸ੍ਰੀ ਸੋਹਣ ਲਾਲ ਸਹੋਤਾ, ਬ੍ਰਿਜ ਭੂਸ਼ਣ ਸਲਹੋਤਰਾ, ਗੁਰਪਾਲ ਸਿੰਘ, ਵਿਨੋਦ ਗਿੱਲ, ਕੇਵਲ ਸਿੱਧੂ ਆਦਿ ਨੇ ਸੰਗਤਾਂ ਨੂੰ ਸੰਬੋਧਿਤ ਕੀਤਾ। ਸ੍ਰੀ ਅਮਰਜੀਤ ਸਿੰਘ ਲਾਲੀ ਨੇ ਵਾਲਮੀਕ ਜੀ ਦੀ ਉਪਮਾ ਵਿਚ ਸ਼ਬਦ ਗਾਇਨ ਕੀਤਾ। ਉਹਨਾਂ ਦੇ ਨਾਲ ਸਟੇਜ ਤੇ ਸੋਨੀ ਧਾਲੀਵਾਲ, ਪਰਦੀਪ ਗਿੱਲ ਅਤੇ ਅੰਮ੍ਰਿਤਪਾਲ ਨੇ ਸਜ਼ਾ



ਨਾਲ ਸਹਿਯਗੋ ਕੀਤਾ। ਸਭਾ ਦੇ ਵਾਈਸ ਪ੍ਰਧਾਨ ਸੰਤੋਖ ਸਿੰਘ ਗਿੱਲ ਵੱਲੋਂ ਸਟੇਜ ਸਕੱਤਰ ਦੀ ਭੂਮਿਕਾ ਨਿਭਾਉਂਦੇ ਹੋਏ ਮਾਨ ਸਾਹਿਬ ਨੂੰ ਪੰਜਾਬ ਦੇ ਅਨੁਸੂਚਿਤ ਜਾਤੀ ਦੇ ਲੋਕਾਂ ਦੀਆਂ ਸਮੱਸਿਆਵਾਂ ਬਾਰੇ ਬਹੁਤ ਕੁਝ ਸਾਂਝਾ ਕੀਤਾ ਅਤੇ ਬੇਨਤੀ ਕੀਤੀ ਕਿ ਤੁਹਾਡੀ (ਕਾਂਗਰਸ) ਪਾਰਟੀ ਇਹਨਾਂ ਲੋਕਾਂ ਦੇ ਹੱਕਾਂ ਲਈ ਕੀ ਕਰਦੀ ਹੈ, ਜਿਸ ਦੇ ਮਾਨ ਸਾਹਿਬ ਨੇ ਸਪਸ਼ਟ ਸ਼ਬਦਾਂ ’ਚ ਪਾਰਟੀ ਦੀ ਪਾਲਸੀ ਬਾਰੇ ਦੱਸਿਆ ਅਤੇ ਨਾਲ ਹੀ ਭਗਵਾਨ ਵਾਲਮੀਕ ਜੀ ਦੇ ਚਰਨਾਂ ਨਾਲ ਸਮੁੱਚੀ ਕੌਮੀ ਨੂੰ ਜੁੜਨ ਦੀ ਅਪੀਲ ਵੀ ਕੀਤੀ ਗਈ। ਮਾਨ ਸਾਹਿਬ ਨੇ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੇ ਪਾਏ ਪੂਰਨਿਆਂ ’ਤੇ ਚੱਲਣ ਦੀ ਵੀ ਅਪੀਲ ਕੀਤੀ। ਪ੍ਰੋਗਰਾਮ ਦੇ ਅੰਤ ਵਿਚ ਸਭਾ ਦੇ ਪ੍ਰਧਾਨ ਸ੍ਰੀ ਪ੍ਰੇਮ ਸੌਂਧੀ ਵੱਲੋਂ ਸ: ਜੋਗਿੰਦਰ ਸਿੰਘ ਮਾਨ ਅਤੇ ਸਮੂਹ ਸੰਗਤਾਂ ਨੂੰ ਜੀ ਆਇਆਂ ਕਿਹਾ ਅਤੇ ਧੰਨਵਾਦ ਵੀ ਕੀਤਾ ਗਿਆ। ਲੰਗਰ ਅਤੁੱਟ ਚੱਲਦਾ ਰਿਹਾ। ਸ: ਜੋਗਿੰਦਰ ਸਿੰਘ ਮਾਨ ਦਾ ਸਨਮਾਨ ਨੌਜ਼ਵਾਨ ਸ਼ਹੀਦ ਬਾਬਾ ਜੀਵਨ ਸਿੰਘ ਸਭਾ ਵੱਲੋਂ ਵੀ ਵਿਸ਼ੇਸ਼ ਤੌਰ ’ਤੇ ਕੀਤਾ ਗਿਆ। ਪ੍ਰੈਸ ਨੂੰ ਇਹ ਜਾਣਕਾਰੀ ਸਭਾ ਦੇ ਪ੍ਰਧਾਨ ਪ੍ਰੇਮ ਸੌਂਧੀ ਜੀ ਵੱਲੋਂ ਦਿੱਤੀ ਗਈ।

# ਹੁਣ ਸੜਕੀ ਨੈੱਟਵਰਕ ਨਿਰਮਾਣ ਵਿੱਚ ਮੋਹਰੀ ਬਣੇਗਾ ਪੰਜਾਬ: ਸੁਖਬੀਰ

ਬਠਿੰਡਾ– ਉਪ ਮੁੱਖ ਮੰਤਰੀ ਪੰਜਾਬ ਸੁਖਬੀਰ ਸਿੰਘ ਬਾਦਲ ਨੇ ਆਜ਼ਾਦੀ ਦਿਹਾੜੇ ਮੌਕੇ ਆਖਿਆ ਕਿ ਬਿਜਲੀ ਸੈਕਟਰ ਵਿੱਚ ਆਤਮ ਨਿਰਭਰ ਹੋਣ ਮਗਰੋਂ ਹੁਣ ਪੰਜਾਬ ਸੜਕੀ ਨੈੱਟਵਰਕ ਨਿਰਮਾਣ ਵਿੱਚ ਦੇਸ਼ ਦਾ ਮੋਹਰੀ ਸੂਬਾ ਬਣਨ ਜਾ ਰਿਹਾ ਹੈ ਕਿਉਂਕਿ ਪੰਜਾਬ ਵਿੱਚ ਸੜਕਾਂ ਨੂੰ 4 ਅਤੇ 6 ਲੇਨ ਕਰਨ ਦੇ ਪ੍ਰਾਜੈਕਟ ਜੰਗੀ ਪੱਧਰ ’ਤੇ ਚੱਲ ਰਹੇ ਹਨ। ਇੱਥੇ ਬਹੁਮੰਤਵੀ ਖੇਡ ਸਟੇਡੀਅਮ ਵਿਖੇ 69ਵੇਂ ਸੁਤੰਤਰਤਾ ਦਿਵਸ ਮੌਕੇ ਤਿਰੰਗਾ ਲਹਿਰਾਉਣ ਤੋਂ ਬਾਅਦ ਉਨ੍ਹਾਂ ਆਖਿਆ ਕਿ ਅਗਲੇ ਡੇਢ ਸਾਲ ਵਿੱਚ ਸੂਬੇ ਦੇ ਸਾਰੇ ਲੋਕਾਂ ਨੂੰ 100 ਫੀਸਦੀ ਬੁਨਿਆਦੀ ਸਹੂਲਤਾਂ ਉਪਲਬੱਧ ਕਰਵਾ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਜਲ ਸਪਲਾਈ, ਸੀਵਰੇਜ, ਸੀਵਰੇਜ ਟਰੀਟਮੈਂਟ ਪਲਾਂਟ, ਕੰਕਰੀਟ ਦੀਆਂ ਸੜਕਾਂ, ਸਟਰੀਟ ਲਾਈਟ, ਛੱਪੜਾਂ ਦੇ ਸੁਧਾਰ ਆਦਿ ਵਰਗੇ ਕੰਮਾਂ ਸਬੰਧੀ ਐਕਸ਼ਨ ਪਲਾਨ ਤਿਆਰ ਕਰ ਲਿਆ ਗਿਆ ਹੈ ਅਤੇ ਇਨ੍ਹਾਂ ਪ੍ਰਾਜੈਕਟਾਂ ਦਾ ਕੰਮ ਛੇਤੀ ਸ਼ੁਰੂ ਹੋ ਜਾਵੇਗਾ।

ਉਨ੍ਹਾਂ ਐਲਾਨ ਕੀਤਾ ਕਿ ਸਰਕਾਰ ਨੇ ਪਿੰਡਾਂ ਦੇ ਵਿਕਾਸ ਲਈ ਦਿਹਾਤੀ ਮਿਸ਼ਨ ਤਹਿਤ 6000 ਕਰੋੜ ਰੁਪਏ ਵੱਖਰੇ ਰੱਖੇ ਹਨ। ਇਸੇ ਤਰ੍ਹਾਂ ਖਾਲਿਆਂ ਅਤੇ ਸਿੰਜਾਈ ਨੈੱਟਵਰਕ ਦੇ ਪੁਨਰਨਿਰਮਾਣ ਲਈ 800 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ।



ਉਨ੍ਹਾਂ ਇਸ ਮੌਕੇ ਸਪਸ਼ਟ ਕੀਤਾ ਕਿ ਬਠਿੰਡਾ ਨਵੀਂ ਦਿੱਲੀ ਸ਼ਤਾਬਦੀ ਐਕਸਪ੍ਰੈਸ ਨੂੰ ਬੰਦ ਕਰਨ ਜਾਂ ਇਸ ਦੀ ਬਦਲੀ ਦਾ ਕੋਈ ਵਿਚਾਰ ਨਹੀਂ ਹੈ। ਇਸ ਸਬੰਧੀ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਰੇਲ ਮੰਤਰਾਲੇ ਨਾਲ ਸੰਪਰਕ ਕਰਕੇ ਇਸ ਮੁੱਦੇ ਨੂੰ ਹੱਲ ਕਰਵਾਉਣਗੇ। ਉਨ੍ਹਾਂ ਜ਼ਿਲਾ ਪੱਧਰੀ ਸਮਾਗਮ ਵਿੱਚ ਭਾਗ ਲੈਣ ਵਾਲੇ ਸਕੂਲਾਂ ਦੀ ਹੌਸਲਾ ਅਫ਼ਜ਼ਾਈ ਲਈ 2 ਲੱਖ ਰੁਪਏ ਦੀ ਰਾਸ਼ੀ ਦੇਣ ਦਾ ਐਲਾਨ ਕੀਤਾ। ਉਨ੍ਹਾਂ 17 ਅਗਸਤ ਨੂੰ ਵਿਦਿਅਕ ਅਦਾਰਿਆਂ ਵਿੱਚ ਛੁੱਟੀ ਦਾ ਐਲਾਨ ਵੀ ਕੀਤਾ। ਇਸ ਮੌਕੇ ਸ੍ਰੀ ਬਾਦਲ ਨੇ ਮਾਈ ਭਾਗੋ ਵਿੱਦਿਆ ਸਕੀਮ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮਾਲ ਰੋਡ ਬਠਿੰਡਾ ਦੀਆਂ 150 ਵਿਦਿਆਰਥਣਾਂ ਨੂੰ ਸਾਈਕਲਾਂ, 26 ਲੋੜਵੰਦ ਵਿਅਕਤੀਆਂ ਨੂੰ ਟ੍ਰਾਈਸਾਈਕਲਾਂ ਤੇ 28 ਨੂੰ ਸਿਲਾਈ ਮਸ਼ੀਨਾਂ ਵੀ ਭੇਟ ਕੀਤੀਆਂ। 125 ਵਿਅਕਤੀਆਂ ਨੂੰ ਵੱਖ-ਵੱਖ ਖੇਤਰਾਂ ਵਿਚ ਸ਼ਲਾਘਾਯੋਗ ਕਾਰਜਾਂ ਲਈ ਸਨਮਾਨਿਤ ਵੀ ਕੀਤਾ ਗਿਆ। ਉਨ੍ਹਾਂ ਸਵੱਛ ਪੰਜਾਬ ਤਹਿਤ ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੀਆਂ ਦੋ ਪੰਚਾਇਤਾਂ ਧਨ ਸਿੰਘ ਖੰਨਾ ਅਤੇ ਫੱਤਾ ਬਾਲੂ ਨੂੰ ਵੀ ਸਨਮਾਨਿਆ। ਇਸ ਮੌਕੇ ਹਲਕਾ ਵਿਧਾਇਕ ਸ੍ਰੀ ਦਰਸ਼ਨ ਸਿੰਘ ਕੋਟਫੱਤਾ, ਸਾਬਕਾ ਐਮ.ਪੀ. ਪਰਮਜੀਤ ਕੌਰ ਗੁਲਸ਼ਨ, ਡਿਪਟੀ ਕਮਿਸ਼ਨਰ ਡਾ. ਬਸੰਤ ਗਰਗ, ਏ.ਡੀ.ਜੀ.ਪੀ. ਰੋਹਿਤ ਚੌਧਰੀ, ਆਈ.ਜੀ. ਬਠਿੰਡਾ ਰੇਂਜ ਬੀ.ਕੇ. ਬਾਵਾ, ਡੀ.ਆਈ.ਜੀ. ਸ੍ਰੀ ਮੋਹਨੀਸ਼ ਚਾਵਲਾ, ਐਸ.ਐਸ.ਪੀ. ਸ੍ਰੀ ਇੰਦਰ ਮੋਹਨ ਸਿੰਘ ਭੱਟੀ, ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਸ੍ਰੀ ਜਗਦੀਪ ਸਿੰਘ ਨਕੱਈ ਤੋਂ ਇਲਾਵਾ ਹੋਰ ਸ਼ਖਸ਼ੀਅਤਾਂ ਵੀ ਹਾਜ਼ਰ ਸਨ।

# ‘ਲਰਨਿੰਗ ਟੂ ਡਰਾਈਵ’ ਸਿੱਖਾਂ ਬਾਰੇ ਭੁਲੇਖੇ ਦੂਰ ਕਰਨ ਵਿੱਚ ਹੋਵੇਗੀ ਸਹਾਈ

ਨਿਊਯਾਰਕ– ਫਿਲਮ ਗਾਂਧੀ ਵਿੱਚ ਯਾਦਗਾਰੀ ਕਿਰਦਾਰ ਨਿਭਾਉਣ ਵਾਲਾ ਆਸਕਰ ਪੁਰਸਕਾਰ ਜੇਤੂ ਅਦਾਕਾਰ ਸਰ ਬੇਨ ਕਿੰਗਸਲੇ ਤਿਨ ਦਹਾਕਿਆਂ ਤੋਂ ਬਾਅਦ ਹੁਣ ਇੱਕ ਫਿਲਮ ਦੇ ਵਿੱਚ ਨਿਊਯਾਰਕ ਦੇ ਇੱਕ ਟੈਕਸੀ ਡਰਾਈਵਰ ਦੇ ਕਿਰਦਾਰ ਵਿੱਚ ਨਜ਼ਰ ਅਉਣਗੇ, ਜੋ ਬਹੁਤ ਹੀ ਮਿੱਠ-ਬੋਲੜਾ ਸੱਜਣ ਹੈ। ਇਸ ਫਿਲਮ ਦੇ ਵਿੱਚ ਅਮਰੀਕਾ ਵਿੱਚ ਸਿੱਖ ਭਾਈਚਾਰੇ ਨੂੰ 9/11ਦੇ ਅਤਿਵਾਦੀ ਹਮਲੇ ਤੋਂ ਬਾਅਦ ਆਈਆਂ ਦਿੱਕਤਾਂ ਨੂੰ ਵੀ ਉਭਾਰਿਆ ਗਿਆ ਹੈ। ‘ਲਰਨਿੰਗ ਟੂ ਡਰਾਈਵ’ ਫਿਲਮ ਦੇ ਵਿੱਚ ਸਰ ਕਿੰਗਸਲੇ ਨੇ ਟੈਕਸੀ ਚਾਲਕ ਦਰਵਾਨ ਸਿੰਘ ਤੁਰ ਦਾ ਕਿਰਦਾਰ ਨਿਭਾਇਆ ਹੈ। ਇਹ ਫਿਲਮ ਇਸ ਹਫਤੇ ਰਿਲੀਜ਼ ਹੋ ਰਹੀ ਹੈ। ਫਿਲਮ ਦੇ ਵਿੱਚ ਐਮੀ ਐਵਾਰਡ ਜੇਤੂ ਅਤੇ ਅਕੈਡਮੀ ਐਵਾਰਡ ਲਈ ਨਾਮਜ਼ਦ ਅਭਿ-



ਨੇਤਰੀ ਪੈਟਰਿਕਾ ਕਲਾਰਕਸਨ ਅਤੇ ‘ਮਿਸੀਸਿਪੀ ਮਸਾਲਾ ’ ਦੀ ਅਭਿਨੇਤਰੀ ਸਾਰਿਤਾ ਚੌਧਰੀ ਵੀ ਦਿਖਾਈ ਦੇਵਗੀ। ਫਿਲਮ ਦੇ ਵਿੱਚ 71 ਸਾਲਾ ਸਰ ਕਿੰਗਸਲੇ ਅਜਿਹੇ ਮਿੱਠਬੋਲੜੇ ਸਿੱਖ ਟੈਕਸੀ ਡਰਾਈਵਰ ਦੇ ਰੂਪ ਵਿੱਚ ਨਜ਼ਰ ਆਉਣਗੇ , ਜਿਸ ਨੂੰ ਆਪਣੇ ਸਿੱਖ ਹੋਣ ਦੇ ਉੱਤੇ ਮਾਣ ਹੈ। ਇਹ ਸਿੱਖ ਅਮਰੀਕਾ ਵਿੱਚ ਰਾਜਸੀ ਸ਼ਰਣ ਲੈ ਕੇ ਰਹਿਣ ਲੱਗਦਾ ਹੈ ਅਤੇ ਟੈਕਸੀ ਡਰਾਈਵਰ ਦੇ ਕਿੱਤੇ ਨੂੰ ਪਰਣਾਇਆ ਹੋਇਆ ਹੈ। ਇਸਦੇ ਨਾਲ ਨਾਲ ਉਹ ਡਰਾਈਵਿੰਗ ਸਕੂਲ ਦੇ ਵਿੱਚ ਇੱਕ ਮਾਸਟਰ ਵਜੋਂ ਡਰਾਈਵਰੀ ਦੇ ਨਿਯਮਾਂ ਤੋਂ ਵੀ ਜਾਣੂ ਕਰਵਾਉਂਦਾ ਹੈ। ਫਿਲਮ ਨੇ ਵਿੱਚ 9/11 ਦੇ ਅਮਰੀਕਾ ਦੇ ਉੱਤੇ ਹੋਏ ਅਤਿਵਾਦੀ ਹਮਲੇ ਤੋਂ ਬਾਅਦ ਸਿੱਖਾਂ ਨੂੰ ਪੇਸ਼ ਆਈਆਂ ਦਿੱਕਤਾਂ ਨੂੰ ਵੀ ਛੂਹਿਆ ਗਿਆ ਹੈ।

# ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਫਰਵਰੀ ਵਿਚ ਕਰਵਾਏਗੀ ਵਿਸ਼ਵ ਪੰਜਾਬੀ ਕਾਨਫਰੰਸ

**ਜਲੰਧਰ–** ਕੇਂਦਰੀ ਪੰਜਾਬੀ ਲੇਖਕ ਸਭਾ ਦੀ ਕਾਰਜਕਾਰਨੀ ਵਿਚ ਲਏ ਗਏ ਫੈਸਲਿਆਂ ਨੂੰ ਪ੍ਰੈਸ ਨੂੰ ਜਾਰੀ ਕਰਦੇ ਹੋਏ ਸਭਾ ਦੇ ਪ੍ਰਧਾਨ ਡਾ. ਲਾਭ ਸਿੰਘ ਖੀਵਾ ਅਤੇ ਜਨਰਲ ਸਕੱਤਰ ਡਾ. ਕਰਮਜੀਤ ਸਿੰਘ ਨੇ ਦੱਸਿਆ ਹੈ ਕਿ ਕੇਂਦਰੀ ਸਭਾ ਫਰਵਰੀ 2016 ਵਿਚ ਕੌਮਾਂਤਰੀ ਪੰਜਾਬੀ ਇਲਮ ਦੇ ਸਹਿਯੋਗ ਨਾ.ਲ ਵਿਸ਼ਵ ਪੰਜਾਬੀ ਕਾਨਫਰੰਸ ਕਰਵਾਏਗੀ ਜਿਸ ਵਿਚ ਸੰਸਾਰ ਭਰ ਵਿਚ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਨੂੰ ਦਰਪੇਸ਼ ਸਮੱਸਿਆਵਾਂ ਨੂੰ ਨਿੱਠ ਕੇ ਵਿਚਾਰਿਆ ਜਾਵੇਗਾ। ਕਾਨਫਰੰਸ ਦਾ ਕਨਵੀਨਰ ਸਰਬਸੰਮਤੀ ਨਾਲ ਸਭਾ ਦੇ ਕਾਰਜਕਾਰਨੀ ਮੈਂਬਰ ਅਤੇ ਕੌਮਾਂਤਰੀ ਪੰਜਾਬੀ ਇਲਮ ਦੇ ਜਨਰਲ ਸਕੱਤਰ ਸੁਸ਼ੀਲ ਦੁਸਾਂਝ ਨੂੰ ਬਣਾਇਆ ਗਿਆ ਹੈ। ਇਸ ਦੀ ਸਬ ਕਮੇਟੀ ਵਿਚ ਕਾਰਜਕਾਰਨੀ ਵਲੋਂ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ ਅਤਰਜੀਤ ਅਤੇ ਜਨਰਲ ਸਕੱਤਰ ਤੋਂ ਇਲਾਵਾ ਦੀਪ ਦਵਿੰਦਰ, ਮੱਖਣ ਕੁਹਾੜ, ਵਰਗਿਸ ਸਲਾਮਤ, ਤਰਲੋਚਨ ਝਾਂਡੇ, ਸੁਰਿੰਦਰ ਪ੍ਰੀਤ ਘਣੀਆਂ, ਡਾ. ਹਰਜਿੰਦਰ ਸਿੰਘ ਅਟਵਾ.ਲ, ਚਰਨ ਕੌਸ਼ਲ ਅਤੇ ਕਰਮ ਸਿੰਘ ਵਕੀਲ ਸ਼ਾਮਿਲ ਹੋਣਗੇ। ਪੰਜਾਬ ਪੱਧਰ ਦੀ ਸਵਾਗਤੀ ਕਮੇਟੀ ਤੇ ਹੋਰ ਕਮੇਟੀਆਂ ਕੌਮਾਂਤਰੀ ਪੰਜਾਬੀ ਇਲਮ ਨਾ.ਲ ਵਿਚਾਰ ਵਟਾਂਦਰੇ ਤੋਂ ਬਾਦ ਬਣਾਈਆ” ਜਾਣਗੀਆਂ”। ਕਾਰਜਕਾਰਨੀ ਨੇ ਕੁੱਝ ਹੋਰ ਮਹੱਤਵਪੂਰਨ ਫ਼ੈਸਲੇ ਵੀ ਕੀਤੇ ਹਨ, ਜਿਨ੍ਹਾਂ ਮੁਤਾਬਕ ਅਕਤੂਬਰ ਵਿਚ ਕਵਿਤਾ ਗ਼ਜ਼ਲ ਉਪਰ ਬੰਡਿਠਾ ਵਿਚ ਸੈਮੀਨਾਰ ਕਰਵਾਇਆ ਜਾਵੇਗਾ, ਜਿਸਦੇ ਕਨਵੀਨਰ ਸੁਰਿੰਦਰ ਪ੍ਰੀਤ ਘਣੀਆਂ ਅਤੇ ਕੋ-ਕਨਵੀਨਰ ਜਸਪਾਲ ਮਾਨਖੇੜਾ ਹੋਣਗੇ। ਪੰਜਾਬੀ ਕਹਾਣੀ ਸਬੰਧੀ ਸਮਾਗਮ ਦਸੰਬਰ ਵਿਚ ਅੰਮ੍ਰਿਤਸਰ ਵਿਚ ਕਰਵਾਉਣ ਨੂੰ ਪ੍ਰਵਾਨਗੀ ਦਿੱਤੀ ਗਈ ਜਿਸਦੇ ਕਨਵੀਨਰ ਦੀਪ ਦਵਿੰਦਰ ਅਤੇ ਕੋ-ਕਨਵੀਨਰ ਵਰਗਿਸ ਸਲਾਮਿਤ ਨੂੰ ਬਣਾਇਆ ਗਿਆ। ਦਸੰਬਰ ਮਹੀਨੇ ਵਿਚ ਨਾਵਲ ਉਪਰ ਸੈਮੀਨਾਰ ਲੁਧਿਆਣੇ ਵਿਚ ਕਰਵਾਉਣ ਦੀ ਯੋਜਨਾ ਹੈ ਜਿਸ ਦੇ ਕਨਵੀਨਰ ਅਤੇ ਕੋ ਕਨਵੀਨਰ ਤਰਲੋਚਨ ਝਾਂਡੇ ਅਤੇ ਜਸਵੀਰ ਝੱਜ ਅਤੇ ਗੁਲਜ਼ਾਰ ਪੰਧੇਰ ਹੋਣਗੇ। ਸਭਿਆਚਾਰਕ ਸੰਕਟਾਂ ਬਾਰੇ ਸੈਮੀਨਾਰ ਮਦਨ ਵੀਰਾ ਦੀ ਅਗਵਾਈ ਵਿਚ ਹੁਸ਼ਿਆਰਪੁਰ ਵਿਚ ਹੋਵੇਗਾ ਜਿਸ ਦੇ ਕੋ ਕਨਵੀਨਰ ਡਾ. ਜਸਵੰਤ ਰਾਏ ਨੂੰ ਬਣਾਇਆ ਗਿਆ ਹੈ। ਨਾਟਕ ਸੰਬੰਧੀ ਸੈਮੀਨਾਰ ਚੰਡੀਗੜ੍ਹ ਵਿਚ ਕਰਮ ਸਿੰਘ ਵਕੀਲ ਦੀ ਅਗਵਾਈ ਵਿਚ ਸਿਰੇ ਚੜ੍ਹਇਆ ਜਾਵੇਗਾ। ਮੀਟਿੰਗ ਵਿਚ ਕੇਂਦਰੀ ਸਭਾ ਸਮੇਤ ਪੰਜ ਸਾਹਿਤਕ ਸੰਸਥਾਵਾ ਵਲੋਂ ਬਣਾਈ ਗਈ ਤਾਲਮੇਲ ਕਮੇਟੀ ਵਲੋਂ 10 ਮਈ ਨੂੰ ਜਲੰਧਰ ਕੀਤੇ ਗਏ ਸੰਮੇਲਨ ਵਿਚ ਰਾਜਨੀਤਕ ਪਾਰਟੀਆਂ ਦੇ ਨੁਮਾਇੰਦਿਆਂ ਵਲੋਂ ਦਿੱਤੇ ਗਏ ਵਿਚਾਰਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਅਤੇ ਪੰਜਾਬੀ ਬੋਲਣ ਉਪਰ ਪਾਬੰਦੀਆਂ ਲਾਉਣ ਵਾਲੇ ਸਕੂਲਾਂ ਵਿਰੁੱਧ ਬਟਾਲਾ ਵਿਚ ਦਿੱਤੇ ਗਏ ਧਰਨੇ ਤੇ ਮੁਜ਼ਾਹਰੇ ਦਾ ਸਮਰਥਨ ਕਰਦਿਆਂ ਇਹ ਫ਼ੈਸਲਾ ਲਿਆ ਗਿਆ ਕਿ ਪੰਜਾਬ ਭਰ ਵਿਚ ਪੜਾਅ ਵਾਰ ਇਹ ਮੁਜ਼ਾਹਰੇ ਸਾਂਝੇ ਤੌਰ ’ਤੇ ਜਾਰੀ ਰੱਖੇ ਜਾਣਗੇ। ਕਾਰਜਕਾਰਨੀ ਦੇ ਫ਼ੈਸਲਿਆਂ ਨੂੰ ਮੈਂਬਰਾਂ ਤਕ ਪਹੁੰਚਾਉਣ ਲਈ ਤਕਨੀਕ ਦਾ ਪੂਰਾ ਲਾਭ ਉਠਾਉਣ ਉਪਰ ਵੀ ਜ਼ੋਰ ਦਿੱਤਾ ਗਿਆ। ਮੀਟਿੰਗ ਵਿਚ ਪਹਿਲੀਆਂ ਕੀਤੀਆਂ ਗਈਆਂ ਸਰਗਰਮੀਆਂ” ਦੀ ਸਮੀਖੀਆ ਵੀ ਕੀਤੀ ਗਈ।

# ਅਮਰੀਕੀ ਪੰਜਾਬੀ ਕਵੀਆਂ ਵੱਲੋਂ ਟਰੇਸੀ ਕੈਲੀਫੋਰਨੀਆ ਵਿਖੇ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ



**ਟਰੇਸੀ (ਯੂ. ਐਸ. ਏ.) ਪ੍ਰਮਿੰਦਰ ਸਿੰਘ ਪ੍ਰਵਾਨਾ :** ਟਰੇਸੀ ਗੁਰਦੁਆਰਾ ਸਾਹਿਬ ਵਿਖੇ ਹਫਤਾਵਾਰੀ ਦੀਵਾਨਾਂ ਵਿਚ ਪ੍ਰਕਾਸ਼ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਚਲਦੇ ਪ੍ਰੋਗਰਾਮਾਂ ਵਿਚ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਵੀ ਧਾਰਮਿਕ ਕਵੀ-ਦਰਬਾਰ ਸਜਾਇਆ ਗਿਆ। ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਸੰਗਤਾਂ ਅਤੇ ਪ੍ਰਬੰਧਕਾਂ ਨੂੰ ਵਧਾਈ ਦਿੱਤੀ ਗਈ ਜੋ ਆਪਣੇ ਪੁਰਬ ਮਨਾਉਂਦੀਆਂ ਹਨ ਅਤੇ ਇਤਿਹਾਸ ਨੂੰ ਤਾਜ਼ਾ ਰੱਖ ਕੇ ਸੰਗਤਾਂ ਨੂੰ ਦ੍ਰਿੜ੍ਹ ਕਰਵਾਉਂਦੇ ਹਨ ਕਿ ਸਾਡਾ ਗੌਰਵਮਈ ਅਤੇ ਵਿਲੱਖਣ ਵਰਸਾ ਕਿੰਨਾ ਮਹਾਨ ਹੈ।

ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਤਰਸੇਮ ਸਿੰਘ ਸੁਮਨ, ਗੁਰਦਿਆਲ ਸਿੰਘ ਨੂਰਪੁਰੀ, ਪ੍ਰਸਿੱਧ ਪੰਜਾਬੀ ਗਾਇਕਾ ਸੁਖਵੰਤ ਕੌਰ ਸੁੱਖੀ, ਪ੍ਰਮਿੰਦਰ ਸਿੰਘ ਪ੍ਰਵਾਨਾ, ਮਾਸਟਰ ਸੁਰਜੀਤ ਸਿੰਘ, ਜਸਵੰਤ ਸਿੰਘ ਸ਼ੇਰਗਿਲ ਆਦਿ ਨੇ ਸਮੂਲੀਅਤ ਕੀਤੀ। ਪ੍ਰੋਗਰਾਮ ਦੀ ਸਫਲਤਾ ਇਸ ਵਿਚ ਰਹੀ ਕਿ ਸੰਗਤਾਂ ਨੇ ਸਮੁੱਚੇ ਪ੍ਰੋਗਰਾਮ ਨੂੰ ਬੜੀ ਇਕਾਗਰਤਾ ਨਾਂਲ ਸਰਵਣ ਕੀਤਾ। ਪ੍ਰਬੰਧਕਾਂ ਵੱਲੋਂ ਕਵੀਆਂ ਦਾ ਸਨਮਾਨ ਕੀਤਾ ਗਿਆ।

## ਰੱਖੜੀ



ਪ੍ਰਦੀਪ ਸਿੰਘ ਬਾਸੀ (ਯੂ ਕੇ)

ਭੈਣ ਯਾਰ ਦੀ ਨੂੰ, ਭੈਣ ਕਹਿ ਬੁਲਾਈਏ,
ਇਹ ਦੇ ਵਿੱਚ ਮਾਣ ਯਾਰ ਦਾ,
ਦਿਨ ਰੱਖੜੀ ਦੇ, ਰੱਖੜੀ ਬੰਨਾਈਏ,
ਵੀਰ ਜੀ ਕਹਾਈਏ, ਇਹਦੇ ਵਿੱਚ ਮਾਣ ਯਾਰ ਦਾ,
ਜਦੋ ਮਿਲਣੇ ਲਈ ਮਿੱਤਰ ਦੇ ਘਰ ਜਾਈ ਦਾ,
ਛੋਟੀ ਵੱਡੀ ਭੈਣ ਕਹਿਕੇ, ਭੈਣਾ ਨੂੰ ਬੁਲਾਈ ਦਾ,
ਦੇ ਕੇ ਭੈਣਾਂ ਨੂੰ ਪਿਆਰ, ਕਰੋ ਵੀਰੋ ਸਤਿਕਾਰ,
ਯਾਰ ਪਗ ਵੱਟ, ਬਣ ਕੇ ਵਿਖਾਈਏ
ਇਹਦੇ ਵਿੱਚ ਮਾਣ ਯਾਰ ਦਾ,
ਦਿਨ ਰੱਖੜੀ ਦੇ, ਰੱਖੜੀ ਬੰਨਾਈਏ......
ਰੱਖੜੀ ਦੇ ਦਿਨ ਵੀਰ ਆਪ ਚੱਲ ਆਉਂਦੇ ਨੇ,
ਚਾਵਾਂ ਨਾਲ ਭੈਣਾਂ ਕੋਲੋ ਰੱਖੜੀ ਬੰਨਾਉਦੇ ਨੇ,
ਭੈਣਾਂ ਚੱਲ ਕੇ ਜੋ ਆਉਣ, ਗਲ ਖੁਸ਼ੀ ਨਾਲ ਲਾਉਣ,
ਸੱਚੇ ਵੀਰ ਬਣ ਇਜੱਤਾਂ ਬਣਾਈਏ
ਇਹਦੇ ਵਿੱਚ ਮਾਣ ਯਾਰ ਦਾ,
ਦਿਨ ਰੱਖੜੀ ਦੇ, ਰੱਖੜੀ ਬੰਨਾਈਏ......
ਭੈਣਾਂ ਦਿਆ ਦੁੱਖਾਂ ਵਿੱਚ ਵੀਰ ਕੰਮ ਆਉਂਦੇ ਨੇ,
ਦਾਜ ਦਿਆਂ ਲੋਭੀਆਂ ਨੂੰ ਸਬਕ ਸਿਖਾਉਂਦੇ ਨੇ,
ਪਿਆਰ ਨਾਲ ਸਮਝਾਉਣ,
ਨਹੀਂ ਤਾਂ ਤਾਉਣੀ ਵੀ ਉਹ ਲਾਉਣ,
ਭੈਣ ਆਪਣੀ ਨੂੰ ਖੁਸ਼ੀ ਨਾਲ ਵਸਾਈਏ
ਇਹਦੇ ਵਿੱਚ ਮਾਣ ਯਾਰ ਦਾ,
ਦਿਨ ਰੱਖੜੀ ਦੇ, ਰੱਖੜੀ ਬੰਨਾਈਏ......
ਕਈਆਂ ਭੇਣਾਂ ਨੂੰ ਪਿਆਰ ਵੀਰ ਕਿਥੇ ਦਿੰਦੇ ਆ,
ਲੋੜ ਪੈਣ ਵੇਲੇ ਸੂਲੀ ਉੱਤੇ ਟੰਗ ਦਿੰਦੇ ਆ,
ਜਿਹੜੇ ਨਸ਼ਿਆਂ ਦੇ ਆਦੀ, ਹੁੰਦੀ ਘਰ ਦੀ ਖਰਾਬੀ,
ਤੰਗ ਕਰੀਏ ਨਾ, ਸੁੱਖਾਂ ਨੂੰ ਬਣਾਈਏ
ਇਹਦੇ ਵਿੱਚ ਮਾਣ ਯਾਰ ਦਾ,
ਦਿਨ ਰੱਖੜੀ ਦੇ, ਰੱਖੜੀ ਬੰਨਾਈਏ......
ਸਿੱਖਾਂ ਦਿਆਂ ਬੱਚਿਆਂ ਨੂੰ, ਦੁਸ਼ਟ ਮੁਕਾਉਂਦੇ ਨੇ,
ਕਰਕੇ ਸ਼ਹੀਦ, ਮੋਢੇ ਫੀਤੀਆਂ ਲਗਵਾਉਂਦੇ ਨੇ,
ਕੀਤਾ ਗੋਲਡੀ ਸ਼ਹੀਦ, ਉਹ ਦੀ ਭੈਣ ਵੀ ਸ਼ਹੀਦ,
ਵਾਂਗ ਰਾਜੋਆਣੇ, ਭੈਣ ਕਹਿ ਬੁਲਾਈਏ
ਇਹਦੇ ਵਿੱਚ ਮਾਣ ਯਾਰ ਦਾ,
ਦਿਨ ਰੱਖੜੀ ਦੇ, ਰੱਖੜੀ ਬੰਨਾਈਏ......
ਯਾਰ ਮਾਰ ਯਾਰਾਂ ਕੋਲੋਂ ਰੱਬ ਹੀ ਬਚਾਵੇ,
ਇਜੱਤਾਂ ਦੇ ਰਾਖਿਆਂ ਨਾ ਮੇਲ ਉਹ ਕਰਾਵੇ,
ਬਾਸੀ, ਧਰਮੀ ਸਪੂਤ, ਜੋ ਕਰੇ ਵੈਰੀਆ ਨੂੰ ਸੂਤ,
ਸੁੱਖੇ, ਜਿੰਦੇ ਵਾਗ, ਇਜੱਤਾਂ ਬਚਾਈਏ
ਇਹਦੇ ਵਿੱਚ ਮਾਣ ਯਾਰ ਦਾ,
ਦਿਨ ਰੱਖੜੀ ਦੇ, ਰੱਖੜੀ ਬੰਨਾਈਏ......

ਦੇਸ਼ ਦੁਆਬਾ

# ਪੈਨਸ਼ਨ ਨੂੰ ਲੈ ਕੇ ਜੂਝ ਰਹੇ ਸਾਬਕਾ ਫੌਜੀ

ਭਾਰਤ ਦੀ ਰਾਜਧਾਨੀ ਦਿੱਲੀ ਵਿਚ ਇਸ ਵਕਤ ਸਾਬਕਾ ਸੈਨਿਕ 'ਵਨ ਰੈਂਕ ਵਨ ਪੈਨਸ਼ਨ' ਨੂੰ ਲੈ ਕੇ ਸੰਘਰਸ਼ ਕਰ ਰਹੇ ਹਨ। ਸਾਬਕਾ ਸੈਨਿਕਾਂ ਦਾ ਸੰਘਰਸ਼ ਆਪਣੀ ਥਾਂ ਠੀਕ ਵੀ ਹੈ ਕਿਉਂਕਿ ਫੌਜ ਵਿਚ 15-20 ਸਾਲ ਸੇਵਾ ਨਿਭਾਅ ਕੇ ਇਹਨਾਂ ਨੂੰ ਬਾਅਦ ਵਿਚ ਪੈਨਸ਼ਨ ਇੰਨੀ ਕੁ ਮਿਲਦੀ ਹੈ ਕਿ ਇਹਨਾਂ ਦਾ ਗੁਜ਼ਾਰਾ ਵੀ ਚੱਲਣਾ ਮੁਸ਼ਕਿਲ ਹੈ। ਬਹੁਤ ਸਾਰੇ ਸਾਬਕਾ ਸੈਨਿਕ ਜਿਹਨਾਂ ਨੂੰ ਰਿਟਾਇਰਮੈਂਟ ਤੋਂ ਬਾਅਦ ਨੌਕਰੀਆਂ ਨਹੀਂ ਮਿਲੀਆਂ, ਦੀ ਹਾਲਤ ਬਹੁਤ ਖਰਾਬ ਹੈ। ਇਹ ਸਾਰੇ ਇਹੋ ਚਾਹੁੰਦੇ ਹਨ ਕਿ ਸਾਬਕਾ ਸੈਨਿਕਾਂ ਦੀ ਪੈਨਸ਼ਨ ਦਾ ਮਸਲਾ ਜਲਦੀ ਹੱਲ ਹੋਵੇ ਕਿਉਂਕਿ ਇਸ ਤੋਂ ਪਹਿਲਾਂ ਬਹੁਤ ਦੇਰੀ ਹੋ ਚੁੱਕੀ ਹੈ। ਹਜ਼ਾਰ ਕੋਸ਼ਿਸ਼ਾਂ ਦੇ ਬਾਵਜੂਦ ਹੁਣ ਤੱਕ ਕਿਸੇ ਨਤੀਜੇ 'ਤੇ ਨਹੀਂ ਪਹੁੰਚਿਆ ਜਾ ਸਕਿਆ ਤਾਂ ਇਸਦਾ ਮਤਲਬ ਹੈ ਕਿ ਇਹ ਮਸਲਾ ਕਾਫੀ ਪੇਚੀਦਾ ਹੈ। ਸਾਬਕਾ ਸੈਨਿਕ ਇਸਦੀ ਅਣਦੇਖੀ ਨਹੀਂ ਕਰ ਸਕਦੇ ਕਿ ਪ੍ਰਧਾਨ ਮੰਤਰੀ ਨੇ ਖੁਦ ਇਕ ਵਾਰ ਇਹ ਭਰੋਸਾ ਦਿੱਤਾ ਹੈ ਕਿ ਮਾਮਲਾ ਆਪਣੇ ਆਖਰੀ ਪੜਾਅ ਤੇ ਹੈ। ਉਹਨਾਂ ਨੇ ਇਹ ਭਰੋਸਾ ਲਾਲ ਕਿਲੇ ਤੋਂ ਦਿੱਤਾ ਹੈ। ਉਹ ਇਸ ਤੋਂ ਪਹਿਲਾਂ ਆਪਣੇ ਰੇਡੀਓ ਪ੍ਰੋਗਰਾਮ ਦੇ ਜ਼ਰੀਏ ਵੀ ਇਹ ਕਹਿ ਚੱਕੇ ਹਨ ਕਿ ਸਰਕਾਰ ਸਾਬਕਾ ਸੈਨਿਕਾਂ ਦੀ ਇਸ ਪੁਰਾਣੀ ਮੰਗ ਨੂੰ ਪੂਰਾ ਕਰਨ ਲਈ ਵਚਨਬੱਧ ਹੈ। ਪਿਛਲੇ ਦਿਨੀਂ ਸਾਬਕਾ ਸੈਨਿਕਾਂ ਨੇ ਰੱਖਿਆ ਮੰਤਰੀ ਨਾਲ ਮੁਲਾਕਾਤ ਕਰਕੇ ਪ੍ਰਧਾਨ ਮੰਤਰੀ ਨਾਲ ਗੱਲਬਾਤ ਕਰਨ ਦੀ ਇੱਛਾ ਪ੍ਰਗਟਾਈ ਤਾਂ ਵੀ ਉਹਨਾਂ ਨੂੰ ਪੂਰਾ ਭਰੋਸਾ ਮਿਲਿਆ। ਇਹ ਸਮਝਣਾ ਮੁਸ਼ਕਿਲ ਹੈ ਕਿ ਇਸ ਸਭ ਦੇ ਬਾਵਜੂਦ ਮਰਨ ਵਰਤ ਦਾ ਐਲਾਨ ਕਰਨ ਦੀ ਨੌਬਤ ਕਿਉਂ ਆਈ? ਸਰਕਾਰ 1965 ਦੇ ਯੁੱਧ ਦੇ 50 ਸਾਲ ਪੂਰੇ ਹੋਣ ਦੇ ਨੇੜੇ ਹੈ ਅਤੇ ਕਈ ਪ੍ਰੋਗਰਾਮ ਆਯੋਜਿਤ ਕਰਨ ਜਾ ਰਹੀ ਹੈ। ਇਸਦਾ ਸਾਬਕਾ ਸੈਨਿਕ ਬਾਈਕਾਟ ਕਰਨ ਜਾ ਰਹੇ ਹਨ, ਇਸ ਤੋਂ ਮਾੜਾ ਹੋਰ ਕੀ ਹੋ ਸਕਦਾ ਹੈ।

ਇਹ ਸਹੀ ਹੈ ਕਿ ਇਕ ਜ਼ਰੂਰੀ ਅਤੇ ਭਾਵਨਾਤਮਕ ਮਸਲੇ ਤੇ ਦੇਰੀ ਦੇ ਲਈ ਸਰਕਾਰ ਦੀ ਜਵਾਬਦੇਹੀ ਬਣਦੀ ਹੈ। ਅਸੀਂ ਇਹ ਸਾਰਾ ਕੁਝ ਇਸ ਲਈ ਲਿਖਣ ਜਾ ਰਹੇ ਹਾਂ ਕਿਉਂਕਿ ਪੰਜਾਬ ਦਾ ਹਰੇਕ ਪਰਿਵਾਰ ਕਿਸੇ ਨਾ ਕਿਸੇ ਸੂਰਤ ਵਿਚ ਸੈਨਿਕ ਅਤੇ ਸਾਬਕਾ ਸੈਨਿਕਾਂ ਨਾਲ ਸਬੰਧ ਰੱਖਦਾ ਹੈ। ਇਹ ਹੈਰਾਨੀ ਵਾਲੀ ਗੱਲ ਹੈ ਕਿ ਇਕ ਸੈਨਿਕ ਨੂੰ 5 ਤੋਂ 6 ਹਜ਼ਾਰ ਹੀ ਪੈਨਸ਼ਨ ਮਿਲਦੀ ਹੈ, ਜਦਕਿ ਫੌਜ ਵਿਚ ਰਿਟਾਇਰਡ ਹੋਏ ਅਧਿਕਾਰੀ ਨੂੰ 30 ਤੋਂ 40 ਹਜ਼ਾਰ। ਭਾਰਤ ਦੇ ਸਾਰੇ ਲੋਕੀ ਇਸ ਦਾ ਸਮਰਥਨ ਕਰਦੇ ਹਨ ਤਾਂ ਸਰਕਾਰ ਦੇ ਲਈ ਵੀ ਇਹ ਜ਼ਰੂਰੀ ਹੈ ਕਿ ਉਹ ਤੁਰੰਤ ਕਦਮ ਚੁੱਕੇ। ਦੁਨੀਆਂ ਦੀਆਂ ਵੱਡੀਆਂ ਅਤੇ ਆਧੁਨਿਕ ਫੌਜਾਂ ਵਿਚ ਔਸਤਨ ਇਹੀ ਵਿਵਸਥਾ ਹੈ। ਆਮ ਲੋਕਾਂ ਨੂੰ ਤਾਂ ਹੁਣ ਤੱਕ ਵਨ ਰੈਂਕ ਵਨ ਪੈਨਸ਼ਨ ਦਾ ਮਤਲਬ ਵੀ ਸਮਝ ਨਹੀਂ ਆਉਂਦਾ ਪਰ ਬਾਕੀ ਸਾਰੇ ਵਿਭਾਗਾਂ ਵਿਚ ਇਹ ਵਿਵਸਥਾ ਲਾਗੂ ਹੈ। ਮੋਦੀ ਸਰਕਾਰ ਨੇ ਇਸ ਦਿਸ਼ਾ ਵਿਚ ਐਲਾਨ ਕਰਕੇ ਚੰਗਾ ਕਦਮ ਪੁੱਟਿਆ ਹੈ ਅਤੇ ਹੁਣ ਜ਼ਰੂਰਤ ਇਸ ਨੂੰ ਸਾਕਾਰ ਕਰਨ ਦੀ ਹੈ। ਇਕ ਆਮ ਉਦਾਹਰਣ ਹੈ ਕਿ ਜਿਸ ਰਾਜ ਦੇ ਸੈਨਿਕ ਅਸੰਤੁਸ਼ਟ ਹਨ, ਉਸ ਰਾਜ ਦੀ ਸੁਰੱਖਿਆ ਨੂੰ ਹਮੇਸ਼ਾ ਖਤਰਾ ਬਣਿਆ ਰਹਿੰਦਾ ਹੈ। ਭਾਰਤ ਦੀ ਇਹ ਖੁਸ਼ਕਿਸਮਤੀ ਹੈ ਕਿ ਇਸ ਦੇ ਸੈਨਿਕ ਭੁੱਖੇ ਰਹਿ ਕੇ ਘੱਟ ਖਾ ਕੇ ਵੀ ਮੁਲਕ ਦੀ ਰੱਖਿਆ ਦੇ ਲਈ ਵੱਧ-ਚੜ੍ਹ ਕੇ ਅੱਗੇ ਹੋ ਕੇ ਯੋਗਦਾਨ ਪਾਉਂਦੇ ਹਨ।

ਆਜ਼ਾਦੀ ਤੋਂ ਪਹਿਲਾਂ ਭਾਰਤ ਵਿਚ ਜੋ ਫੌਜੀ ਵਿਵਸਥਾ ਅੰਗਰੇਜਾਂ ਨੇ ਬਹਾਲ ਕੀਤੀ ਸੀ, ਉਹ ਹੁਣ ਤੱਕ ਨਿਰੰਤਰ ਚੱਲ ਰਹੀ ਹੈ, ਹਾਲਾਂਕਿ ਇਹ ਵਿਵਸਥਾ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਵੀ ਅਪਣਾਈ ਸੀ ਅਤੇ ਉਹਨਾਂ ਨੇ ਫੌਜ ਨੂੰ ਪੱਛਮੀ ਪੈਟਰਨ ਤੇ ਸੰਗਠਿਤ ਕੀਤਾ ਸੀ ਪਰ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅੰਦਰੂਨੀ ਬਗਾਵਤਾਂ ਦੇ ਕਾਰਨ ਇਹ ਵਿਵਸਥਾ ਹਿੱਲ ਗਈ ਅਤੇ ਆਜ਼ਾਦੀ ਤੋਂ ਬਾਅਦ ਇਸੇ ਬਗਾਵਤ ਤੋਂ ਸਬਕ ਲੈਂਦਿਆਂ ਭਾਰਤ ਨੇ ਅੰਗਰੇਜ਼ੀ ਪੈਟਰਨ ਨੂੰ ਹੀ ਬਰਕਰਾਰ ਰੱਖਿਆ।

ਇਸ ਪੈਟਰਨ ਵਿਚ ਇਕ ਆਮ ਸਿਪਾਹੀ ਉਜ਼ਰਤਾਂ ਪੱਖੋਂ ਸ਼ੋਸ਼ਣ ਦਾ ਸ਼ਿਕਾਰ ਹੁੰਦਾ ਆਇਆ ਹੈ। ਹੁਣ ਸਮਾਂ ਆ ਗਿਆ ਹੈ ਕਿ ਇਸ ਪੈਟਰਨ ਵਿਚ ਤਬਦੀਲੀ ਕਰਕੇ ਹਰੇਕ ਸੈਨਿਕ ਨੂੰ ਬਣਦਾ ਸਤਿਕਾਰ ਅਤੇ ਵਧੀਆ ਉਜ਼ਰਤ ਮਿਲੇ।

ਸਾਬਕਾ ਸੈਨਿਕ ਵੀ ਸੈਨਿਕ ਵਾਂਗ ਮੁਲਕ ਦੀ ਤਾਕਤ ਹਨ। ਕਿਸੇ ਵੇਲੇ ਕੋਈ ਕਠਿਨ ਸਥਿਤੀ ਆ ਜਾਂਦੀ ਹੈ ਤਾਂ ਫੌਜ ਸਭ ਤੋਂ ਪਹਿਲਾਂ ਆਪਣੇ ਸਾਬਕਾ ਸੈਨਿਕਾਂ ਨੂੰ ਹੀ ਵਾਪਸ ਸੱਦਦੀ ਹੈ। ਇਸ ਕਰਕੇ ਸਾਬਕਾ ਸੈਨਿਕਾਂ ਦੇ ਯੋਗਦਾਨ ਦੀ ਅਣਦੇਖੀ ਬਿਲਕੁਲ ਨਹੀਂ ਕੀਤੀ ਜਾ ਸਕਦੀ।

# ਭਾਰਤੀ ਆਜ਼ਾਦੀ ਪਰੇਡ ਵਿਰੁੱਧ ਮੁਜ਼ਾਹਰਾ ਕੀਤਾ ਗਿਆ

ਫਰੀਮਾਂਟ: ਬਲਵਿੰਦਰਪਾਲ ਸਿੰਘ ਖ਼ਾਲਸਾ ਵੱਲੋਂ ਭੇਜੀ ਜਾਣਕਾਰੀ ਮਤੁਾਬਕ ਫਰੀਮਾਂਟ ਵਿਚ ਭਾਰਤੀ ਆਜ਼ਾਦੀ ਪਰੇਡ ਦਾ ਵਿਰੋਧ ਕਰਦਿਆਂ ਲੋਕਤੰਤਰੀ ਢੰਗ ਨਾਲ ਖ਼ਾਲਿਸਤਾਨ ਦਾ ਪੈਗ਼ਾਮ ਦਿੱਤਾ ਗਿਆ। ਪੂਰੀ ਪਰੇਡ ਦੌਰਾਨ ਭਾਰਤੀ ਆਜ਼ਾਦੀ ਦਾ ਵਿਰੋਧ ਤੇ ਖ਼ਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਗੂੰਜਦੇ ਰਹੇ। ਮੁਜ਼ਾਹਰੇ ਵਿਚ ਸਿੱਖ ਕੌਮ ਲਈ 15 ਅਗਸਤ ਕਾਲਾ ਦਿਨ ਦੇ ਵੱਡੇ ਵੱਡੇ ਬੈਨਰ ਲੱਗੇ ਹੋਏ ਸਨ, ਛੋਟੇ ਸਪੀਕਰਾਂ ਨਾਲ ਗ਼ੁਲਾਮੀ ਤੇ ਆਜ਼ਾਦੀ ਬਾਰੇ ਲਗਾਤਾਰ ਪ੍ਰਚਾਰ ਕੀਤਾ ਜਾ ਰਿਹਾ ਸੀ, ਲਿਖਤੀ ਸਮਗਰੀ ਵੀ ਵੰਡੀ ਜਾ ਰਹੀ ਸੀ। ਭਾਰਤ ਵਿਚ ਹੁੰਦੇ ਮਨੁੱਖੀ ਅਧਿਕਾਰਾਂ ਦੇ ਘਾਣ ਦੀ ਗੱਲ ਜ਼ੋਰ ਸ਼ੋਰ ਨਾਲ ਕੀਤੀ ਜਾ ਰਹੀ ਸੀ।ਫ਼ਤਿਹ ਸਪੋਰਟਸ ਕਲੱਬ ਦੇ ਭਾਈ ਸੰਦੀਪ ਸਿੰਘ ਵੱਲੋਂ ਬਾਪੂ ਸੂਰਤ ਸਿੰਘ ਖਾਲਸਾ ਦੁਆਰਾ ਸਜ਼ਾ ਕੱਟ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਲਈ ਜਾਰੀ ਸੰਘਰਸ਼ ਦੀ ਹਮਾਇਤ ਵਾਲੀਆਂ ਸ਼ਰ੍ਟਾਂ ਵੰਡੀਆਂ ਗਈਆਂ ਜੋ ਸਭ ਨੇ ਪਹਿਨੀਆਂ ਹੋਈਆ ਸਨ। ਮੀਡੀਏ ਨੂੰ ਬੀਬੀ ਪੁਨੀਤ ਕੌਰ ਖਾਲਸਾ ਤੇ ਭਾਈ ਰਾਮ ਸਿੰਘ ਹੁਰਾਂ ਤਫ਼ਸੀਲ ਨਾਲ ਸਿੱਖ ਕੌਮ ਵੱਲੋਂ ਖ਼ਾਲਿਸਤਾਨ ਦੀ ਹੱਕੀ ਮੰਗ ਦੀ ਗੱਲ ਦੱਸੀ।ਇਸ ਮੁਜ਼ਾਹਰੇ ਵਿਚ ਸੈਕਰਾਮੈਂਟੋ, ਸਟਾਕਟਨ, ਲੈਥਰੋਪ, ਮਨਟੀਕਾ, ਮੋਡੈਸਟੋ-ਸਿਰੀਜ਼, ਟਰਲਕ, ਸੈਨ ਹੋਜ਼ੇ, ਸਾਉਂਥ ਸੈਨ ਫਰਾਂਸਿਸਕੋ, ਫਰਿਜ਼ਨੋ, ਮਿਲਪੀਟਸ, ਫਰੀਮਾਂਟ, ਹੇਵਰਡ, ਯੂਨੀਅਨ ਸਿਟੀ ਆਦਿ ਸ਼ਹਿਰਾਂ ਤੋਂ ਸਿੱਖਾਂ ਦੀ ਭਾਰੀ ਗਿਣਤੀ ਪਹੁੰਚੀ ਹੋਈ ਸੀ।



ਫਰੀਮਾਂਟ ਗੁਰਦੁਆਰਾ ਸਾਹਿਬ ਦੀ ਪੂਰੀ ਸੁਪਰੀਮ ਕੌਂਸਲ ਭਾਈ ਜਸਦੇਵ ਸਿੰਘ, ਭਾਈ ਹਰਜੀਤ ਸਿੰਘ ਤੇ ਭਾਈ ਲਖਬੀਰ ਸਿੰਘ ਤੇ ਪ੍ਰਬੰਧਕ ਕਮੇਟੀ ਪਹੁੰਚੀ ਹੋਈ ਸੀ। ਸਾਬਕਾ ਸੁਪਰੀਮ ਕੌਂਸਲ ਮੈਂਬਰ ਭਾਈ ਰਾਮ ਸਿੰਘ ਤੇ ਸਾਬਕਾ ਪ੍ਰਧਾਨ ਭਲਵਾਨ ਭਾਜੀ, ਨੌਜਾਵਾਨਾਂ ਵੱਲੋਂ ਕੁਲਦੀਪ ਸਿੰਘ ਨਿੱਝਰ, ਸੰਦੀਪ ਸਿੰਘ, ਸੰਗਰਾਮ ਸਿੰਘ, ਪਰਵਾਰਾਂ ਸਮੇਤ ਹਾਜ਼ਰ ਸਨ। ਭਾਈ ਜਗਤਾਰ ਸਿੰਘ ਅਨੰਦਪੁਰੀ ਨਵੇਂ ਬੈਨਰਾਂ ਨਾਲ ਹਾਜ਼ਰ ਸਨ। ਭਾਈ ਕੁਲਵੰਤ ਸਿੰਘ ਖੈਰਾ, ਗੁਲਵਿੰਦਰ ਸਿੰਘ ਭਿੰਦਾ, ਗੁਰਬਚਨ ਸਿੰਘ ਰਾਣਾ ਪਰਵਾਰਾਂ ਸਮੇਤ ਹਾਜ਼ਰ ਸਨ। ਸਿੱਖ ਯੂਥ ਆਫ ਅਮਰੀਕਾ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਮਨਜੀਤ ਸਿੰਘ ਤੇ ਜਸਜੀਤ ਸਿੰਘ ਹਾਜ਼ਰ ਸਨ। ਚਾਹ ਪਾਣੀ ਦੇ ਲੰਗਰਾਂ ਦੀ ਸੇਵਾ ਗੁਰਦੁਆਰਾ ਸਾਹਿਬ ਫਰੀਮਾਂਟ ਵੱਲੋਂ ਭਾਈ ਹਰਮਿੰਦਰ ਸਿੰਘ ਲੈ ਕੇ ਪਹੁੰਚੇ। ਕੈਲੇਫੋਰਨੀਆ ਗਤਕਾ ਦਲ ਸਦਾ ਦੀ ਤਰਾਂ ਜਥੇਦਾਰ ਜਸਪ੍ਰੀਤ ਸਿੰਘ ਆਪਣੀ ਟੀਮ ਤੇ ਬੈਨੀਵਾਲ ਪਰਵਾਰ ਸਮੇਤ ਹਾਜ਼ਰ ਸਨ। ਭਾਈ ਬਲਜੀਤ ਸਿੰਘ, ਅਨੋਖ ਸਿੰਘ, ਸਕੱਤਰ ਦਵਿੰਦਰ ਸਿੰਘ, ਸੁਖਵੰਤ ਸਿੰਘ, ਅਮਨ ਸਿੰਘ ਪੰਨੂ, ਪਰਮਿੰਦਰ ਸਿੰਘ, ਗੁਰਮੀਤ ਸਿੰਘ, ਪੰਨੂ ਭਾਜੀ, ਪਰਮਿੰਦਰ ਸਿੰਘ, ਦਰਸ਼ਨ ਸਿੰਘ, ਬਲਵਿੰਦਰ ਸਿੰਘ ਚੱਬਾ, ਦਿਲਪ੍ਰੀਤ ਸਿੰਘ ਤੇ ਸਾਥੀ, ਕਰਨੈਲ ਸਿੰਘ ਖਾਲਸਾ ਆਪਣੀ ਪੂਰੀ ਟੀਮ ਨਾਲ ਹਾਜ਼ਰ ਸਨ । ਫਰੀਮਾਂਟ ਪੁਲੀਸ ਵਿਭਾਗ ਨੇ ਮੁਜ਼ਾਹਰੇ ਦੌਰਾਨ ਪੂਰਾ ਸਹਿਯੋਗ ।

# ਸ਼ੰਕਾ-ਨਵਿਰਤੀ/ ਭਾਗ- 11



ਮੇਘ ਰਾਜ ਮਿੱਤਰ
+91-98887-87440

? ਮੈਂ ਪੁੱਛਣਾ ਚਾਹੁੰਦਾ ਹਾਂ ਕਿ ਲੋਕ ਨਸ਼ਾ ਛੱਡਣ ਵੇਲੇ ਐਨੇ ਔਖੇ ਕਿਉਂ ਹੁੰਦੇ ਹਨ।

* ਜਿਸ ਚੀਜ਼ ਦੀ ਸਰੀਰ ਹਰ ਰੋਜ਼ ਵਰਤੋਂ ਕਰਦਾ ਹੈ ਉਹ ਸਰੀਰ ਦੀ ਰਸਾਇਣਿਕ ਜ਼ਰੂਰਤ ਬਣ ਜਾਂਦਾ ਹੈ। ਸਰੀਰ ਦੀਆਂ ਬਹੁਤ ਸਾਰੀਆਂ ਪ੍ਰਣਾਲੀਆਂ ਉਸ ਨੂੰ ਹਜ਼ਮ ਜਾਂ ਵਿਘਟਿਤ ਕਰਨ ਲਈ ਕਾਰਜ ਕਰਨਾ ਸ਼ੁਰੂ ਕਰ ਦਿੰਦੀਆਂ ਹਨ। ਅਤੇ ਕੁਝ ਗ੍ਰੰਥੀਆਂ ਇਸ ਕੰਮ ਲਈ ਰਸਾਂ ਦੀ ਪੈਦਾਇਸ਼ ਵੀ ਸ਼ੁਰੂ ਕਰ ਦਿੰਦੀਆਂ ਹਨ। ਨਸ਼ਾ ਵਾਰ-ਵਾਰ ਵਰਤਿਆ ਜਾਂਦਾ ਹੈ ਤਾਂ ਇਸ ਨੂੰ ਹਜ਼ਮ ਕਰਨ ਲਈ ਗ੍ਰੰਥੀਆਂ ਨੇ ਜੋ ਰਸ ਪੈਦਾ ਕਰਨੇ ਹੁੰਦੇ ਹਨ, ਉਹ ਗ੍ਰੰਥੀਆਂ ਵੀ ਹੌਲੀ-ਹੌਲੀ ਆਪਣਾ ਕਾਰਜ ਘਟਾਉਂਦੀਆਂ ਹਨ। ਇਸ ਲਈ ਨਸ਼ਾ ਛੱਡਣਾ ਔਖਾ ਹੁੰਦਾ ਹੈ।

? ਜਿਸ ਇਨਸਾਨ ਨੂੰ ਰੰਗਾਂ ਦੀ ਪਛਾਣ ਨਾ ਹੋਵੇ ਤਾਂ ਕੀ ਉਸਦਾ ਕੋਈ ਇਲਾਜ ਹੈ।

* ਇਸ ਬਿਮਾਰੀ ਨੂੰ ਅੰਧਰਾਤਾ ਕਹਿੰਦੇ ਹਨ। ਆਮ ਤੌਰ 'ਤੇ ਇਹ ਰਾਤ ਨੂੰ ਹੀ ਵਾਪਰਦਾ ਹੈ। ਅੱਜ ਤੱਕ ਇਹ ਬਿਮਾਰੀ ਲਾ-ਇਲਾਜ ਹੀ ਸਮਝੀ ਜਾਂਦੀ ਹੈ। ਪਰ ਮੁੱਢਲੀਆਂ ਹਾਲਤਾਂ ਵਿੱਚ ਇਸ ਦਾ ਇਲਾਜ ਵੀ ਸੰਭਵ ਹੈ।

? ਕਈ ਲੋਕ ਰਾਤ ਨੂੰ ਮੂੰਹ ਅੱਡ ਕੇ ਸੌਂਦੇ ਹਨ। ਕੀ ਇਹ ਆਦਤ ਹੈ ਜਾਂ ਬੀਮਾਰੀ।

* ਮੂੰਹ ਅੱਡ ਕੇ ਸੌਣਾ ਗਲੇ ਵਿੱਚ ਵਧੇ ਹੋਏ ਮਾਸ, ਝੁਰੜੀਆਂ ਜਾਂ ਨੱਕ ਵਿੱਚ ਕਿਸੇ ਰੁਕਾਵਟ ਦੀ ਹੀ ਨਿਸ਼ਾਨੀ ਹੈ। ਸੋ ਇਹ ਬਿਮਾਰੀ ਹੈ।

? 'ਦੁਨੀਆਂ ਨੂੰ ਖਤਮ ਕਰਨ ਦੇ ਮੁੱਖ ਦੋਸ਼ੀ ਵਿਗਿਆਨੀ ਹਨ।' ਕੀ ਇਹ ਸੱਚ ਹੈ ਜਾਂ ਨਹੀਂ।

* ਵਿਗਿਆਨਕਾਂ ਨੇ ਸਾਰੀਆਂ ਖੋਜਾਂ ਮਨੁੱਖਤਾ ਦੀ ਭਲਾਈ ਨੂੰ ਮੁੱਖ ਰੱਖ ਕੇ ਕੀਤੀਆਂ ਹਨ। ਇਹ ਸਾਰੀਆਂ ਖੋਜਾਂ ਚਾਕੂ ਦੀ ਤਰ੍ਹਾਂ ਹਨ। ਚਾਕੂ ਨਾਲ ਤ੍ਰਸੀਂ ਸਬਜ਼ੀ ਵੀ ਕੱਟ ਸਕਦੇ ਹੋ ਤੇ ਆਪਣਾ ਗਲ ਵੀ ਕੱਟ ਸਕਦੇ ਹੋ।

ਇਹ ਤੁਹਾਡੇ 'ਤੇ ਨਿਰਭਰ ਹੈ। ਇਸ ਲਈ ਸਾਰੀਆਂ ਖੋਜਾਂ ਸਮੁੱਚੀ ਮਾਨਵਤਾ ਦੇ ਭਲੇ ਲਈ ਵਰਤੀਆਂ ਜਾ ਸਕਦੀਆਂ ਹਨ। ਧਰਤੀ ਤੋਂ ਮਾਨਵਤਾ ਦਾ ਨਾਮੋ-ਨਿਸ਼ਾਨ ਮਿਟਾਉਣ ਲਈ ਵੀ। ਸੋ ਕਸੂਰ ਖੋਜੀਆਂ ਦਾ ਨਹੀਂ, ਸਗੋਂ ਇਨ੍ਹਾਂ ਨੂੰ ਵਰਤੋਂ ਵਿੱਚ ਲਿਆਉਣ ਵਾਲਿਆਂ ਦਾ ਹੈ।

? ਕੀ ਸਾਡੇ ਦਿਮਾਗ ਨੂੰ ਵੀ ਕੰਮ ਕਰਨ ਲਈ ਕਰੰਟ ਦੀ ਜ਼ਰੂਰਤ ਹੁੰਦੀ ਹੈ? ਇਹ ਕਰੰਟ ਕਿੱਥੋਂ ਪ੍ਰਾਪਤ ਕੀਤਾ ਜਾ ਸਕਦਾ ਹੈ।

* ਸਰੀਰ ਵਿੱਚ ਬਹੁਤ ਸਾਰੇ ਰਸਾਇਣਿਕ ਪਦਾਰਥ ਹੁੰਦੇ ਹਨ। ਇਨ੍ਹਾਂ ਰਸਾਇਣਿਕ ਪਦਾਰਥਾਂ ਵਿੱਚ ਰਸਾਇਣਿਕ ਕਿਰਿਆਵਾਂ ਹੁੰਦੀਆਂ ਰਹਿੰਦੀਆਂ ਹਨ। ਜਿਵੇਂ ਟਰੈਕਟਰਾਂ ਜਾਂ ਬੱਸਾਂ ਵਾਲੀਆਂ ਬੈਟਰੀਆਂ ਵਿੱਚ ਤੇਜਾਬ ਅਤੇ ਜਿਸਤ ਦੀਆਂ ਪਲੇਟਾਂ ਪਾਈਆਂ ਹੁੰਦੀਆਂ ਹਨ। ਇਨ੍ਹਾਂ ਦੀ ਰਸਾਇਣਿਕ ਕਿਰਿਆ ਨਾਲ ਬਿਜਲੀ ਪੈਦਾ ਹੁੰਦੀ ਹੈ। ਇਸੇ ਤਰ੍ਹਾਂ ਹੀ ਸਰੀਰ ਵਿੱਚ ਵੀ ਬਿਜਲੀ ਤਰੰਗਾਂ ਪੈਦਾ ਹੁੰਦੀਆਂ ਹਨ। ਇਨ੍ਹਾਂ ਦਾ ਮੁੱਖ ਕੰਮ ਸਰੀਰ ਦੇ ਵੱਖ ਵੱਖ ਅੰਗਾਂ ਦਾ ਦਿਮਾਗ ਨਾਲ ਤਾਲਮੇਲ ਰੱਖਣਾ ਹੁੰਦਾ ਹੈ।

? ਔਰਤਾਂ ਤੇ ਮਰਦ ਬੱਚੇ ਪੈਦਾ ਕਰਨ ਵਿੱਚ ਕਿਉਂ ਅਸਮਰਥ ਹੋ ਜਾਂਦੇ ਹਨ। ਔਰਤਾਂ ਦੇ ਟੀਕੇ ਲਾਏ ਜਾਂਦੇ ਹਨ ਅਤੇ ਮਰਦਾਂ ਲਈ ਸ਼ੁਕਰਾਣੂ ਸਮੱਸਿਆ?

* ਜਿਵੇਂ ਹਰੇਕ ਘਟਨਾ ਦਾ ਕੋਈ ਨਾ ਕੋਈ ਕਾਰਨ ਹੁੰਦਾ ਹੈ। ਠੀਕ ਇਸੇ ਤਰ੍ਹਾਂ ਹੀ ਕਿਸੇ ਔਰਤ ਦੇ ਬੱਚਾ ਨਾ ਪੈਦਾ ਕਰਨ ਦਾ ਕੋਈ ਕਾਰਨ ਹੁੰਦਾ ਹੈ। ਕਈ ਵਾਰੀ ਤਾਂ ਮਰਦਾਂ ਵਿੱਚ ਬੱਚੇ ਪੈਦਾ ਕਰਨ ਵਾਲੇ ਸ਼ੁਕਰਾਣੂ ਨਹੀਂ ਹੁੰਦੇ ਜਾਂ ਇਸਤਰੀਆਂ ਦੀਆਂ ਉਹ ਟਿਊਬਾਂ ਜਿਨ੍ਹਾਂ ਰਾਹੀਂ ਆਂਡਾ ਗਰਭ ਵਿੱਚ ਪਹੁੰਚਦਾ ਹੈ, ਬੰਦ ਹੁੰਦੀਆਂ ਹਨ। ਸੋ ਇਹ ਤਾਂ ਇਸ ਵਿਸ਼ੇ ਦੇ ਮਾਹਿਰ ਹੀ ਦੱਸ ਸਕਦੇ ਹਨ ਕਿ ਸ਼ੁਕਰਾਣੂ ਤੇ ਆਂਡੇ ਦਾ ਮੇਲ ਕਿਉਂ ਨਹੀਂ ਹੁੰਦਾ?

? ਕੀ ਜੋ ਅਸੀਂ ਮੱਛਰ ਮਾਰਨ ਲਈ ਕੱਛੂਆ ਛਾਪ, ਮੌਟੀਨ ਜਾਂ ਅਡੋਮੌਸ ਲਗਵਾਉਂਦੇ ਹਾਂ ਉਹ ਸਾਡੇ ਲਈ ਹਾਨੀਕਾਰਕ ਹੈ ਜਾਂ ਲਾਭਦਾਇਕ। ਕੀ ਇਨ੍ਹਾਂ ਰਾਹੀਂ ਸਾਡੀ ਸਾਹ ਕਿਰਿਆ 'ਤੇ ਪ੍ਰਭਾਵ ਪੈ ਸਕਦਾ ਹੈ।

* ਧੂੰਏ ਵਾਲੀਆਂ ਸਾਰੀਆਂ ਵਸਤੂਆਂ ਦਾ ਸਾਹ ਕਿਰਿਆ ਉੱਤੇ ਦੁਰਪ੍ਰਭਾਵ ਤਾਂ ਹੁੰਦਾ ਹੀ ਹੈ ਪਰ ਇਨ੍ਹਾਂ ਵਿੱਚ ਮੱਛਰਾਂ ਨੂੰ ਦੂਰ ਭਜਾਉਣ ਦੇ ਗੁਣ ਵੀ ਹੁੰਦੇ ਹਨ। ਇਸ ਲਈ ਕੁਝ ਫਾਇਦੇ ਲਈ ਥੋੜ੍ਹਾ ਹਰਜਾ ਵੀ ਝੱਲਣਾ ਪੈਂਦਾ ਹੈ।

? ਮਨੁੱਖ ਪਹਿਲਾਂ ਬੱਚਾ ਫਿਰ ਜਵਾਨ ਤੇ ਉਸ ਦੇ ਬਾਅਦ ਬੁੱਢਾ ਹੋ ਜਾਂਦਾ ਹੈ ਤੇ ਅਖੀਰ ਮਰ ਜਾਂਦਾ ਹੈ। ਮਨੁੱਖ ਮਰਦੇ ਕਿਉਂ ਹਨ? ਉਹ ਸਦਾ ਸਥਿਰ ਕਿਉਂ ਨਹੀਂ ਰਹਿੰਦਾ, ਬੁੱਢਾ ਹੋ ਕੇ ਸਰੀਰ ਦਾ ਮਰ ਜਾਣਾ ਕਿਸ ਕਾਰਨ ਹੁੰਦਾ ਹੈ ਕੀ ਮਨੁੱਖ ਦੀ ਉਮਰ ਬਹੁਤ ਜ਼ਿਆਦਾ ਵੱਡੀ ਹੋ ਸਕਦੀ ਹੈ ਜਾਂ ਇਸ ਤਰ੍ਹਾਂ ਹੋ ਸਕਦਾ ਹੈ ਕਿ ਮਰੇ ਹੀ ਨਾ ਅਜਿਹਾ ਕਿਉਂ ਨਹੀਂ ਹੁੰਦਾ।

* ਮਨੁੱਖ ਤਾਂ ਕੀ, ਸੰਸਾਰ ਦੀ ਹਰੇਕ ਵਸਤੂ ਨੇ ਕੁੱਝ ਸਮੇਂ ਬਾਅਦ ਮਰਨਾ ਜ਼ਰੂਰ ਹੁੰਦਾ ਹੈ। ਇਸ ਲਈ ਬਹੁਤ ਸਾਰੇ ਵਿਗਿਆਨਕ ਮਨੁੱਖ ਦੀ ਜ਼ਿੰਦਗੀ ਨੂੰ ਵਧਾਉਣ ਲਈ ਲਗਾਤਾਰ ਯਤਨਸ਼ੀਲ ਹਨ। 20-30 ਸਾਲਾਂ ਵਿਚ ਮਨੁੱਖੀ ਉਮਰ 1200 ਸਾਲ ਤੱਕ ਵੀ ਲਿਜਾਏ ਜਾਣ ਦੀ ਸੰਭਾਵਨਾ ਹੈ। ਮਨੁੱਖ ਦੇ ਸਾਰੇ ਦੇ ਸਾਰੇ ਜੀਨਾਂ ਦੀ ਵਿਗਿਆਨਕਾਂ ਨੂੰ ਜਾਣਕਾਰੀ ਹੋ ਚੁੱਕੀ ਹੈ।

? ਕੀ ਜ਼ਿਆਦਾ ਖਾਣਾ ਖਾਣ ਨਾਲ ਆਦਮੀ ਤੰਦਰੁਸਤ ਹੋ ਜਾਂਦਾ ਹੈ। ਇੱਕ ਮਨੁੱਖ ਨੂੰ ਤਕਰੀਬਨ ਕਿੰਨਾ ਭੋਜਨ ਖਾਣਾ ਚਾਹੀਦਾ ਹੈ।

* ਮਨੁੱਖ ਦਾ ਸਰੀਰ ਇੱਕ ਗੁਬਾਰੇ ਦੀ ਤਰ੍ਹਾਂ ਹੁੰਦਾ ਹੈ। ਜਿਵੇਂ ਗੁਬਾਰੇ ਵਿਚ ਜਿੰਨੀ ਵੱਧ ਹਵਾ ਭਰੀ ਜਾਵੇਗੀ ਉਹ ਫੁਲਦਾ ਜਾਵੇਗਾ। ਇਸ ਤਰ੍ਹਾਂ ਜੇ ਸਰੀਰ ਵਿਚ ਖੁਰਾਕ ਜ਼ਿਆਦਾ ਭਰਦੀ ਰਹੇਗੀ ਤਾਂ ਉਹ ਵੀ ਫੁਲਦਾ ਰਹੇਗਾ ਪਰ ਜੇ ਤੁਹਾਡਾ ਭਾਰ ਤੁਹਾਡੀ ਉਚਾਈ ਵਾਲੇ ਵਿਅਕਤੀ ਜਿੰਨਾ ਹੋਣਾ ਚਾਹੀਦਾ ਹੈ ਜਾਂ ਉਸ ਤੋਂ ਵੱਧ ਹੈ ਤਾਂ ਜ਼ਰੂਰ ਹੀ ਤੁਹਾਨੂੰ ਆਪਣੇ ਭੋਜਨ ਨੂੰ ਘਟਾ ਦੇਣਾ ਚਾਹੀਦਾ ਹੈ। ਖੰਡ ਤੇ ਘਿਉ ਵਿਚ ਊਰਜਾ ਦੀ ਮਾਤਰਾ ਬਾਕੀ ਪਦਾਰਥਾਂ ਨਾਲੋਂ ਤਿੰਨ ਗੁਣਾਂ ਵੱਧ ਹੁੰਦੀ ਹੈ। ਇਸ ਲਈ ਖੰਡ ਤੇ ਘਿਉ ਜਾਂ ਇਨ੍ਹਾਂ ਤੋਂ ਬਣੀਆਂ ਵਸਤੂਆਂ ਦਾ ਸੇਵਨ ਘੱਟ ਤੋਂ ਘੱਟ ਕਰ ਦੇਣਾ ਚਾਹੀਦਾ ਹੈ। ਬਹੁਤੇ ਪੰਜਾਬੀ ਆਪਣੀ ਲੋੜ ਨਾਲੋਂ ਵੱਧ ਖੁਰਾਕ ਖਾ ਰਹੇ ਹਨ। ਇਸ ਲਈ ਜੇ ਤੁਹਾਡੀ ਉਮਰ 30 ਸਾਲ ਤੋਂ ਵੱਧ ਹੈ ਤਾਂ ਤੁਹਾਨੂੰ ਜ਼ਰੂਰ ਹੀ ਆਪਣੇ ਭੋਜਨ ਤੇ ਕੰਟਰੋਲ ਕਰਨਾ ਚਾਹੀਦਾ ਹੈ।

? ਕਈ ਬੰਦੇ ਮੈਂ ਦੇਖੇ ਹਨ। ਗੱਲ ਕਰਕੇ ਮੂੰਹ ਵਿਚ 10 ਕੁ ਵਾਰੀ ਕੀ-ਕੀ ਕਹਿੰਦੇ ਹਨ। ਕਈ ਵਿਅਕਤੀ ਰੋਟੀ ਖਾਂਦੇ ਹਨ। ਕਈ ਵਿਅਕਤੀ ਰੋਟੀ ਖਾਂਦੇ ਹੱਥਾਂ ਵੱਲ ਗੌਰ ਨਾਲ ਵੇਖਦੇ ਰਹਿੰਦੇ ਹਨ। ਇਹ ਕਿਹੜੀ ਬਿਮਾਰੀ ਹੈ।

* ਅਜਿਹੇ ਆਦਮੀਆਂ ਨੂੰ ਮਾਨਸਿਕ ਬਿਮਾਰੀ ਹੀ ਹੁੰਦੀ ਹੈ। ਇਸ ਵਿਚ ਵੀ ਉਨ੍ਹਾਂ ਨੂੰ ਮਨੋਭਰਮ ਹੀ ਪੈਦਾ ਹੁੰਦੇ ਹਨ।

? ਜਿੰਨੇ ਵੀ ਪ੍ਰੇਮੀ ਜੋੜੇ ਹੋਏ ਹਨ ਜਿਵੇਂ ਸੱਸੀ-ਪੁੰਨੂੰ, ਹੀਰ-ਰਾਂਝਾ, ਸੋਹਣੀ ਮਹੀਂਵਾਲ, ਇਨ੍ਹਾਂ ਵਿਚੋਂ ਲੜਕੀ ਦਾ ਨਾਮ ਮੂਹਰੇ ਹੈ। ਮਿਰਜਾਂ-ਸਹਿਬਾਂ ਅੱਗੇ ਲੜਕੇ ਦਾ ਨਾਮ ਕਿਵੇਂ ਆ ਗਿਆ?

* ਇਨ੍ਹਾਂ ਕਿੱਸਿਆਂ ਦੇ ਕਿੱਸਾਕਾਰ ਇਸ ਗੱਲ ਤੋਂ ਭਲੀਭਾਂਤ ਜਾਣੂ ਸਨ ਕਿ ਇਸਤਰੀਆਂ ਦੇ ਨਾਮ ਪਹਿਲਾਂ ਲਾਉਣ ਨਾਲ ਉਨ੍ਹਾਂ ਦੇ ਕਿੱਸੇ ਵੱਧ ਵਿਕ ਸਕਦੇ ਹਨ। ਇਸ ਲਈ ਬਹੁਤੇ ਕਿੱਸਾਕਾਰਾਂ ਨੇ ਇਸ ਜਾਣਕਾਰੀ ਨੂੰ ਭਲੀਭਾਂਤ ਵਰਤਿਆ। ਪਰ ਮਿਰਜਾ-ਸਾਹਿਬਾਂ ਦਾ ਕਿੱਸਾਕਾਰ ਇਸ ਪ੍ਰਭਾਵ ਤੋਂ ਜਾਣੂ ਨਹੀਂ ਸੀ। ਇਸ ਲਈ ਉਸਨੇ ਮਿਰਜੇ ਦੇ ਨਾਂ ਨੂੰ ਪਹਿਲ ਦਿੱਤੀ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਐਨ. ਡੀ. ਏ. ਸਰਕਾਰ ਨੇ ਫ਼ੈਡਰਲ ਢਾਂਚੇ ਦੀ ਮਜ਼ਬੂਤੀ ਵੱਲ ਕਦਮ ਵਧਾ ਕੇ ਡਾ. ਅੰਬੇਦਕਰ ਦੇ ਆਸ਼ੇ ਨੂੰ ਅਮਲੀ ਜਾਮਾ ਪਹਿਨਾਇਆ-ਡਾ. ਦਲਜੀਤ ਸਿੰਘ ਚੀਮਾ



-ਰੇਸ਼ਮ ਕਰਨਾਣਵੀ
98158-80104

**ਨਵਾਂਸ਼ਹਿਰ–** ਦੇਸ਼ ਦੇ 69ਵੇਂ ਸੁਤੰਤਰਤਾ ਸਮਾਗਮ ਦੌਰਾਨ ਕੌਮੀ ਝੰਡਾ ਲਹਿਰਾਉਣ ਦੀ ਰਸਮ ਸਿੱਖਿਆ ਮੰਤਰੀ ਪੰਜਾਬ ਡਾ. ਦਲਜੀਤ ਸਿੰਘ ਚੀਮਾ ਨੇ ਨਿਭਾਈ। ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਐਨ.ਡੀ.ਏ. ਸਰਕਾਰ ਨੇ ਦੇਸ਼ ਵਿੱਚ ਫ਼ੈਡਰਲ ਢਾਂਚੇ ਨੂੰ ਮਜ਼ਬੂਤ ਕਰਨ ਵੱਲ ਕਦਮ ਵਧਾ ਕੇ ਸੰਵਿਧਾਨ ਨਿਰਮਾਤਾ ਡਾ. ਬੀ.ਆਰ. ਅੰ-ਬੇਦਕਰ ਦੇ ਆਸ਼ੇ ਨੂੰ ਅਮਲੀ ਜਾਮਾ ਪਹਿਨਾਇਆ ਹੈ। ਇਸੇ ਪਹਿਲ ਕਦਮੀ ਸਦਕਾ ਹੀ ਸੂਬਿਆਂ ਨੂੰ ਟੈਕਸਾਂ ਵਿੱਚੋਂ ਮਿਲਦੇ 32 ਫ਼ੀਸਦੀ ਹਿੱਸੇ ਨੂੰ ਵਧਾ ਕੇ 42 ਫ਼ੀਸਦੀ ਕੀਤਾ ਗਿਆ ਹੈ। ਇਹ ਪ੍ਰਗਟਾਵਾ ਸਕੂਲ ਸਿੱਖਿਆ ਮੰਤਰੀ ਪੰਜਾਬ ਡਾ. ਦਲਜੀਤ ਸਿੰਘ ਚੀਮਾ ਨੇ ਅੱਜ ਆਈ. ਟੀ. ਆਈ. ਸਟੇਡੀਅਮ ਨਵਾਂਸ਼ਹਿਰ ਵਿਖੇ ਦੇਸ਼ ਦੇ 69ਵੇਂ ਸੁਤੰਤਰਤਾ ਸਮਾਗਮ ਦੌਰਾਨ ਕੌਮੀ ਝੰਡਾ ਲਹਿਰਾਉਣ ਬਾਅਦ ਆਪਣੇ ਸੰਬੋਧਨ ਵਿੱਚ ਕੀਤਾ। ਉਨ੍ਹਾਂ ਅਜ਼ਾਦੀ ਪ੍ਰਾਪਤੀ ਦੇ ਘੋਲ ਦੌਰਾਨ ਜਾਨਾਂ ਵਾਰਨ ਵਾਲੇ ਪ੍ਰਵਾਨਿਆਂ ਵਿੱਚ ਸ਼ਾਮਿਲ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ, ਸ. ਕਰਤਾਰ ਸਿੰਘ ਸਰਾਭਾ, ਸ਼ਹੀਦ ਮਦਨ ਲਾਲ ਢੀਂਗਰਾ, ਸ਼ਹੀਦ ਊਧਮ ਸਿੰਘ ਅਤੇ ਬੱਬਰ ਅਕਾਲੀ ਲਹਿਰ, ਗਦਰ ਲਹਿਰ, ਪਗੜੀ ਸੰਭਾਲ ਲਹਿਰ, ਕੂਕਾ ਲਹਿਰ, ਗੁਰਦੁਆਰਾ ਸੁਧਾਰ ਲਹਿਰ ਅਤੇ ਭਾਰਤ ਛੱਡੋ ਅੰਦੋਲਨ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੂੰ ਨਿੱਘੀ ਸ਼ਰਧਾਂਜਲੀ ਅਰਪਿਤ ਕੀਤੀ। ਉਨ੍ਹਾਂ ਆਖਿਆ ਕਿ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਰਾਖੀ ਲਈ ਪੰਜਾਬ ਸਰਕਾਰ ਅਤੇ ਪੰਜਾਬ ਦੇ ਵਸਨੀਕ ਹਰ ਕੁਰਬਾਨੀ ਲਈ ਤਿਆਰ ਹਨ।

ਸਿੱਖਿਆ ਮੰਤਰੀ ਨੇ ਇਸ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਸ. ਅਮਰ ਪ੍ਰਤਾਪ ਸਿੰਘ ਵਿਰਕ ਅਤੇ ਐਸ.ਐਸ.ਪੀ. ਸ੍ਰੀ ਸਨੇਹਦੀਪ ਸ਼ਰਮਾ ਦੇ ਨਾਲ ਪਰੇਡ ਦਾ ਮੁਆਇਨਾ ਵੀ ਕੀਤਾ ਅਤੇ ਅਜ਼ਾਦੀ ਘੁਲਾਟੀਆਂ ਦੇ ਆਸ਼ਰਿਤਾਂ ਜਿਨ੍ਹਾਂ ਵਿੱਚ ਪ੍ਰੀਤਮ ਕੌਰ ਪਤਨੀ ਬੂਟਾ ਸਿੰਘ ਮੀਰਪੁਰ ਜੱਟਾਂ, ਅਮਰ ਕੌਰ ਪਤਨੀ ਮਹਿੰਗਾ ਰਾਮ ਪੁਨੂੰ ਮਜਾਰਾ, ਮਹਿੰਦਰ ਕੌਰ ਪਤਨੀ ਕਰਤਾਰ ਸਿੰਘ ਨੀਲੋਵਾਲ, ਸੀਤਾ ਦੇਵੀ ਪਤਨੀ ਲਾਲ ਚੰਦ ਗਹੂੰਣ ਅਤੇ ਮੇਲੋ ਦੇਵੀ ਪਤਨੀ ਗਰੀਬੂ ਦਾਸ ਜੱਟਪੁਰ ਨੂੰ ਮਿਲ ਕੇ ਹਾਲ-ਚਾਲ ਵੀ ਪੁੱਛਿਆ ਅਤੇ ਦੋਸ਼ਾਲਿਆਂ ਨਾਲ ਸਨਮਾਨਿਤ ਕੀਤਾ।





ਇਸ ਮੌਕੇ ਡਾ. ਚੀਮਾ ਵੱਲੋਂ ਮਾਈ ਭਾਗੋ ਵਿਦਿਅਕ ਸਕੀਮ ਤਹਿਤ ਵਿਦਿਆਰਥਣਾਂ ਨੂੰ ਮੁਫ਼ਤ ਸਾਈਕਲ ਦੇਣ ਦੀ ਰਾਜ ਪੱਧਰੀ ਸਕੀਮ ਤਹਿਤ 50 ਵਿਦਿਆਰਥਣਾਂ ਨੂੰ ਸਾਈਕਲ ਵੰਡ ਕੇ ਸੂਬਾ ਪੱਧਰ 'ਤੇ ਸ਼ੁਰੂਆਤ ਕੀਤੀ।

ਮੁੱਖ ਮਹਿਮਾਨ ਵੱਲੋਂ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੀ ਤਰਫ਼ੋਂ ਲੋੜਵੰਦ ਲੋਕਾਂ ਨੂੰ 8 ਟ੍ਰਾਈਸਾਈਕਲ ਅਤੇ ਇੱਕ ਵ੍ਹੀਲ ਚੇਅਰ ਵੀ ਪ੍ਰਦਾਨ ਕੀਤੀ। ਉਨ੍ਹਾਂ ਨੇ ਸਮੁੱਚੀ ਪਰੇਡ ਦੀ ਅਗਵਾਈ ਕਰਨ ਵਾਲੀ ਡੀ.ਐਸ.ਪੀ. (ਅੰਡਰ ਟ੍ਰੇਨੀ) ਸੰਦੀਪ ਕੌਰ ਸੈਣੀ, ਵੱਖ-ਵੱਖ ਟੁਕੜੀਆਂ ਦੇ ਕਮਾਂਡਰਾਂ, ਸਮਾਗਮ ਵਿੱਚ ਮਾਰਚ ਪਾਸਟ, ਪੀ.ਟੀ. ਸ਼ੋਅ ਅਤੇ ਸਭਿਆਚਾਰਕ ਗਤੀਵਿਧੀਆਂ ਵਿੱਚ ਸ਼ਾਮਿਲ ਸਕੂਲਾਂ ਦੇ ਵਿਦਿਆਰਥੀਆਂ ਨੂੰ ਵੀ ਸਨਮਾਨਿਤ ਕੀਤਾ। ਇਸ ਮੌਕੇ ਸਾਂਝ ਕੇਂਦਰ, ਬਾਗਬਾਨੀ, ਵੇਰਕਾ, ਮਾਰਕਫ਼ੈਡ ਅਤੇ ਜ਼ਿਲ੍ਹਾ ਸਿੱਖਿਆ ਦਫ਼ਤਰ ਵੱਲੋਂ ਲਾਈਆਂ ਪ੍ਰਦਰਸ਼ਨੀਆਂ ਵੀ ਮੁੱਖ ਮਹਿਮਾਨ ਵੱਲੋਂ ਵਿਸ਼ੇਸ਼ ਤੌਰ 'ਤੇ ਦੇਖੀਆਂ ਗਈਆਂ। ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਮਾਰਕਫ਼ੈਡ ਦੇ ਚੇਅਰਮੈਨ ਤੇ ਹਲਕਾ ਨਵਾਂਸ਼ਹਿਰ ਦੇ ਇੰਚਾਰਜ ਸ. ਜਰਨੈਲ ਸਿੰਘ ਵਾਹਦ, ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਸ੍ਰੀ ਬੀ.ਕੇ. ਮਹਿਤਾ, ਡਿਪਟੀ ਕਮਿਸ਼ਨਰ ਸ. ਅਮਰ ਪ੍ਰਤਾਪ ਸਿੰਘ ਵਿਰਕ, ਐਸ.ਐਸ.ਪੀ. ਸਨੇਹਦੀਪ ਸ਼ਰਮਾ, ਏ.ਡੀ.ਸੀ. ਅਪਨੀਤ ਰਿਆਤ, ਐਸ.ਪੀ. ਗਗਨ ਅਜੀਤ ਸਿੰਘ, ਐਸ. ਡੀ. ਐਮ. ਨਵਾਂਸ਼ਹਿਰ ਜੀਵਨ ਜਗਜੋਤ, ਸਹਾਇਕ ਕਮਿਸ਼ਨਰ ਗੀਤਿਕਾ ਸਿੰਘ, ਡੀ. ਐਸ. ਪੀ. ਰੁਪਿੰਦਰ ਕੌਰ ਭੱਟੀ, ਮੈਂਬਰ ਐਸ. ਜੀ. ਪੀ. ਸੀ. ਜ. ਮਹਿੰਦਰ ਸਿੰਘ ਹੁਸੈਨਪੁਰੀ ਤੇ ਗੁਰਬਖਸ਼ ਸਿੰਘ ਖਾਲਸਾ, ਜ਼ਿਲ੍ਹਾ ਜਥੇਦਾਰ ਰਾਮ ਸਿੰਘ ਦੁਧਾਲਾਂ, ਜ਼ਿਲ੍ਹਾ ਪ੍ਰੀਸ਼ਦ ਦੀ ਚੇਅਰਪਰਸਨ ਰਘੁਵਿੰਦਰ ਕੌਰ, ਅਕਾਲੀ ਦਲ ਦੇ ਐਸ.ਸੀ. ਵਿੰਗ ਦੇ ਜ਼ਿਲ੍ਹਾ ਪ੍ਰਧਾਨ ਸੋਹਣ ਲਾਲ ਢੰਡੇ ਅਤੇ ਮਾਰਕੀਟ ਕਮੇਟੀ ਬੰਗਾ ਦੇ ਚੇਅਰਮੈਨ ਬੁੱਧ ਸਿੰਘ ਬਲਾਕੀਪੁਰ ਤੋਂ ਇਲਾਵਾ ਡੀ.ਈ.ਓ. ਦਿਨੇਸ਼ ਕੁਮਾਰ, ਡੀ.ਪੀ.ਆਰ.ਓ. ਰਸ਼ਿਮ ਵਰਮਾ, ਡੀ.ਆਰ.ਓ. ਹਰਸ਼ਰਨ ਸਿੰਘ, ਡੀ.ਡੀ.ਪੀ.ਓ. ਚਰਨਜੋਤ ਸਿੰਘ ਵਾਲੀਆ, ਤਹਿਸੀਲਦਾਰ ਅਮ੍ਰਿਤ ਲਾਲ ਅਰੋੜਾ ਤੇ ਨਾਇਬ ਤਹਿਸੀਲਦਾਰ ਹਰਗੋਬਿੰਦ ਸਿੰਘ ਬਾਜਵਾ ਸਮੇਤ ਹੋਰ ਅਧਿਕਾਰੀ ਵੀ ਮੌਜੂਦ ਸਨ।

**– ਰੇਸ਼ਮ ਕਰਨਾਣਵੀ**

# ਐਨ.ਆਰ.ਆਈਜ਼ ਵਲੋਂ ਗੁਰਦਿਆਂ ਦੇ ਮਰੀਜ਼ ਦੀ ਮਦਦ



ਪਿੰਡ ਜਗਤਪੁਰ ਵਿਖੇ ਐੱਨ.ਆਰ.ਆਈਜ਼ ਮੁਖਤਿਆਰ ਸਿੰਘ, ਦਰਸ਼ਨ ਸਿੰਘ ਅਤੇ ਜੱਸ ਸ਼ੇਰਗਿੱਲ ਵਲੋਂ ਸਮੇਂ ਸਮੇਂ ਤੇ ਯੂਥ ਡਿਵੈਲਪਮੈਂਟ ਐਂਡ ਸਪੋਰਟਸ ਕਲੱਬ ਅਤੇ ਦਸ਼ਮੇਸ਼ ਕਲੱਬ ਦੇ ਸਹਿਯੋਗ ਨਾਲ਼ ਲੋੜਵੰਦਾਂ ਦੀ ਮੱਦਦ ਅਤੇ ਪਿੰਡ ਦੇ ਵਿਕਾਸ ਵਿੱਚ ਯੋਗਦਾਨ ਪਾਇਆ ਜਾਂਦਾ ਹੈ। ਯੂਥ ਡਿਵੈਲਪਮੈਂਟ ਐਂਡ ਸਪੋਰਟਸ ਕਲੱਬ ਦੇ ਪ੍ਰਧਾਨ ਅਵਤਾਰ ਸਿੰਘ ਨੇ ਦੱਸਿਆ ਕਿ ਇਨ੍ਹਾਂ ਐੱਨ. ਆਰ. ਆਈਜ਼ ਵਲੋਂ ਪਿੰਡ ਦੇ ਵਿਕਾਸ ਅਤੇ ਲੋੜਵੰਦਾਂ ਦੀ ਮੱਦਦ ਦੀ ਲੜੀ ਤਹਿਤ ਇਸ ਵਾਰ ਇਨ੍ਹਾਂ ਨੇ ਗਗਨਦੀਪ ਜੋ ਕਿ ਗੁਰਦਿਆਂ ਦੀ ਬਿਮਾਰੀ ਤੋਂ ਪੀੜਤ ਹੈ ਉਸ ਦੀ ਚੱਲ ਰਹੇ ਇਲਾਜ ਦਾ ਖਰਚਾ ਚੁੱਕਿਆ ਹੈ। ਗਗਨਦੀਪ ਦੇ ਪਰਿਵਾਰ ਨੇ ਦੱਸਿਆ ਕਿ ਸਾਡੀ ਆਰਥਿਕ ਹਾਲਤ ਇਸ ਬਿਮਾਰੀ ਦੇ ਇਲਾਜ ਕਰਵਾਉਣ ਦੇ ਯੋਗ ਨਹੀਂ ਸੀ। ਉਨ੍ਹਾਂ ਨੇ ਪਿੰਡ ਦੇ ਵਿਦੇਸ਼ ਵਸੇ ਦਾਨੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਕਲੱਬ ਦੇ ਮੈਂਬਰਾਂ ਨੇ ਕਿਹਾ ਕਿ ਪਿੰਡ ਦੇ ਵਿਦੇਸ਼ ਵਸੇ ਦਾਨੀਆਂ ਦੀ ਸਹਾਇਤਾ ਨਾਲ਼ ਅੱਗੇ ਤੋਂ ਵੀ ਸਮਾਜ ਭਲਾਈ ਦੇ ਕੰਮ ਜਾਰੀ ਰੱਖੇ ਜਾਣਗੇ। ਇਸ ਮੌਕੇ ਬੂਟਾ ਸਿੰਘ ਸਾਬਕਾ ਪੰਚ, ਗੁਰਵਿੰਦਰ ਸਿੰਘ ਪੰਚ, ਸੁਰਿੰਦਰ ਸਿੰਘ ਪੰਚ ਆਦਿ ਹਾਜ਼ਰ ਸਨ।

**– ਰੇਸ਼ਮ ਕਰਨਾਣਵੀ**

ਭਾਰਤ ਵਿਚ ਅੱਤਵਾਦ ਕਰੀਬ 30 ਸਾਲ ਤੋਂ ਹੈ ਅਤੇ ਜਾਤੀਵਾਦ 3 ਹਜ਼ਾਰ ਸਾਲ ਤੋਂ ਹੈ। ਅੱਤਵਾਦ ਦਾ ਹਮਲਾ ਕਦੀ-ਕਦੀ ਹੁੰਦਾ ਹੈ, ਜਦਕਿ ਜਾਤੀਵਾਦ ਦਾ ਹਮਲਾ ਹਰ ਰੋਜ਼ ਹੁੰਦਾ ਹੈ। ਮਤਲਬ ਕਿ ਅੱਤਵਾਦ ਤੋਂ ਵੀ ਜ਼ਿਆਦਾ ਲੋਕ ਜਾਤੀਵਾਦ ਕਾਰਨ ਹਰ ਰੋਜ਼ ਮਰਦੇ ਹਨ, ਫਿਰ ਵੀ ਜਾਤੀਵਾਦ ਦੇ ਬਾਰੇ ਲੋਕ ਚੁੱਪ ਕਿਉਂ ਹਨ?

# ਡਿਪਟੀ ਕਮਿਸ਼ਨਰ ਅਤੇ ਏ.ਡੀ.ਸੀ.ਨੇ ਨੇ ਕੌਮੀ ਝੰਡਾ ਲਹਿਰਾਇਆ



**ਨਵਾਂਸ਼ਹਿਰ–** ਦੇਸ਼ ਦੇ 69ਵੇਂ ਸੁਤੰਤਰਤਾ ਦਿਵਸ ਮੌਕੇ ਡਿਪਟੀ ਕਮਿਸ਼ਨਰ ਸ. ਅਮਰ ਪ੍ਰਤਾਪ ਸਿੰਵਿਰਕ ਨੇ ਕੈਂਪ ਦਫ਼ਤਰ ਵਿਖੇ ਝੰਡਾ ਲਹਿਰਾਇਆ ਅਤੇ ਅਜ਼ਾਦੀ ਦਿਹਾੜੇ ਦੀਆਂ ਸ਼ੁਭ ਕਾਮਨਾਵਾਂ ਦਿੱਤੀਆਂ।

ਉਨ੍ਹਾਂ ਆਖਿਆ ਕਿ ਬਹੁਤ ਹੀ ਕੁਰਬਾਨੀਆਂ ਅਤੇ ਸੰਘਰਸ਼ ਤੋਂ ਬਾਅਦ ਮਿਲੀ ਅਜ਼ਾਦੀ ਸਦਕਾ ਹੀ ਅੱਜ ਅਸੀਂ ਅਜ਼ਾਦ ਫ਼ਿਜ਼ਾ ਵਿੱਚ ਸਾਹ ਲੈ ਰਹੇ ਹਾਂ। ਉਨ੍ਹਾਂ ਕਿਹਾ ਕਿ ਅਜ਼ਾਦੀ ਨੂੰ ਬਰਕਰਾਰ ਰੱਖਣ ਲਈ ਜ਼ਰੂਰੀ ਹੈ ਕਿ ਅਸੀਂ ਏਕਤਾ ਤੇ ਅਖੰਡਤਾ ਨੂੰ ਹਰ ਹਾਲ ਵਿੱਚ ਕਾਇਮ ਰੱਖੀਏ ਅਤੇ ਸਭ ਤੋਂ ਪਹਿਲਾਂ ਪੰਜਾਬੀ, ਬੰਗਾਲੀ, ਹਰਿਆਣਵੀ ਜਾਂ ਹੋਰ ਸੂਬਾਈ ਜਾਂ ਭਾਸ਼ਾਈ ਪਛਾਣ ਤੋਂ ਉੱਪਰ ਉੱਠ ਕੇ ਭਾਰਤੀ ਬਣੀਏ।

ਇਸ ਮੌਕੇ ਜ਼ਿਲ੍ਹਾ ਪੁਲੀਸ ਦੀ ਟੁਕੜੀ ਵੱਲੋਂ ਸਲਾਮੀ ਲਈ ਗਈ ਅਤੇ ਸ਼ਿਵਾਲਿਕ ਪਬਲਿਕ ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਰਾਸ਼ਟਰ ਗਾਇਨ ਗਾਇਆ ਗਿਆ।

ਇਸ ਦੇ ਨਾਲ਼ ਹੀ ਜ਼ਿਲ੍ਹਾ ਪ੍ਰਸ਼ਾਸ਼ਕੀ ਕੰ-ਪਲੈਕਸ ਵਿਖੇ ਕੌਮੀ ਝੰਡਾ ਲਹਿਰਾਉਣ ਦੀ ਰਸਮ ਵਧੀਕ ਡਿਪਟੀ ਕਮਿਸ਼ਨਰ ਅਪਨੀਤ ਰਿਆਤ ਨੇ ਨਿਭਾਈ। ਉਨ੍ਹਾਂ ਇਸ ਮੌਕੇ ਕੌਮੀ ਝੰਡੇ ਨੂੰ ਸਲਾਮੀ ਵੀ ਦਿੱਤੀ। ਉਨ੍ਹਾਂ ਆਖਿਆ ਕਿ ਅਜ਼ਾਦੀ ਪ੍ਰਵਾਨਿਆਂ ਵੱਲੋਂ ਦਿੱਤੀਆਂ ਸ਼ਹਾਦਤਾਂ ਦਾ ਪੂਰਾ ਰਾਸ਼ਟਰ ਅੱਜ ਵੀ ਅਹਿਸਾਨਮੰਦ ਹੈ ਅਤੇ ਹਮੇਸ਼ਾਂ ਰਹੇਗਾ। ਉਨ੍ਹਾਂ ਕਿਹਾ ਕਿ ਹਰੇਕ ਦੇਸ਼ ਵਾਸੀ ਦਾ ਫ਼ਰਜ਼ ਹੈ ਕਿ ਉਹ ਇਸ ਅਜ਼ਾਦੀ ਦੀ ਰਾਖੀ ਲਈ ਆਪਣੇ ਫ਼ਰਜ਼ਾਂ ਦੀ ਪੂਰਤੀ ਕਰੇ।

ਇਸ ਮੌਕੇ ਉਨ੍ਹਾਂ ਦੇ ਨਾਲ ਐਸ.ਡੀ.ਐਮ. ਨਵਾਂਸ਼ਹਿਰ ਜੀਵਨ ਜਗਜੋਤ, ਸਹਾਇਕ ਕਮਿਸ਼ਨਰ ਗੀਤਿਕਾ ਸਿੰਘ, ਜ਼ਿਲ੍ਹਾ ਮਾਲ ਅਫ਼ਸਰ ਹਰਸ਼ਰਨ ਸਿੰਘ ਤੇ ਡੀ.ਸੀ. ਦਫ਼ਤਰ ਦਾ ਸਟਾਫ਼ ਮੌਜੂਦ ਸੀ।

**– ਰੇਸ਼ਮ ਕਰਨਾਣਵੀ**

# ਲੜਕੀਆਂ ਨੂੰ 70,000 ਰੁਪਏ ਦੀਆਂ ਸ਼ਗਨ ਐੱਫ. ਡੀਜ਼. ਤਕਸੀਮ ਕੀਤੀਆਂ

**ਮੁਕੰਦਪੁਰ–** ਇਲਾਕੇ ਦੇ ਨਵੀਆਂ ਪਿਰਤਾਂ ਪਾਉਣ ਦੇ ਮੋਢੀ ਪਿੰਡਾਂ 'ਚ ਸ਼ੁਮਾਰ ਪਿੰਡ ਜਗਤਪੁਰ ਦੇ ਐੱਨ.ਆਰ.ਆਈਜ਼, ਵਲੋਂ ਸਮਾਜ ਸੇਵਾ ਵਿੱਚ ਵਡਮੁੱਲਾ ਯੋਗਦਾਨ ਪਾਉਂਦੇ ਹੋਏ ਪਿੰਡ ਦੇ ਵਿਕਾਸ ਅਤੇ ਭਲਾਈ ਕਾਰਜਾਂ ਦੀ ਲੜੀ 'ਚ ਇੱਕ ਹੋਰ ਅਹਿਮ ਕਾਰਜ ਆਰੰਭਿਆ ਹੈ, ਜਿਸ ਤਹਿਤ ਪਿੰਡ ਦੀਆਂ 12 ਸਾਲ ਤੱਕ ਦੀ ਉਮਰ ਦੀਆਂ ਲੜਕੀਆਂ ਨੂੰ ਪ੍ਰਤੀ ਲੜਕੀ 7 ਹਜ਼ਾਰ ਰੁਪਏ ਦੀ ਐੱਫ.ਡੀ. ਹਰ ਪਰਿਵਾਰ ਦੇ ਘਰ ਜਾ ਕੇ ਤਕਸੀਮ ਕੀਤੀਆਂ। ਇਸ ਕਾਰਜ ਵਾਸਤੇ ਕਨੇਡਾ ਵਿੱਚ ਵਸਦੇ ਸੁਰਜੀਤ ਸਿੰਘ ਅਤੇ ਬੀਬੀ ਗੁਰਪ੍ਰੀਤ ਕੌਰ ਦੇ ਹੋਣਹਾਰ ਸਪੁੱਤਰ ਅਮਰਪ੍ਰੀਤ ਸਿੰਘ ਵਲੋਂ ਇਹ ਰਾਸ਼ੀ ਭੇਜੀ ਗਈ।



ਇਸ ਮੌਕੇ ਮਾਸਟਰ ਬਖ਼ਤਾਵਰ ਸਿੰਘ ਨੇ ਆਖਿਆ ਕਿ ਧੀਆਂ ਦਾ ਮਾਣ ਵਧਾਉਣ ਵਾਸਤੇ ਵਿਦੇਸ਼ ਵਸਦੇ ਪਿੰਡ ਦੀ ਮਿੱਟੀ ਨਾਲ਼ ਮੋਹ ਰੱਖਣ ਵਾਲੇ ਦਾਨੀ ਸੱਜਣਾਂ ਵਲੋਂ ਕੀਤਾ ਉਪਰਾਲਾ ਸਿਫ਼ਤਯੋਗ ਹੈ। ਉਨ੍ਹਾਂ ਕਿਹਾ ਕਿ ਇਹ ਰਾਸ਼ੀ ਲੜਕੀਆਂ ਦੇ ਵਿਆਹ ਮੌਕੇ ਸ਼ਗਨ ਦੇ ਰੂਪ ਵਿੱਚ ਹਾਸਲ ਕੀਤੀ ਜਾ ਸਕੇਗੀ। ਇਹ ਰਾਸ਼ੀ ਪ੍ਰਾਪਤ ਕਰਨ ਵਾਲੀਆਂ ਲੜਕੀਆਂ ਵਿੱਚ ਸੰਦੀਪ ਕੌਰ, ਲਵਪ੍ਰੀਤ ਕੌਰ, ਅਮਰਜੀਤ ਕੌਰ, ਜਸਦੀਪ ਕੌਰ, ਪ੍ਰੀਯਾ, ਨਵਜੋਤ ਕੌਰ, ਸੁਖਜੋਤ ਕੌਰ, ਗੁਰਲੀਨ ਕੌਰ, ਦੀਪਕ ਅਤੇ ਮਨਪ੍ਰੀਤ ਕੌਰ ਸ਼ਾਮਲ ਹਨ। ਇੱਥੇ ਜ਼ਿਕਰਯੋਗ ਹੈ ਕਿ ਪਹਿਲਾਂ ਵੀ ਵਿਦੇਸ਼ ਵਸਦੇ ਦਾਨੀਆਂ ਵਲੋਂ ਇਸ ਤਰ੍ਹਾਂ ਹੀ 17 ਲੜਕੀਆਂ ਨੂੰ ਐੱਫ. ਡੀਜ਼ ਦਿੱਤੀਆਂ ਜਾ ਚੁੱਕੀਆਂ ਹਨ। ਇਸ ਮੌਕੇ ਇਹ ਰਾਸ਼ੀ ਹਾਸਲ ਕਰਨ ਵਾਲੇ ਪਰਿਵਾਰਾਂ ਵਲੋਂ ਐੱਨ.ਆਰ.ਆਈਜ਼ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

ਇਹ ਰਾਸ਼ੀ ਦੀਆਂ ਐੱਫ. ਡੀਜ਼ ਤਕਸੀਮ ਕਰਨ ਸਮੇਂ ਮਾਸਟਰ ਬਖ਼ਤਾਵਰ ਸਿੰਘ, ਅਵਤਾਰ ਸਿੰਘ, ਮਨਜਿੰਦਰ ਸਿੰਘ, ਸੁਰਿੰਦਰ ਸਿੰਘ ਪੰਚ, ਗੁਰਵਿੰਦਰ ਸਿੰਘ ਨਿੱਪੀ ਪੰਚ, ਬੂਟਾ ਸਿੰਘ ਸਾਬਕਾ ਪੰਚ, ਸਵਰਨ ਸਿੰਘ ਪ੍ਰਧਾਨ, ਮੇਜਰ ਸਿੰਘ, ਮੱਖਣ ਸਿੰਘ ਮੈਂਬਰ ਬਲਾਕ ਸੰਮਤੀ, ਸੋਢੀ ਰਾਮ ਸਾਬਕਾ ਸਰਪੰਚ, ਹਰਦੇਵ ਸਿੰਘ ਸੁਸਾਇਟੀ ਪ੍ਰਧਾਨ ਅਤੇ ਨੰਬਰਦਾਰ ਸਵਰਨ ਸਿੰਘ ਹਾਜ਼ਰ ਸਨ।

**– ਰੇਸ਼ਮ ਕਰਨਾਣਵੀ**

# ਜਗਦੀਸ਼ ਟਾਇਟਲਰ ਖਿਲਾਫ ਅਦਾਲਤ ਨੇ ਅਰਜ਼ੀ ਕੀਤੀ ਮਨਜ਼ੂਰ

**ਨਵੀਂ ਦਿੱਲੀ–** ਨਵੰਬਰ 1984 ਵਿੱਚ ਸੱਤਾਧਾਰੀ ਪਾਰਟੀ ਅਤੇ ਸਰਕਾਰੀ ਤੰਤਰ ਦੀ ਮਿਲੀਭੁਗਤ ਨਾਲ ਸੋਚੀ ਸਮਝੀ ਸਾਜਿਸ਼ ਅਧੀਨ ਸਿੱਖਾਂ ਦੇ ਹੋਏ ਕਤਲ-ਏ -ਆਮ ਦੇ ਮਾਮਲੇ ਵਿੱਚ ਮੁੱਖ ਦੋਸ਼ੀ ਸਮਝੇ ਜਾਂਦੇ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਨੂੰ ਸੀ ਬੀ ਆਈ ਵੱਲੋਂ ਦਿੱਤੀ ਗਈ ਦੋਸ਼ ਮੁਕਤੀ ਖ਼ਿਲਾਫ਼ ਕੜਕੜਡੂਮਾ ਅਦਾਲਤ ਨੇ ਪ੍ਰੋਟੈਸਟ ਪਟੀਸ਼ਨ ਮਨਜ਼ੂਰ ਕਰਦੇ ਹੋਏ ਸੀ.ਬੀ.ਆਈ. ਨੂੰ ਨੋਟਿਸ ਜਾਰੀ ਕੀਤਾ ਹੈ ਤੇ ਮਾਮਲੇ ਦੀ ਅਗਲੀ ਸੁਣਵਾਈ 11 ਸਤੰਬਰ ਨੂੰ ਹੋਵੇਗੀ।

ਇਹ ਮੁਕੱਦਮਾ ਪੁਲਬੰਗਸ਼ ਗੁਰਦੁਆਰੇ ਵਿੱਚ ਤਿੰਨ ਸਿੱਖਾਂ ਦੇ ਕਤਲ ਨਾਲ ਸਬੰਧਤ ਹੈ, ਜਿਸ ਵਿੱਚ ਮਾਰੇ ਗਏ ਬਾਦਲ ਸਿੰਘ ਦੀ ਪਤਨੀ ਲਖਵਿੰਦਰ ਕੌਰ ਵੱਲੋਂ ਸ੍ਰੀ ਐਚ.ਐਸ. ਫੂਲਕਾ ਨੇ ਇਹ ਪਟੀਸ਼ਨ ਦਾਇਰ ਕੀਤੀ ਗਈ ਹੈ।

ਇਸ ਪਟੀਸ਼ਨ ਵਿੱਚ ਸੀ.ਬੀ.ਆਈ. ਵੱਲੋਂ ਕੁਝ ਤੱਥਾਂ ਨੂੰ ਅੱਖੋਂ ਪ੍ਰੋਖੇ ਕਰਨ ਦਾ ਹਵਾਲਾ ਦੇ ਕੇ ਅਦਾਲਤ ਨੂੰ ਦੱਸਿਆ ਗਿਆ ਕਿ 'ਅਣਲੱਭੇ' ਗਵਾਹ ਮੌਜੂਦ ਹਨ ਤੇ ਸੀ.ਬੀ.ਆਈ. ਨੇ ਜਾਣਬੁੱਝ ਕੇ ਉਨ੍ਹਾਂ ਨਾਲ ਸੰਪਰਕ ਨਹੀਂ ਕੀਤਾ ਹੈ।

ਸ੍ਰ. ਫੂਲਕਾ ਨੇ ਜੱਜ ਐਸ.ਪੀ.ਐਸ. ਲਲੇਰ ਦੀ ਅਦਾਲਤ 'ਚ ਦੱਸਿਆ ਕਿ ਨਰਿੰਦਰ ਸਿੰਘ ਨਾਂ ਦਾ ਗਵਾਹ ਦਸੰਬਰ 2014 ਨੂੰ ਭਾਰਤ ਸੀ। ਉਨ੍ਹਾਂ ਅਦਾਲਤ ਨੂੰ ਸੀਲਬੰਦ ਲਿਫਾਫ਼ੇ ਵਿੱਚ ਨਰਿੰਦਰ ਸਿੰਘ ਦਾ ਮੌਜੂਦਾ ਕੈਲਗਰੀ (ਕੈਨੇਡਾ) ਦਾ ਪਤਾ ਤੇ ਫੋਨ ਨੰਬਰ ਵੀ ਦਿੱਤਾ ਹੈ।

----------

# ਗੁਜਰਾਤ ਵਿਚ ਛਿੜ ਸਕਦਾ ਹੈ ਜਾਤੀ ਯੁੱਧ, ਦਲਿਤ ਵੀ ਹੋ ਸਕਦੇ ਹਨ ਪ੍ਰਭਾਵਿਤ

**ਅਹਿਮਦਾਬਾਦ-** ਕੁਝ ਦਿਨ ਪਹਿਲਾਂ ਗੁਜਰਾਤ ਤੋਂ ਸੂਚਨਾ ਮਿਲੀ ਸੀ ਕਿ ਗੁਜਰਾਤ ਦੇ ਕੁਝ ਖੇਤਰਾਂ ਵਿਚ ਪੱਟੀਦਾਰ ਜਾਂ ਪਟੇਲ ਲੋਕਾਂ ਦੀ ਦਾਦਾਗਿਰੀ ਸਿਖਰ ਤੇ ਹੈ। ਪਟੇਲ ਲੋਕ ਰਿਜ਼ਰਵੇਸ਼ਨ ਦੀ ਮੰਗ ਕਰ ਰਹੇ ਹਨ ਅਤੇ ਆਪਣਾ ਗੁੱਸਾ ਆਸ-ਪਾਸ ਦੇ ਪਿੰਡਾਂ ਵਿਚ ਰਹਿਣ ਵਾਲੇ ਦਲਿਤਾਂ ਅਤੇ ਆਦਿਵਾਸੀਆਂ ਤੇ ਕੱਢ ਰਹੇ ਹਨ। ਇਸ ਤੋਂ ਪਹਿਲਾਂ ਵੀ ਪੱਟੀਦਾਰਾਂ ਦੇ ਜ਼ੁਲਮਾਂ ਦੀ ਖ਼ਬਰ ਸੁਣਨ ਨੂੰ ਮਿਲ ਜਾਂਦੀ ਸੀ।

ਪਰ ਹੁਣ ਉਹਨਾਂ ਦੇ ਦੇ ਹੋਰ ਪੱਛੜਾ ਵਰਗ ਵਿਚ ਸ਼ਾਮਲ ਹੋਣ ਦੀ ਮੰਗ ਹੈ ਜੋ ਕਿਸੇ ਤੋਂ ਲੁਕੀ ਨਹੀਂ ਹੈ। ਉਹਨਾਂ ਨੇ ਇਸ ਦੇ ਲਈ ਅੰਦੋਲਨ ਆਰੰਭ ਕਰ ਦਿੱਤਾ ਹੈ।

ਇਕ ਅੰਗਰੇਜ਼ੀ ਅਖ਼ਬਾਰ ਵਿਚ ਛਪੀ ਖ਼ਬਰ ਦੇ ਮੁਤਾਬਕ ਰਾਜ ਵਿਚ ਜਾਤੀਵਾਦੀ ਹਿੰਸਾ ਦਾ ਮਾਹੌਲ ਬਣਦਾ ਜਾ ਰਿਹਾ ਹੈ। ਪੱਟੀਦਾਰ ਆਰਥਿਕ ਤੌਰ ਤੇ ਗੁਜਰਾਤ ਦੇ ਸਭ ਤੋਂ ਅਮੀਰ ਲੋਕ ਮੰਨੇ ਜਾਂਦੇ ਹਨ। ਰਾਜ ਦੀ ਵਰਤਮਾਨ ਮੁੱਖ ਮੰਤਰੀ ਆਨੰਦੀਬੇਨ ਪਟੇਲ ਵੀ ਇਸੇ ਜਾਤੀ ਦੀ ਹੈ। ਇਸ ਤੋਂ ਇਲਾਵਾ ਸਾਬਕਾ ਮੁੱਖ ਮੰਤਰੀ ਕੇਸ਼ੂਭਾਈ ਪਟੇਲ, ਚਿਮਨਭਾਈ ਪਟੇਲ ਵੀ ਇਸੇ ਸਮਾਜ ਨਾਲ ਰਿਸ਼ਤਾ ਰੱਖਦੇ ਹਨ। ਅਖੀਰ ਰਾਜਨੀਤਿਕ ਤੌਰ ਤੇ ਵੀ ਇਹਨਾਂ ਦੀ ਅਮੀਰੀ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਰਾਜ ਦੇ ਦਲਿਤ ਅਤੇ ਆਦਿਵਾਸੀ ਇਹਨਾਂ ਲੋਕਾਂ ਦੇ ਖੇਤਾਂ ਵਿਚ ਕੰਮ ਕਰਕੇ ਆਪਣਾ ਗੁਜ਼ਾਰਾ ਕਰ ਰਹੇ ਹਨ।

ਰਿਜ਼ਰਵੇਸ਼ਨ ਦੀ ਮੰਗ ਕਰਨ ਵਾਲੇ ਪਟੇਲ ਫਿਰਕੇ ਨੇ 25 ਅਗਸਤ ਨੂੰ ਇਕ ਮਹਾਂ-ਰੈਲੀ ਆਯੋਜਿਤ ਕਰਨ ਦਾ ਫੈਸਲਾ ਕੀਤਾ ਹੈ। ਰਾਜ ਦੀਆਂ ਹੋਰ ਜਾਤੀਆਂ ਜਿਵੇਂ ਚੌਧਰੀ, ਠਾਕੋਰ, ਕੋਲੀ, ਪ੍ਰਜਾਪਤੀ ਆਦਿ ਪੱਟੀਦਾਰਾਂ ਨੂੰ ਓ. ਬੀ. ਸੀ. ਦਰਜਾ ਮਿਲਣ ਦਾ ਵਿਰੋਧ ਕਰ ਰਹੇ ਹਨ।

ਜੇਕਰ 25 ਅਗਸਤ ਨੂੰ ਪਟੇਲਾਂ ਦੀ ਰੈਲੀ ਹੁੰਦੀ ਹੈ ਤਾਂ ਹੋਰ ਜਾਤੀਆਂ ਵੀ 27 ਅਤੇ 30 ਅਗਸਤ ਨੂੰ ਉਸੇ ਕਿਸਮ ਦੀ ਰੈਲੀ ਕਰਨਗੀਆਂ। ਰਾਜ ਵਿਚ ਵੱਖ ਵੱਖ ਜਾਤੀਆਂ ਵਿਚਕਾਰ ਝੜੱਪਾਂ ਹਾਲੇ ਆਰੰਭ ਹੋ ਗਈਆਂ ਹਨ, ਜਿਹਨਾਂ ਦੇ ਅਗਲੇਰੇ ਦਿਨਾਂ ਵਿਚ ਹੋਰ ਵਧਣ ਦੇ ਸ਼ੰਕੇ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਰਾਜ ਵਿਚ ਇਸ ਤੋਂ ਪਹਿਲਾਂ ਵੀ 1981 ਅਤੇ 1985 ਵਿਚ ਇਸ ਕਿਸਮ ਦੇ ਜਾਤੀਵਾਦੀ ਦੰਗੇ ਹੋ ਚੁੱਕੇ ਹਨ। 1981 ਵਿਚ ਪਟੇਲਾਂ ਅਤੇ ਦਲਿਤਾਂ ਤੇ ਆਦਿਵਾਸੀਆਂ ਵਿਚਕਾਰ ਅਤੇ 1985 ਵਿਚ ਪਟੇਲਾਂ ਅਤੇ ਉੱਚ ਜਾਤੀਆਂ ਵਿਚਕਾਰ। ਰਿਜ਼ਰਵੇਸ਼ਨ ਦੇ ਮੁੱਦੇ ਨੂੰ ਲੈ ਕੇ ਰਾਜ ਦਾ ਸਮਾਜਿਕ ਤਾਣਾ-ਬਾਣਾ ਟੁੱਟਦਾ ਨਜ਼ਰ ਆ ਰਿਹਾ ਹੈ।

ਵੈਸੇ ਵੀ ਰਾਜ ਦੇ ਦਿਹਾਤੀ ਇਲਾਕਿਆਂ ਵਿਚ ਪਟੇਲਾਂ ਅਤੇ ਦਲਿਤਾਂ ਵਿਚਕਾਰ ਛੋਟੀਆਂ ਮੋਟੀਆਂ ਝੜੱਪਾਂ ਹੁੰਦੀਆਂ ਰਹਿੰਦੀਆਂ ਹਨ, ਜਿਹਨਾਂ ਵਿਚ ਦਲਿਤ ਅਤੇ ਆਦਿਵਾਸੀਆਂ ਨੂੰ ਹਮੇਸ਼ਾ ਨੁਕਸਾਨ ਸਹਿਣ ਕਰਨਾ ਪੈਂਦਾ ਹੈ।

# ਬਾਪੂ ਸੂਰਤ ਸਿੰਘ ਖਾਲਸਾ ਦੇ ਜਵਾਈ ਦੀ ਸ਼ਿਕਾਗੋ 'ਚ ਹੱਤਿਆ

**ਸ਼ਿਕਾਗੋ :** ਸਿੱਖ ਕੈਦੀਆਂ ਦੀ ਰਿਹਾਈ ਲਈ ਸੰਘਰਸ਼ ਕਰ ਰਹੇ ਜਥੇਦਾਰ ਸੂਰਤ ਸਿੰਘ ਖ਼ਾਲਸਾ ਦੇ ਜਵਾਈ ਸਤਵਿੰਦਰ ਸਿੰਘ ਭੋਲਾ ਦਾ ਸ਼ਿਕਾਗੋ ਸ਼ਹਿਰ ਦੇ ਪੀਰਿਓ ਇਲਾਕੇ 'ਚ ਐਤਵਾਰ ਦੇਰ ਰਾਤ ਚਾਕੂ ਮਾਰ ਕੇ ਕਤਲ ਕਰ ਦਿੱਤਾ ਗਿਆ। ਉਹ ਆਪਣੇ ਪਿਛੇ ਆਪਣੀ ਪਤਨੀ, ਦੋ ਧੀਆਂ, ਇਕ ਪੁਤਰ ਤੇ ਵਿਧਵਾ ਮਾਂ ਛਡ ਗਏ ਹਨ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਸਤਵਿੰਦਰ ਸਿੰਘ ਭੋਲਾ ਰਾਤ ਕਰੀਬ 12 ਵਜੇ ਦੁਕਾਨ ਬੰਦ ਕਰਕੇ ਘਰ ਵਾਪਸ ਜਾ ਰਹੇ ਸਨ। ਪਹਿਲਾਂ ਤੋਂ ਉਡੀਕ ਕਰ ਰਹੇ ਬੇਪਛਾਣ ਵਿਅਕਤੀਆਂ ਨੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ।ਕਤਲ ਦੇ ਕਾਰਣਾਂ ਬਾਰੇ ਭਾਵੇਂ ਅਜੇ


ਫਾਈਲ ਫੋਟੋ-ਸਤਵਿੰਦਰ ਸਿੰਘ ਭੋਲਾ ਆਪਣੀ ਪਤਨੀ ਤੇ ਵੱਡੀ ਧੀ ਨਾਲ

ਅਫਵਾਹਾਂ ਦਾ ਬਜਾਰ ਗਰਮ ਹੈ ਪਰ ਜਦ ਤਕ ਪੁਲੀਸ ਆਪਣੀ ਤਫਤੀਸ਼ ਮੁਕੰਮਲ ਨਹੀਂ ਕਰ ਲੈਂਦੀ ਤਦ ਤਕ ਇਸ ਬਾਰੇ ਕੁਝ ਵੀ ਕਹਿਣਾ ਸਮੇਂ ਤੋਂ ਪਹਿਲਾਂ ਦੀ ਗਲ ਹੈ।

ਉਹ 1991 ਵਿੱਚ ਅਮਰੀਕਾ ਆਏ ਸਨ ਤੇ ਇਥੇ ਆਣ ਕੇ ਰਾਜਸੀ ਸ਼ਰਨ ਪਰਾਪਤ ਕੀਤੀ ਸੀ। ਸੂਚਨਾ ਮਿਲਦੇ ਹੀ ਪਰਿਵਾਰਕ ਮੈਂਬਰ ਪੰਜਾਬ ਤੇ ਹੋਰ ਰਾਜਾਂ ਤੋਂ ਸ਼ਿਕਾਗੋ ਲਈ ਨਿਕਲ ਪਏ ਹਨ। ਬਠਿੰਡਾ ਸ਼ਹਿਰ ਦੇ ਜੰਮਪਲ 50 ਸਾਲਾ ਸਤਵਿੰਦਰ ਸਿੰਘ ਭੋਲਾ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਪ੍ਰੀਜ਼ੀਡੀਅਮ ਦੇ ਮੈਂਬਰ ਵੀ ਰਹੇ ਹਨ। ਸ਼ਿਕਾਗੋ ਪੁਲਿਸ ਹਮਲਾਵਰਾਂ ਦੀ ਭਾਲ ਕਰ ਰਹੀ ਹੈ।

# ਗੁਰਬਖਸ਼ ਸਿੰਘ ਧਾਲੀਵਾਲ ਹੁਰਾਂ ਦੀ 10 ਵੀਂ ਬਰਸੀ ਫਰਿਜ਼ਨੋ ਵਿਚ ਮਨਾਈ ਗਈ

**ਫਰਿਜ਼ਨੋ-** ਇੰਡੋ ਅਮੈਰੀਕਨ ਹੈਰੀਟੇਜ ਫੋਰਮ, ਫਰਿਜ਼ਨੋ ਦੇ ਬਾਨੀ ਮੈਂਬਰ ਸ੍ਰ ਗੁਰਬਖਸ਼ ਸਿੰਘ ਧਾਲੀਵਾਲ ਹੁਣਾ ਦੀ 10 ਵੀਂ ਬਰਸੀ ਫਰਿਜਨੋ ਵਿਚ ਮਨਾਈ ਗਈ। ਉਨਾਂ ਦੇ ਬੇਟੇ ਨਵਦੀਪ ਸਿੰਘ ਧਾਲੀਵਾਲ, ਬਲਦੇਵ ਸਿੰਘ ਧਾਲੀਵਾਲ ਅਤੇ ਬਾਕੀ ਪਰਿਵਾਰ ਦੇ ਸੱਦੇ ਤੇ ਪਹੁੰਚੇ ਹੋਏ ਪਰਿਵਾਰਕ ਦੋਸਤ, ਰਿਸਤੇਦਾਰ ਅਤੇ ਇਲਾਕੇ ਦੀਆ ਕਈ ਜੰਥੇਬੰਦੀਆ ਦੇ ਨਾਲ ਜੁੜੇ ਹੋਏ ਦੋਸਤ ਨਵਦੀਪ ਧਾਲੀਵਾਲ ਦੇ ਘਰ ਇਕੱਤਰ ਹੋਏ। ਇਸ ਇਕੱਤਰਤਾ ਦੀ ਸ਼ੁਰੂਆਤ ਵਿਚ ਸ੍ਰ ਜਸਵੰਤ ਸਿੰਘ ਮਾਨ ਨੇ ਗੁਰਬਖਸ ਸਿੰਘ ਧਾਲੀਵਾਲ ਹੁਣਾ ਨਾਲ ਬਿਤਾਏ ਸਮੇਂ ਨੂੰ ਯਾਦ ਕਰਦਿਆ ਉਨਾ ਦੀ ਲੋਕ ਪੱਖੀ ਸੋਚ ਨੂੰ ਸਜਦਾ ਕੀਤਾ। ਸ੍ਰ ਲਛਮਣ ਸਿੰਘ ਰਾਠੌਰ ਹੋਣਾ ਨੇ ਆਪਣੀ ਪਾਕਿਸਤਾਨ ਫੇਰੀ ਦੌਰਾਨ ਲਿਖੀ ਇਕ ਕਵਿਤਾ ਸੁਣਾਈ।

ਸ੍ਰ ਰਾਜਵਿੰਦਰ ਧਾਲੀਵਾਲ ਜੋ ਕੇ 900 ਏ ਐਮ ਫਰਿਜਨੋ ਦੇ ਨਿਧੱੜਕ ਰੇਡੀਓ ਹੋਸਟ ਹਨ ਨੇ ਨਿਜ ਤੋਂ ਉਪਰ ਉਠ ਕੇ ਸਮਾਜ ਲਈ ਕੁਝ ਕਰਨ ਵਾਲਿਆ ਨੂੰ ਆਪਣੀ ਸ਼ਰਧਾਜਲੀ ਭੇਟ ਕੀਤੀ। ਗੈਰੀ ਢੇਸੀ ਹੁਣਾ ਨੇ ਵੀ ਦੋ ਗੀਤ ਸੁਣਾ ਕੇ ਮਾਹੌਲ ਨੂੰ ਸੁਰਮਈ ਬਣਾ ਦਿਤਾ। ਸਟੇਜ ਸਕੱਤਰ ਦੀ ਕਾਰਵਾਈ ਨਿਭਾਉਦਿਆ ਹਰਜਿੰਦਰ ਢੇਸੀ ਹੁਣਾ ਨੇ ਲੋਕ ਕਵੀ ਗੁਰਦਾਸ ਆਲਮ ਦੀ ਇਕ ਕਵਿਤਾ ਆਜ਼ਾਦੀ ਸੁਣਾਈ। ਗਦਰੀ



ਬਾਬੇ ਸ੍ਰ ਬਚਨ ਸਿੰਘ ਘੋਲੀਆ ਦੇ ਪੁਤਰ ਕਰਨਲ ਹਰਦੇਵ ਸਿੰਘ ਗਿਲ ਹੋਣਾ ਨੇ ਇਥੇ ਵਸਦੇ ਪੰਜਾਬੀ ਲੋਕਾਂ ਨੂੰ ਲੋਕਤੰਤਰ ਦੀ ਸ਼ਕਤੀ ਨੂੰ ਪਛਾਨਣ ਅਤੇ ਇਥੇ ਦੇ ਰਾਜਨੀਤਿਕ ਪ੍ਰਬੰਧ ਵਿਚ ਸਰਗਰਮ ਰੋਲ ਅਦਾ ਕਰਨ ਦੀ ਅਪੀਲ ਕੀਤੀ।ਸ੍ਰ ਗੁਰਦੀਪ ਸਿੰਘ ਅਣਖੀ ਨੇ ਗੁਰਬਖਸ਼ ਸਿੰਘ ਹੋਰਾ ਦੀ ਲੋਕਾਂ ਪ੍ਰਤੀ ਘਾਲਣਾ ਨੂੰ ਯਾਦ ਕੀਤਾ ਕਿ ਕਿਵੇ ਉਨਾਂ ਐਮ ਐਲ ਏ ਅਹੁਦੇ ਤੇ ਹੁੰਦੇ ਹੋਏ ਵੀ ਆਪਣੀ ਕੁਰਸੀ ਦਾ ਪ੍ਰਯੋਗ ਕਦੀ ਵੀ ਪਰਿਵਾਰ ਜਾਂ ਰਿਸ਼ਤੇਦਾਰਾ ਦੇ ਵਾਇਦੇ ਲਈ ਨਹੀ ਸਗੋਂ ਹਮੇਸ਼ਾ ਲੋਕਾ ਦੇ ਭਲੇ ਲਈ ਵਰਤਿਆ।ਇਸ ਦੇ ਉਲਟ ਅੱਜ ਦੇ ਬਹਤੇ ਐਮ ਐਲ ਏ ਸਿਆਸਤ ਨੂੰ ਸੇਵਾ ਦੀ ਬਜਾਏ ਇਕ ਲਾਹੇਵੰਦ ਧੰਦੇ ਵਾਗ ਕਰ ਰਹੇ ਹਨ। ਸ੍ਰ ਹਰਨੇਕ ਸਿੰਘ ਲੋਹਗੜ ਨੇ ਵੀ ਗੁਰਬਖਸ਼ ਧਾਲੀਵਾਲ ਹੁਣਾ ਨਾਲ ਬਿਤਾਏ ਦਿਨਾ ਨੂੰ ਯਾਦ ਕੀਤਾ। ਪਿਸ਼ੌਰਾ ਸਿੰਘ ਢਿਲੋਂ ਹੁਣਾ ਨੇ ਆਪਣੀ ਇਕ ਨਜ਼ਮ ਗਾ ਕੇ ਸ਼ਰਧਾਜਲੀ ਭੇਟ ਕੀਤੀ। ਗੁਰਬਖਸ਼ ਸਿੰਘ ਹੁਣਾ ਦੀ ਪੋਤਰੀ ਸ਼ਰਨਜੀਤ ਧਾਲੀਵਾਲ ਨੇ ਪੰਜਾਬ ਦੇ ਇਤਿਹਾਸ ਨੂੰ ਬਿਆਨਦੀ ਇਕ ਖੂਬਸੂਰਤ ਕਵਿਤਾ ਸੁਣਾਈ। ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਦੇ ਸੈਕਟੇਰੀ ਸੁਰਿਦਰ ਮੰਢਾਲੀ ਨੇ ਸੰਸਥਾ ਦੇ ਸ਼ੁਰੂ ਦੇ ਦਿਨਾਂ ਗੁਰਬਖਸ਼ ਧਾਲੀਵਾਲ ਹੁਣਾਂ ਵਲੋ ਦੂਰਇਦੇਸ਼ੀ ਨਾਲ ਕੀਤੇ ਕਈ ਫੈਸਲਿਆ ਨੂੰ ਯਾਦ ਕੀਤਾ। ਉਨਾਂ ਨੇ ਆਏ ਸਾਰੇ ਸੱਜਣਾ ਦਾ ਪਰਿਵਾਰ ਵਲੋਂ ਧੰਨਵਾਦ ਕਰਦਿਆਂ ਗੁਰਬਖਸ਼ ਸਿੰਘ ਹੁਰਾਂ ਅਤੇ ਗਦਰੀ ਬਾਬਿਆਂ ਦੀ ਲੋਕ ਪੱਖੀ ਅਤੇ ਧਰਮ ਨਿਰਪੱਖ ਸੋਚ ਤੇ ਹਮੇਸ਼ਾ ਤੁਰਦੇ ਰਹਿਣ ਦਾ ਅਹਿਦ ਦੁਹਰਾਇਆ।

# ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਲੰਗਰ ਹਾਲ ਦੀ ਉਸਾਰੀ ਲਈ ਫੰਡ ਇਕੱਤਰਤਾ 23 ਅਗਸਤ ਨੂੰ ਹੋਵੇਗੀ

**ਫਰਿਜ਼ਨੋ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਸੈਂਟਰਲ ਵੈਲੀ ਦਾ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ, ਜੋ ਪਾਰਕਵੇ ਅਵਨਿਊ ਉਪਰ ਫਰੀਵੇ 99 ਦੇ ਨਜ਼ਦੀਕ ਸਥਿਤ ਹੈ। ਜਿਸ ਦੀ ਨਵੀਂ ਇਮਾਰਤ ਵਿੱਚ ਆਲੀਸ਼ਾਨ ਦਰਬਾਰ ਸਾਹਿਬ ਅਤੇ ਪੰਜਾਬੀ ਸਕੂਲ ਦੁਆਰਾ ਸੇਵਾਵਾ ਨਿਭਾਈਆਂ ਜਾ ਰਹੀਆਂ ਹਨ। ਪਰ ਇਸ ਗੁਰੂਘਰ ਅੰਦਰ ਲੰਗਰ ਹਾਲ ਦੀ ਇਮਾਰਤ ਦੀ ਉਸਾਰੀ ਨਹੀਂ ਕੀਤੀ ਗਈ ਸੀ।

ਇਸ ਦਾ ਕਾਰਨ ਕਿ ਲੋੜੀਦੇ ਫੰਡਾਂ ਦੀ ਬਹੁਤ ਘਾਟ ਹੈ। ਜਿਸ ਲਈ ਹੁਣ ਬਹੁਤ ਸਾਰੇ ਸਰਧਾਲੂ ਪਰਿਵਾਰਾ ਦੁਆਰਾ ਮਾਇਕ ਸਹਾਇਤਾ ਹੋ ਰਹੀ ਹੈ। ਜਿੰਨ੍ਹਾਂ ਦਾ ਪ੍ਰਬੰਧਕਾ ਵੱਲੋਂ ਬਹੁਤ-ਬਹੁਤ ਧੰਨਵਾਦ ਵੀ ਕੀਤਾ ਜਾਂਦਾ ਹੈ। ਇਸ ਲਈ ਵਿਸ਼ੇਸ਼ ਫੰਡ ਇਕੱਤਰਤਾ 23 ਅਗਸਤ ਦਿਨ ਐਤਵਾਰ ਨੂੰ ਸਵੇਰੇ 10 ਵਜ਼ੇ ਤੋਂ ਲੈ ਕੇ ਸਾਮ 3 ਵਜ਼ੇ ਤੱਕ ਗੁਰੂਘਰ ਵਿਖੇ ਹੋਵੇਗੀ। ਇਸ ਦਿਨ ਗੁਰੂਘਰ ਵਿੱਚ ਹਮੇਸਾ ਦੀ ਤਰ੍ਹਾਂ ਵਿਸ਼ੇਸ਼ ਦੀਵਾਨ ਸਜ਼ਣਗੇ। ਕੀਰਤਨੀ ਜੱਥੇ ਅਤੇ ਗੁਰਮਤਿ ਪ੍ਰਚਾਰਕ ਸੰਗਤਾਂ ਨੂੰ ਗੁਰਬਾਣੀ ਅਤੇ ਗੁਰਇਤਿਹਾਸ ਨਾਲ ਜੋੜਨਗੇ। ਇਸ ਸਮੇਂ ਸਾਰਾ ਦਿਨ ਲੰਗਰਾਂ ਦੀ ਸੇਵਾ ਅਸ਼ੋਕਾ ਰੈਸ਼ਟੋਰੈਂਟ ਸਲਮਾ ਵਾਲੇ ਸ. ਮਨਮੋਹਨ ਸਿੰਘ ਸੰਧੂ ਅਤੇ ਪਰਿਵਾਰ ਵੱਲੋਂ ਹੋਵੇਗੀ। ਇਸੇ ਦੌਰਾਨ ਫੰਡ ਇਕੱਤਰਤਾਂ ਦਾ ਵਿਸ਼ੇਸ਼ ਸਮਾਗਮ ਹੋਵੇਗਾ। ਜਿਸ ਵਿੱਚ ਸੰਗਤਾਂ ਨੂੰ ਪ੍ਰਬੰਧਕਾ ਵੱਲੋਂ ਵੱਧ ਚੜ ਕੇ ਹਿੱਸਾ ਲੈਣ ਦੀ ਅਪੀਲ ਕੀਤੀ ਜਾਦੀ ਹੈ।

ਵਧੇਰੇ ਜਾਣਕਾਰੀ ਸ. ਹਰਜਿੰਦਰ ਸਿੰਘ ਢਿੱਲੋ ਨਾਲ ਫੋਨ ਨੰਬਰ (559) 940-8400 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਅੰਗਹੀਣ ਭਲਾਈ ਕੈਂਪ 'ਚ 82 ਲੋਕਾਂ ਦੇ ਬਨਾਵਟੀ ਅੰਗਾਂ ਲਈ ਨਾਪ ਲਏ ਗਏ

**ਮੁਕੰਦਪੁਰ, (ਰੇਸ਼ਮ ਕਰਨਾਣਵੀ)** -ਭਾਰਤ ਵਿਕਾਸ ਪ੍ਰੀਸ਼ਦ ਸ਼ਾਖਾ ਮੁਕੰਦਪੁਰ ਨੇ ਆਪਣੇ ਸਮਾਜ-ਸੇਵੀ ਕੰਮਾਂ ਦੀ ਲੜ੍ਹੀ ਨੂੰ ਅੱਗੇ ਤੋਰਦਿਆਂ ਅੰਗਹੀਣ ਭਲਾਈ ਕੈਂਪ ਨਜਦੀਕੀ ਪਿੰਡ ਨੌਰਾ ਵਿਖੇ ਡਾ.ਬਖਸੀਸ ਸਿੰਘ ਦੀ ਅਗਵਾਈ 'ਚ ਲਗਾਇਆ ਗਿਆ। ਗੁਰਦੁਆਰਾ ਲੋਹ-ਲੰਗਰ (ਸਟੋਰ) ਵਿਖੇ ਲਗਾਏ ਇਸ ਕੈਂਪ ਦਾ ਉਦਘਾਟਨ ਸੰਤ ਬਾਬਾ ਲਾਭ ਸਿੰਘ ਮੁੱਖ ਸੇਵਾਦਾਰ ਕਾਰ-ਸੇਵਾ (ਕਿਲ੍ਹਾ ਅਨੰਦਗੁੜ) ਵਾਲਿਆਂ ਨੇ ਕੀਤਾ। ਇਸ ਮੌਕੇ ਪ੍ਰੀਸ਼ਦ ਦੇ ਪੈਟਰਨ ਦੇਸ ਰਾਜ ਬੰਗਾ ਨੇ ਦੱਸਿਆ ਕਿ



ਇਸ ਕੈਂਪ 'ਚ 10 ਬਨਾਵਟੀ ਲੱਤਾਂ, 6 ਬੂਟ, 4 ਬਾਹਾਂ, ਇੱਕ ਫੌੜੀ ਅਤੇ 59 ਲੋਕਾਂ ਨੂੰ ਕੰਨਾਂ ਦੀਆਂ ਮਸ਼ੀਨਾਂ ਦੇਣ ਵਾਸਤੇ ਚੁਣਿਆ ਗਿਆ ਅਤੇ ਪ੍ਰਬ-ਧਕਾਂ ਨੇ ਦੱਸਿਆ ਕਿ ਇਹਨਾਂ ਲੋਕਾਂ ਨੂੰ ਇਹ ਸਭ ਬਨਾਵਟੀ ਅੰਗ 22 ਅਗਸਤ ਦਿਨ ਸ਼ਨੀਵਾਰ ਨੂੰ ਜਲੰਧਰ ਵਿਖੇ ਫਿੱਟ ਕੀਤੇ ਜਾਣਗੇ। ਕੈਂਪ ਦੇ ਪ੍ਰਬੰਧਾਂ 'ਚ ਜੇ. ਡੀ. ਜੈਨ ਐਡਵੋਕੇਟ, ਰਜਿੰਦਰ ਰਿਸ਼ੀ, ਹਰਜਿੰਦਰ ਗੋਗਨਾ ਜਿਲਾ ਪ੍ਰਧਾਨ, ਬਲਵਿੰਦਰ ਸਿੰਘ ਨੌਰਾ, ਸੁਖਜਿੰਦਰ ਸਿੰਘ, ਸਤਨਾਮ ਸਿੰਘ, ਬਲਵੀਰ ਸਿੰਘ, ਰਾਮ ਸਿੰਘ ਭਰੋ ਮਜਾਰਾ, ਸੁੱਚਾ ਸਿੰਘ ਝਿੰਗੜ, ਬਲਵੀਰ ਸਿੰਘ ਸਾਧਪੁਰ, ਗੁਰਪ੍ਰੀਤ ਸਿੰਘ, ਰਾਏ ਰਣਵੀਰ ਸਿੰਘ, ਰਾਜ ਕੁਮਾਰ, ਪਵਨ ਕੁਮਾਰ, ਪ੍ਰੋ. ਪਰਗਣ ਸਿੰਘ ਅਟਵਾਲ, ਅਰੁਣ ਘਈ, ਇੰਜ. ਨਰਿੰਦਰ ਬੰਗਾ, ਜਸਵੀਰ ਬਾਹੜੋਵਾਲ, ਹਰਵਿੰਦਰ ਕੌਰ, ਮੋਹਣ ਬੀਕਾ, ਅਮ੍ਰਿਤਪਾਲ ਸਿੰਘ, ਪੂਰਨ ਚੰਦ, ਕੇਵਲ ਕ੍ਰਿਸ਼ਨ, ਸੁਨੰਦਾ, ਸੁਨੈਨਾ, ਗੀਤਾ ਦੇਵੀ, ਸ਼ਵੇਤਾ ਘਈ, ਅਨੀਤਾ ਰਾਣੀ, ਅਤੇ ਹੋਰ ਪਿੰਡ ਨਿਵਾਸੀਆਂ ਨੇ ਸੇਵਾ ਨਿਭਾਈ।

# ਪੀ ਸੀ ਐੱਸ ਸੈਕਰਾਮੈਂਟੋ ਦਾ 15ਵਾਂ ਤੀਆਂ ਦਾ ਮੇਲਾ

(ਸਫਾ 8 ਦੀ ਬਾਕੀ)

ਆਈਆਂ ਵੱਖ ਵੱਖ ਟੀਮਾਂ ਵਲੋਂ ਗਰੁਪ ਸੌਂਗ , ਸੋਲੋ ਡਾਂਸ ,ਗਿੱਧਾ ,ਗੀਤ ਲੋਕ ਬੋਲੀਆਂ ਤੇ ਸਕਿਟ ਪੇਸ਼ ਕੀਤੇ ਗਏ । ਇਸ ਵਾਰ ਭਾਗ ਲੈਣ ਵਾਲੀਆਂ ਟੀਮਾਂ ਵਿਚ :- ਨਟੋਮਸ ਤੋਂ 'ਗਿਧੇ ਦੀਆਂ ਸ਼ੌਕੀਨ' (ਕੋਚ ,ਬਬਲੀਨ ਬਡਵਾਲ ) , 'ਨੰਨੀਆਂ ਪਰੀਆਂ' ਗਿੱਧਾ ( ਕੋਚ ਪਰਮਜੀਤ ਔਲੱਖ ), ਇਕ ਗੀਤ (ਕੁਲਦੀਪ ਕੌਰ ), ਗਿੱਧਾ 'ਧੀਆਂ ਪੰਜਾਬ ਦੀਆਂ' (ਸਟਾਕਟਨ ਤੋਂ ਆਈ ਟੀਮ ), ਡਾਂਸ 'ਅਲੁੜ ਮੁਟਿਆਰਾਂ' (ਕੋਚ ਪਰਨੀਤ ਸਿੱਧੂ ) ,ਗਿੱਧਾ 'ਧਮਕ ਮੁਟਿਆਰਾਂ ਦੀ'(ਮਨਦੀਪ ਫਰਵਾਲਾ ) , 'ਦੋ ਗਾਣਾ' (ਸਰੀਨਾ ਕੰਗ ਤੇ ਹਰਜਾਪ ਅਟਵਾਲ ), 'ਗਿੱਧਾ ਤੀਆਂ ਦਾ '(ਪੀ ਸੀ ਐਸ ਦੀਆਂ ਪ੍ਰਬੰਧਕ ), 'ਗਰੁਪ ਡਾਂਸ (ਮਜਾਜਣਾਂ ), ਡਾਂਸ (ਐਸ਼ਲੀ ) , 'ਗਿੱਧਾ' ( ਮਜਾਜਣਾਂ ), 'ਦੋਗਾਣਾਂ' (ਹਰਨੂਰ ਤੇ ਜੱਪ ) , 'ਗਿੱਧਾ ਪੰਜਾਬਣਾਂ ਦਾ' (ਕੋਚ ਪਰਦੀਪ ਪੂਨੀ ), ਭੰਗੜਾ 'ਸ਼ਾਨ ਮੁਟਿਆਰਾਂ ਦੀ' (ਕੋਚ ਰੋਜ਼ੀ ਸੰਧੂ ) ,ਸਕਿਟ ' ਦੋ ਲਾਗਣਾਂ ਦੀਆਂ ਗਲਾਂ', ਸਕਿਟ, 'ਕੁੜੀ ਦਾ ਵਿਆਹ ਰਚਾਇਆ' (ਕੋਚ ਪੱਮੀ ਔਲੱਖ ) ਅਤੇ 'ਪੇਂਡੂ ਗਿੱਧਾ' ਤੋਂ ਇਲਾਵਾ ਹੋਰ ਬਹੁਤ ਸ਼ਾਨਦਾਰ ਆਇਟਮਾਂ ਪੇਸ਼ ਕੀਤੀਆ ਗਈਆਂ। ਲਗਾਤਾਰ ਪੰਜ ਘੰਟੇ ਚਲੇ ਇਸ ਪ੍ਰੋਗਰਾਮ ਦਾ ਮੰਚ ਸੰਚਾਲਨ ਮਨਦੀਪ ਫਰਵਾਲਾ ਨੇ ਬੜੇ ਹੀ ਕਲਾਮਈ ਅੰਦਾਜ਼ ਵਿਚ ਕੀਤਾ । 250 ਦੇ ਕਰੀਬ ਕਲਾਕਾਰਾਂ ਦੀਆਂ ਪੇਸ਼ ਕੀਤੀਆਂ ਆਈਟਮਾਂ ਦਾ ਅਨੰਦ ਮਾਨਣ ਲਈ ਦੂਰੋਂ ਨੇੜਿਓਂ ਆਏ ਦਰਸ਼ਕਾਂ ਦੀ ਅਥਾਹ ਭੀੜ ਜੁੜੀ ਹੋਈ ਸੀ । ਮੇਲੇ ਦੀ ਰੌਣਕ ਨੂੰ ਗਹਿਣਿਆਂ ਕਪੜਿਆਂ ਅਤੇ ਹੋਰ ਆਈਟਮਾਂ ਦੇ ਸਜੇ ਸਟਾਲ ਨਵੀਂ ਰੂਹ ਪ੍ਰਦਾਨ ਕਰ ਰਹੇ ਸਨ । ਖਾਣ ਪੀਣ ਦਾ ਵੀ ਵਧੀਆ ਪ੍ਰਬੰਧ ਸੀ । ਇਸ ਮੇਲੇ ਨੂੰ ਕਾਮਯਾਬ ਕਰਨ ਲਈ ਕਮੇਟੀ ਨਾਲ ਲਗਾਤਾਰ ਜੁੜੀਆਂ ਆ ਰਹੀਆਂ ਬੀਬੀਆਂ : ਬਲਦੇਵ ਕੌਰ ,ਹਰਪ੍ਰੀਤ ਸਹੋਤਾ, ਅਮਨ ਰੰਗੀ,ਰਾਜਵਿੰਦਰ ਪੂਨੀ,ਪਰਦੀਪ ਪੂਨੀ, ਕਮਲ ਢਿਲੋਂ ,ਭਵਨਦੀਪ ਕੌਰ, ਰਾਜਬੀਰ ਕੌਰ, ਬਲਬੀਰ ਪੂਨੀ, ਸਿਮਰਨ ਸੰਧੂ, ਅਮਨ ਕੌਰ ,ਹਰਿੰਦਰ ਕੌਰ, ਬਲਵਿੰਦਰ ਗਰਚਾ, ਸੋਨੀਆ ਢਿਲੋਂ, ਰਾਣੀ ਸਰਹੱਦੀ, ਦੁਪਿੰਦਰ ਕੌਰ , ਤਜਿੰਦਰ ਕੌਰ, ਹਰਮਿੰਦਰ ਕੌਰ, ਪਰਮਜੀਤ ਕੌਰ , ਇੰਦਰਪਾਲ ਕਾਹਲੋਂ, ਪਰਮਜੀਤ ਔਲੱਖ, ਹਰਪ੍ਰੀਤ ਕੌਰ, ਰੁਪਿੰਦਰ ਮਲ੍ਹੀ, ਅਤੇ ਮਨਦੀਪ ਫਰਵਾਲਾ ਨੇ ਪੂਰੀ ਤਨਦੇਹੀ ਨਾਲ ਕੰਮ ਕੀਤਾ। ਮਨਦੀਪ ਫਰਵਾਲਾ ਨੇ ਸਟੇਜ ਤੋਂ ਆਪਣੇ ਦਿਲ ਦੇ ਵਲਵਲੇ ਸਾਂਝੇ ਕਰਦਿਆਂ ਦਸਿਆ ਕਿ ਪਿਛਲੇ 26 ਸਾਲਾਂ ਤੋਂ ਇਸ ਸੰਸਥਾ ਨੇ ਲੋਕਾਂ ਵਲੋਂ ਮਿਲਦੇ ਅਥਾਹ ਪਿਆਰ ਤੇ ਸਤਿਕਾਰ ਸਦਕਾ ਹੀ ਇਕ ਲੰਮਾ ਸਫਰ ਤਹਿ ਕੀਤਾ ਹੈ । ਇਸ ਸੰਸਥਾ ਨੂੰ ਕਿਤੇ ਵੀ ਅਜੇਹਾ ਸਭਿਆਚਾਰਕ ਪ੍ਰੋਗਰਾਮ ਜੋ ਮਨੋਰੰਜਨ ਦੇ ਨਾਲ ਨਾਲ ਉਸਾਰੂ ਵੀ ਹੋਵੇ ਅਤਿਅੰਤ ਖੁਸ਼ੀ ਦਿੰਦਾ ਹੈ। ਬੀਬੀ ਫਰਵਾਲਾ ਨੇ ਅੰਤ ਉਤੇ ਪ੍ਰਬੰਧਕ ਕਮੇਟੀ ਦੇ ਸਮੂਹ ਮੈਂਬਰਾਂ, ਸਪਾਂਸਰਾਂ , ਫੋਟੋਗ੍ਰਾਫੀ ਤੇ ਵੀਡੀਓ ਲਈ ਚਾਹਲ ਸਟੂਡੀਓ,ਅਤੇ ਡੀ ਜੇ ਲਈ ਦਵਿੰਦਰ 'ਵਿੰਦੀ' ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ । ਬੀਬੀ ਫਰਵਾਲਾ ਨੇ ਅਗਲੇ ਸਾਲ ਤੀਆਂ ਦਾ ਮੇਲਾ 24 ਜੁਲਾਈ 2016 ਨੂੰ ਕਰਵਾਉਣ ਦਾ ਐਲਾਨ ਕਰਦਿਆਂ ਖੁਸ਼ੀ ਭਰੇ ਅੰਦਾਜ਼ ਵਿਚ ਮੇਲੇ ਦੀ ਸਮਾਪਤੀ ਕੀਤੀ।

**ਵਲੋਂ : ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ**

# ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵਿਖੇ ਉਮੀਦਵਾਰਾਂ ਦਾ ਜਾਣ ਪਹਿਚਾਣ ਸਮਾਗਮ

(ਪਹਿਲੇ ਸਫੇ ਦੀ ਬਾਕੀ)

ਜਿਸ ਵਿਚ ਹਰੇਕ ਉਮੀਦਵਾਰ ਨੇ ਸਟੇਜ ਤੇ ਆ ਕੇ ਸੰਗਤਾਂ ਨੂੰ ਫ਼ਤਿਹ ਬੁਲਾਈ। ਦੂਸਰੀ ਧਿਰ ਵਾਲਿਆਂ ਨੇ ਵੀ ਫਿਰ ਇੰਝ ਹੀ ਕੀਤਾ। ਹਰ ਸਲੇਟ ਨੂੰ 35-35 ਮਿੰਟ ਦਾ ਅਤੇ ਹਰ ਆਜ਼ਾਦ ਉਮੀਦਵਾਰ ਨੂੰ 5-5 ਮਿੰਟ ਦਾ ਸਮਾ ਦਿੱਤਾ ਗਿਆ। ਸਾਧ ਸੰਗਤ ਸਲੇਟ ਦੇ ਪਹਿਲੇ ਬੁਲਾਰੇ ਡਾ: ਤਰਲੋਚਨ ਸਿੰਘ ਨਾਹਲ ਸਨ ਜਿਨ੍ਹਾਂ ਨੇ ਆਪਣੀ 10 ਮਿੰਟ ਦੀ ਤਕਰੀਰ ਦੇ ਸ਼ੁਰੂ ਵਿਚ ਸਮੂਹ ਸੰਗਤਾਂ ਦਾ ਉਥੇ ਪਹੁੰਚਣ ਦਾ ਧੰਨਵਾਦ ਕੀਤਾ । ਉਨ੍ਹਾਂ ਨੇ ਆਪਣੀ ਸਪੀਚ ਦੇ ਨਾਲ ਇੱਕ ਸਲਾਈਡ ਸ਼ੋਅ ਵੀ ਦਿਖਾਇਆ । ਡਾ: ਨਾਹਲ ਤੋਂ ਬਾਦ ਦੇ ਬੁਲਾਰੇ ਮੌਜੂਦਾ ਪ੍ਰਬੰਧਕ ਕਮੇਟੀ ਦੀ ਸਲੇਟ ਦੇ ਮੁਖੀ ਬਾਬ ਢਿੱਲੋਂ ਸਨ।

# ਬੇਗਮਪੁਰਾ ਐਜੂਕੇਸ਼ਨਲ ਐਂਡ ਕਲਚਰਲ ਸੁਸਾਇਟੀ (ਸੈਕਰਾਮੈਂਟੋ) ਦੇ ਸਹਿਯੋਗ ਸਦਕਾ

**ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਸੈਕਰਾਮੈਂਟੋ ਵਿਖੇ ਡਾ. ਪ੍ਰਦੀਪ ਕੁਮਾਰ ਨਾਂਗਲੂ ਵੱਲੋਂ ਸਿਹਤ ਸਬੰਧੀ ਸੇਵਾਵਾਂ ਲਈ ਮੁਫਤ ਮੈਡੀਕਲ ਕੈਂਪ 23 ਅਗਸਤ ਦਿਨ ਐਤਵਾਰ ਦੁਪਹਿਰ 1 : 30 ਤੋਂ ਸ਼ਾਮ 3 : 00 ਵਜੇ ਤੱਕ ਲਗਾਇਆ ਜਾ ਰਿਹਾ ਹੈ। ਸਭ ਸੰਗਤਾਂ ਨੂੰ ਬੇਨਤੀ ਹੈ ਕਿ ਇਸ ਦਿਨ ਗੁਰੂ ਘਰ ਪਹੁੰਚ ਕੇ ਸੇਵਾ ਦਾ ਫਾਇਦਾ ਉਠਾਓ ਜੀ। ਇਹ ਕੈਂਪ ਬਿਲਕੁਲ ਮੁਫਤ ਹੋਵੇਗਾ ਪਰ ਫਿਰ ਵੀ ਜੇਕਰ ਕੋਈ ਡਾ. ਸਾਹਿਬ ਜੀ ਦੀ ਮਾਲੀ ਸਹਾਇਤਾ ਕਰਨਾ ਚਾਹੁਣਗੇ ਤਾਂ ਕਮੇਟੀ ਦੇ ਕਿਸੇ ਵੀ ਮੈਂਬਰ ਨਾਲ ਗੱਲਬਾਤ ਕਰ ਸਕਦੇ ਹੋ।**

**Dr. Pardeep K. Nanglu, 7717 McMullen Way, Sacramento, CA 95828, Ph. (267) 353-5227**

Employment: ExperienceJeevan Aas Foundation, Hoshiarpur, Punjab, India Mental Health Counseling: Mental Health Counseling in Rehab Center provides confidential addiction and support to individual families and promotes their mental and physical health, lifestyles and healthy choices meditation, yoga nutritional and natural pathic. Mental health research and research I medicinal plants (herbology)



**Worked from April 2014 to June 2015**

Shaheed Baba Sohan Singh Foundation, Shamchaurasi, Punjab, India Mental Health and Drug Counselor Mental Health Counseling in Rehab Center provides confidential addiction and support to individual families and promotes their mental and physical health, lifestyles and healthy choices meditation, yoga nutritional and natural pathic. Psychotherapy and CBT treatment

**Workedfrom December 2013, June 2015**

O'yes Mental Health & Meditation Center, V. Dhaypur, Jalandhar, Punjab, India Mental Health and Drug Counselor: Mental Health Counseling in Rehab Center provides confidential addiction and support to individual families and promotes their mental and physical health, lifestyles and healthy choices meditation, yoga nutritional and natural pathic. Psychotherapy, CBT treatment, massages therapy, Acupressure, nutraceutical therapy, natural herb, yoga, family therapy and counseling etc. Worked From January 2010 to June 2015

**Certificate, Degrees & Education Background**

Certificate in Print Journalism IIJB (International Institute of Journalism Brand Berge) Berlin, Germany in February 26th, 1999

Post-Graduation Master Degree Sociology, from Annamalai University Tamil Nadu, India in December 2000.

Certificate in Print Media from IIJB, Berlin, Germany in March 2001.

Diploma in Mass Communication from Annamalai University Tamil Nadu, India in May 2005.

M Phil Sociology (Medical Sociology) from Annamalai University Tamil Nadu, India in March 2009.

Diploma in Naturopathy, from all India Institute of Naturopathy New Delhi, India.In August 2011.

Doctor of Medicine (AM) IBAMN/c/1140 Bihar, India in May 2010.

PHD Alternative Medicine from Indian Foundation of Alternative Medicine and Research Jodhpur, India in June 2012.

MD Psychotherapy and Counseling from Indian Institute of Psychotherapy and counseling Kolkata, India 2013 to 2015.

PHD Psychotherapy from Trinity World University UK in 2015.

PHD Medicinal Herbalism from New Age International University, Los Vegas USA.

Appreciation Award.Appreciation letter from Prof. M.L. Sharma, Punjab University Chandigarh.

Appreciation letter from Kular Group of Institution Khanna Ludhiana India.

Appreciation letter from PKPGTVSK BhungaDistt. Hoshiarpur, Punjab, India

Award from International Naturopathy Org. conference Bengaluru India.

Award from International Naturopathy Org. and Brahmrishi Mission Ashram Chandigarh, India.

Award from World Yoga Foundation Kolkata India.

Award from ABAM Academy Kolkata India.

Award from International Association from suicide prevention USA.

Award Certificate from Embassy of People Republic of China.

**Professional Membership :**

INO New Delhi Reg. No. INO/PB/4918

Associate Member Ayush Medical Association Reg. No. AYUSH-MA/PBA-1177 AkhilBharteeyaAyurved Sewa Sangh New Delhi Reg. No. 5334

Clinical Member American Mental Health Counselor Association USA Reg. No. 999043335

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ






**ਸੈਕਰਾਮੈਂਟੋ–** ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਬੀਤੀ 16 ਅਗਸਤ ਦਿਨ ਐਤਵਾਰ ਨੂੰ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਗੁਰੂ ਘਰ ਦੇ ਹਜ਼ੂਰੀ ਜਥੇ ਭਾਈ ਜਸਪਾਲ ਸਿੰਘ ਅਤੇ ਭਾਈ ਨਿਰਮਲ ਸਿੰਘ ਜੀ ਨੇ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ। ਇੰਡੀਆ ਤੋਂ ਪਹੁੰਚੇ ਡਾ. ਪ੍ਰਦੀਪ ਕੇ ਨੰਗਲੂ ਜੀ ਨੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ ਅਤੇ ਆਉਂਦੇ ਐਤਵਾਰ ਨੂੰ ਗੁਰੂ ਘਰ ਵਿਖੇ ਸਿਹਤ ਸਬੰਧੀ ਸੇਵਾਵਾਂ ਲਈ ਕੈਂਪ ਲਾਉਣ ਦਾ ਵਾਅਦਾ ਵੀ ਕੀਤਾ। ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ 23 ਅਗਸਤ ਦਿਨ ਐਤਵਾਰ ਨੂੰ ਗੁਰੂ ਘਰ ਪਹੁੰਚ ਕੇ ਇਸ ਸੇਵਾ ਦਾ ਫਾਇਦਾ ਉਠਾਓ ਜੀ। ਇਹ ਕੈਂਪ ਬੇਗਮਪੁਰਾ ਕਲਚਰਲ ਐਂਡ ਐਜੂਕੇਸ਼ਨਲ ਏਡ ਸੁਸਾਇਟੀ ਵੱਲੋਂ ਲਗਾਇਆ ਜਾਵੇਗਾ। ਇਸ ਦਿਨ ਟਰੱਸਟੀ ਮਹਿੰਦਰ ਸਿੰਘ ਧਾਮੀ, ਦਰਸ਼ਨ ਵਿਰਕ, ਜੋਗਿੰਦਰ ਪਾਲ ਚੁੰਬਰ, ਜਸਵੰਤ ਜੱਸੀ ਸ਼ੀਮਾਰ, ਜੱਸੀ ਬੰਗਾ ਵਿਚੋਂ ਮਹਿੰਦਰ ਸਿੰਘ ਧਾਮੀ, ਦਰਸ਼ਨ ਵਿਰਕ, ਤੇਜਾ ਵਿਰਕ ਨੇ ਪੰਜ ਹਜ਼ਾਰ ਡਾਲਰ ਦੇ ਪ੍ਰਧਾਨ ਨੂੰ ਚੈਕ ਭੇਂਟ ਕੀਤੇ। ਇਸ ਬੇਗਮਪੁਰਾ ਕਲਚਰਲ ਐਜੂਕੇਸ਼ਨਲ ਏਡ ਸੁਸਾਇਟੀ ਦੇ ਜਿੱਥੇ ਮੈਂਬਰ ਰਾਜ ਬੱਧਣ, ਇੰਦਰਜੀਤ ਪੱਡਵੱਗਾ, ਰਾਜ ਸੂਦ, ਮਨਜੀਤ ਪਾਲ, ਸਤਨਾਮ ਮੰਢਾਲੀ, ਕਰਨੈਲ ਵਿਰਕ, ਹਰਬੰਸ ਰੱਲ੍ਹ ਹਨ, ਉਥੇ ਗੁਰੂ ਘਰ ਦੇ ਸਾਬਕਾ ਚੇਅਰਮੈਨ ਸ: ਲਸ਼ਕਰ ਸਿੰਘ ਬੱਧਣ ਹੋਰਾਂ ਵੀ ਮੈਂਬਰ ਬਣ ਕੇ ਸੁਸਾਇਟੀ ਦਾ ਮਾਣ ਵਧਾਇਆ ਹੈ। ਇਸ ਦਿਨ ਡਾ. ਪ੍ਰਦੀਪ ਕੁਮਾਰ ਹੋਰਾਂ ਨੂੰ ਸਿਰੋਪਾ ਸਾਹਿਬ ਨਾਲ ਸਨਮਾਨਿਤ ਕੀਤਾ ਗਿਆ। ਅਰਦਾਸ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ।

# ਮਜੀਠੀਆ ਸੁਖਬੀਰ ਦੀ ਠਿੱਬੀ ਲਾਏਗਾ? ਇਹ ਡਰ ਵੱਡੇ ਬਾਦਲ ਨੂੰ ਖਾਂਦਾ !



**ਮਹਿੰਦਰ ਚੌਧਰੀ**
ਫੇਅਰਫੀਲਡ (ਕੈਲੇਫੋਰਨੀਆ)
mohinderchaudhry@gmail.com

ਪੰਜਾਬ ਦੇ ਲੋਕ ਸੰਪਰਕ ਵਿਭਾਗ ਦੇ ਕੈਬਨਿਟ ਮੰਤਰੀ ਅਤੇ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਸਾਲਾ ਸਾਹਿਬ, ਬਿਕਰਮ ਸਿੰਘ ਮਜੀਠੀਆ ਆਉਂਦੇ ਸਮੇਂ 'ਚ ਸੱਤਾ ਦੇ ਸੰਘਰਸ਼ 'ਚ ਸੁਖਬੀਰ ਦੀ ਠਿੱਬੀ ਲਾਏਗਾ? ਇਹ ਡਰ ਚਿਰਾਂ ਤੋਂ ਵੱਡੇ ਬਾਦਲ, ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਖਾ ਰਿਹਾ ਹੈ?

2012 ਵਿਚ ਅਕਾਲੀ ਦਲ ਦੇ ਦੁਬਾਰਾ ਸੱਤਾ ਵਿਚ ਆਉਣ ਉਪਰੰਤ ਬਿਕਰਮ ਸਿੰਘ ਮਜੀਠੀਆ ਦੇ ਵਧਦੇ ਰਾਜਨੀਤਿਕ ਪ੍ਰਭਾਵ ਨੂੰ ਵੇਖਦੇ ਹੋਏ ਵੱਡੇ ਬਾਦਲ ਸਾਹਿਬ ਨੇ ਛੋਟੇ ਬਾਦਲ ਸਾਹਿਬ ਨੂੰ ਆਪਣੇ ਕੋਲ ਬੁਲਾਇਆ। ਇਹ ਕਥਿਤ ਤੌਰ ਤੇ ਕਿਹਾ ਜਾਂਦਾ ਹੈ ਕਿ ਇਸ ਮੁਲਾਕਾਤ 'ਚ ਵੱਡੇ ਬਾਦਲ ਸਾਹਿਬ ਨੇ ਸੁਖਬੀਰ ਨੂੰ ਦੱਸਿਆ ਕਿ ਮੇਰੇ ਨਾਲ 40 ਐਮ. ਐਲ. ਏ. ਹਨ ਅਤੇ ਬਾਕੀ ਦੇ ਬਿਕਰਮ ਸਿੰਘ ਮਜੀਠੀਆ ਦੇ ਨਾਲ ਹਨ ਅਤੇ ਪੁੱਛਿਆ ਕਿ ਤੇਰੇ ਨਾਲ ਕਿੰਨੇ ਐਮ. ਐਲ. ਏ. ਹਨ? ਸ. ਪ੍ਰਕਾਸ਼ ਸਿੰਘ ਬਾਦਲ ਇਕ ਮਾਹਿਰ, ਸੁਲਝੇ ਅਤੇਦੂਰ ਅੰਦੇਸ਼ ਸਿਆਸਤਦਾਨ ਹਨ। ਉਹ 24 ਘੰਟੇ ਸਿਆਸਤ ਕਰਦੇ ਹਨ ਅਤੇ ਸਿਆਸਤ ਤੋਂ ਇਲਾਵਾ ਕੁਝ ਨਹੀਂ ਕਰਦੇ। ਉਹਨਾਂ ਸੁਖਬੀਰ ਬਾਦਲ ਨੂੰ ਇਹ ਗੱਲ ਆਖੀ ਕਿ- ਸਮਝਾਇਆ ਕਿ ਰਾਜਨੀਤੀ ਵਿਚ ਆਪਣੇ ਬਰਾਬਰ ਕਿਸੇ ਨੂੰ ਖੜ੍ਹਾ ਨਹੀਂ ਹੋਣ ਦੇਣਾ ਚਾਹੀਦਾ ਹੈ।

ਇਹ ਵੱਡੇ ਬਾਦਲ ਸਾਹਿਬ ਦਾ ਡਰ ਅਤੇ ਮਜੀਠੀਆ ਪ੍ਰਤੀ ਰੜ੍ਹਕ ਇਕ ਪ੍ਰਵਾਸੀ ਭਾਰਤੀਆਂ ਦੇ ਸਮਾਗਮ ਦੌਰਾਨ ਵੀ ਵੇਖਣ ਅਤੇ ਸੁਣਨ ਨੂੰ ਮਿਲੀ। ਮੰਚ 'ਤੇ ਬੈਠੇ ਬਿਕਰਮ ਮਜੀਠੀਆ ਵੱਲ ਇਸ਼ਾਰਾ ਕੀਤਾ ਅਤੇ ਆਪਣੇ ਭਾਸ਼ਣ ਦੇ ਵਿਸ਼ੇ ਤੋਂ ਪਰ੍ਹੇ ਹਟਦੇ ਹੋਏ ਟਿੱਪਣੀ ਕੀਤੀ ਕਿ ਸਾਨੂੰ ਤਾਂ ਅਕਾਲੀ ਮੋਰਚਿਆਂ ਦੌਰਾਨ ਲੰਮੀਆ ਜੇਲ੍ਹਾਂ ਕੱਟਣ ਉਪਰੰਤ ਰਾਜ ਮਿਲਿਆ ਹੈ, ਤੁਹਾਨੂੰ ਤਾਂ ਘਰ ਦੇ ਠੰਡੇ ਕਮਰਿਆਂ'ਚ ਬੈਠੇ ਬਿਠਾਇਆਂ ਹੀ ਰਾਜ ਮਿਲ ਗਿਆ।

ਬੀਤੇ ਦਿਨੀਂ ਅੰਮ੍ਰਿਤਸਰ ਦੇ ਵਿਰਾਸਤੀ, ਖਾਲਸਾ ਕਾਲਜ ਦੇ ਇਕ ਸਮਾਗਮ 'ਚ ਵਿਦਿਆਰਥੀਆਂ ਨੂੰ ਕਿੱਤੇ, ਤਰੱਕੀ ਅਤੇ ਜੀਵਨ ਯਾਤਰਾ ਆਦਿ ਵਿਸ਼ੇ 'ਤੇ ਭਾਸ਼ਣ ਕਰ ਰਹੇ ਹਨ। ਅਚਾਨਕ ਇਹਨਾਂ ਦੀ ਨਜ਼ਰ ਮੰਚ ਤੇ ਬਿਰਾਜਮਾਨ ਮਜੀਠੀਆ ਪਰਿਵਾਰ 'ਤੇ ਪਈ। ਮਜੀਠੀਆ ਪਰਿਵਾਰ ਦੇ ਮੁਖੀ ਸਤਿਆਜੀਤ ਸਿੰਘ ਮਜੀਠੀਆ ਵੱਲ ਇਸ਼ਾਰਾ ਕਰਦੇ ਹੋਏ ਕਿਹਾ ਕਿ ਮਜੀਠੀਆ ਪਰਿਵਾਰ ਪੰਜਾਬ 'ਚ ਸਭ ਤੋਂ ਜ਼ਿਆਦਾ ਤਾਕਤਵਰ ਪਰਿਵਾਰ ਹੈ।

ਇਹਨਾਂ ਕਿਹਾ ਕਿ ਮਜੀਠੀਆ ਪਰਿਵਾਰ ਦੇ "ਪੁੱਤਰ" ਨੂੰ ਅਕਾਲੀ-ਭਾਜਪਾ ਸਰਕਾਰ ਨੇ ਪੰਜਾਬ ਸਰਕਾਰ ਦਾ ਕੈਬਨਿਟ ਮੰਤਰੀ ਬਣਾਇਆ। ਇਹਨਾਂ ਇਹ ਵੀ ਕਿਹਾ ਕਿ ਇਸ ਪਰਿਵਾਰ ਦੀ "ਧੀ" ਨੂੰ ਕੇਂਦਰੀ ਸਰਕਾਰ 'ਚ ਕੈਬਨਿਟ ਮੰਤਰੀ ਬਣਾਇਆ। ਇੱਥੇ ਹੀ ਬੱਸ ਨਹੀਂ ਕੀਤੀ, ਉਨ੍ਹਾਂ ਇਹ ਵੀ ਕਹਿ ਦਿੱਤਾ ਕਿ ਇਸ ਪਰਿਵਾਰ ਦੇ "ਜਵਾਈ" ਨੂੰ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਨੇ ਉਪ ਮੁੱਖ ਮੰਤਰੀ ਬਣਾਇਆ।

ਇਹ ਸੁਣਨ ਉਪਰੰਤ ਜਿੱਥੇ ਮੰਚ 'ਤੇ ਬੈਠਾ ਮਜੀਠੀਆ ਪਰਿਵਾਰ ਹੱਕਾ-ਬੱਕਾ ਹੋ ਗਿਆ, ਉਥੇ ਸਮਾਗਮ 'ਚ ਬੈਠੇ ਸਰੋਤਿਆਂ ਨੇ ਬਾਦਲ ਸਾਹਿਬ ਦੀ ਇਸ ਟਿੱਪਣੀ ਦਾ ਮੁਲਾਂਕਣ ਕਰਨਾ ਸ਼ੁਰੂ ਕਰ ਦਿੱਤਾ।

ਕੁਝ ਨੇ ਕਿਹਾ ਕਿ ਸ਼ਾਇਦ ਸੁਖਬੀਰ ਅਤੇ ਹਰਸਿਮਰਤ, ਬਾਦਲ ਸਾਹਿਬ ਦੇ ਆਖੇ 'ਚ ਨਹੀਂ ਰਹੇ ਕਿਉਂਕਿ ਪੰਜਾਬੀ ਸਭਿਆਚਾਰ ਮੁਤਾਬਕ ਪੁੱਤਰ ਅਤੇ ਨੂੰਹ ਪਿੱਤਰੀ ਪਰਿਵਾਰ ਦੇ ਮੈਂਬਰ ਮੰਨੇ ਜਾਂਦੇ ਹਨ ਨਾ ਕਿ ਪੇਕੇ ਪਰਿਵਾਰ ਦੇ। ਕੁਝ ਨੇ ਕਿਹਾ ਕਿ ਕੇਂਦਰੀ ਸਰਕਾਰ ਦੇ ਵਿੱਤ ਮੰਤਰੀ ਅਰੁਣ ਜੇਤਲੀ ਜੋ ਕਿ ਅੰਮ੍ਰਿਤਸਰ ਦੇ ਦੌਰੇ 'ਤੇ ਸਨ, ਨੂੰ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਕਿ ਅਰੁਣ ਜੇਤਲੀ ਦੀ ਲੋਕ ਸਭਾ ਚੋਣਾਂ 'ਚ ਅੰਮ੍ਰਿਤਸਰ ਹਲਕੇ ਤੋਂ ਹੋਈ ਸ਼ਰਮਨਾਕ ਹਾਰ ਲਈ ਬਿਕਰਮ ਸਿੰਘ ਮਜੀਠੀਆ ਜ਼ਿੰਮੇਵਾਰ ਹੈ।

ਕੁਝ ਲੋਕਾਂ ਨੇ ਇਹ ਵੀ ਕਿਹਾ ਕਿ ਇਹ, ਪ੍ਰਕਾਸ਼ ਸਿੰਘ ਬਾਦਲ ਦੀ ਰੜ੍ਹਕ ਅਤੇ ਬਿਕਰਮ ਸਿੰਘ ਮਜੀਠੀਆ ਤੋਂ ਡਰ ਦਾ ਪ੍ਰਤੀਕ ਹੈ ਕਿ ਲਾਗਲੇ ਭਵਿੱਖ ਵਿਚ ਮਜੀਠੀਆ ਕਿਤੇ ਸੱਤਾ ਦੇ ਸੰਘਰਸ਼ 'ਚ ਸੁਖਬੀਰ ਬਾਦਲ ਦੀ ਠਿੱਬੀ ਨਾ ਲਾ ਦੇਵੇ?

--------

# ਸਿੱਖ ਗੁਰਦੁਆਰਾ ਸਾਹਿਬ, ਸੈਨਹੋਜ਼ੇ ਦੀਆਂ 30 ਅਗਸਤ ਨੂੰ ਹੋਣ ਜਾ ਰਹੀਆਂ ਚੋਣਾਂ ਲਈ ਮੌਜੂਦਾ ਪ੍ਰਬੰਧਕ ਕਮੇਟੀ ਦੇ ਉਮੀਦਵਾਰਾਂ ਨੂੰ ਆਪਣਾ ਕੀਮਤੀ ਵੋਟ ਪਾ ਕੇ ਸੇਵਾ ਦਾ ਮੌਕਾ ਦਿਓ



ਮੇਰਾ ਨਾਂ ਹਰਦੇਵ ਸਿੰਘ ਤੱਖਰ ਹੈ। ਮੈ ਸਿੱਖ ਗੁਰਦੁਆਰਾ ਸਾਹਿਬ ਸੈਨਹੋਜ਼ੇ ਦੀ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਦੇ ਤੌਰ ਤੇ ਸੇਵਾ ਨਿਭਾਅ ਰਿਹਾ ਹਾਂ ਅਤੇ ਮੈਨਟੀਨੈਸ ਕਮੇਟੀ ਨਾਲ ਵੀ ਕੰਮ ਕਰਦਾ ਹਾਂ। ਮੇਰੀ ਸੋਚ ਅਮਨ ਸ਼ਾਂਤੀ ਅਤੇ ਖੁਸ਼ਹਾਲੀ ਰੱਖਣ ਵਾਲੀ ਹੈ ਅਤੇ ਮੈ ਗੁਰੂ ਨਾਨਕ ਖਾਲਸਾ ਸਕੂਲ ਨੂੰ ਕਿੰਡਰਗਾਰਟਨ ਤੋਂ ਬਾਰਵੀਂ ਤੱਕ ਦਾ ਰੈਗੂਲਰ ਸਕੂਲ ਬਣਾਉਣਾ ਚਹੁੰਦਾ ਹਾਂ। ਮੇਰਾ ਅਗਾਂਹ ਵਾਧੂ ਮੰਤਵ ਸੈਨਹੋਜ਼ੇ ਵਿਖੇ ਗੁਰੂ ਨਾਨਕ ਖਾਲਸਾ ਯੂਨੀਵਰਸਿਟੀ ਸਥਾਪਤ ਕਰਾਉਣਾ ਹੈ। ਮੇਰੇ ਕੋਲ ਆਈ ਟੀ ਆਈ ਫਗਵਾੜਾ ਦੀ ਸਿਵਲ ਇੰਜੀਨੀਅਰਿੰਗ ਸਿਵਲ ਡਿਗਰੀ ਹੈ। ਅਤੇ ਮੈ ਪੰਜਾਬ ਵਿੱਚ ਸੰਚਾਈ ਵਿਭਾਗ ਵਿੱਚ ਕੰਮ ਕੀਤਾ ਹੈ। ਮੈ ਵੀ ਟੀ ਏ ਵਿੱਚ 25 ਸਾਲ ਕੰਮ ਕੀਤਾ ਹੈ।

ਮੈ ਭੁਪਿੰਦਰ ਸਿੰਘ ਢਿੱਲੋਂ ਗੁਰੂ ਘਰ ਦਾ ਫਾਉਂਡਰ ਮੈਂਬਰ ਹਾਂ। ਮੇਰੀ ਗੁਰੂ ਘਰ ਲਈ ਸੇਵਾ, ਜ਼ਮੀਨ ਖਰੀਦਨ ਅਤੇ ਵੇਚਣ ਦੀ ਰਹੀ ਹੈ। ਮੈ ਗੁਰੂ ਘਰ ਦੀ ਬਿਲਡਿੰਗ ਦੇ ਪਰਮਿਟ ਅਤੇ ਲੋਨ ਲੈਣ ਅਤੇ ਕੰਨਸਟਰਕਸ਼ਨ ਦੇ ਕੰਮਕਾਰ ਲਈ ਮੋਹਰੀ ਰੋਲ ਅਦਾ ਕੀਤਾ ਅਤੇ ਜਿਸ ਵਿੱਚ ਸੰਗਤ ਦਾ 10 ਮਿਲੀਅਨ ਡਾਲਰ ਤੋਂ ਵੱਧ ਖਰਚਾ ਬਚਾਇਆ ਹੈ। ਆਉਣ ਵਾਲੇ ਨਵੇਂ ਪ੍ਰੋਜੈਕਟ ਸਿੱਖ ਹੇਰੀਟੇਜ਼, ਗੁਰੂ ਨਾਨਕ ਪਗਡੰਡੀ ਅਤੇ ਸਰਕਾਰ ਤੋਂ ਪੈਸਾ ਲੈ ਕੇ ਸੀਨੀਅਰ ਸਿਟੀਜ਼ਨ ਹੋਮ ਨੂੰ ਬਣਾਉਣ ਵਿਚ ਵਿਚ ਸੇਵਾ ਕਰਾਂਗਾ ਅਤੇ ਖਾਲਸਾ ਸਕੂਲ ਨੂੰ ਕੇ-12 ਬਨਾਉਣ ਅਤੇ ਸ਼ਮਸ਼ਾਨ ਘਾਟ ਬਨਾਉਣ ਵਿੱਚ ਸੇਵਾ ਕਰਾਂਗਾ।





ਮੇਰਾ ਨਾਮ ਪ੍ਰੀਤਮ ਸਿੰਘ ਗਰੇਵਾਲ ਹੈ। ਬੀ ਐਡ ਕਾਲਜ ਚੰਡੀਗੜ੍ਹ ਤੋਂ ਅਧਿਆਪਕ ਟਰੇਨਿੰਗ ਲਈ ਹੋਈ ਹੈ। ਪੰਜਾਬ ਇੰਡੀਆ ਵਿੱਚ ਮੈ ਸਾਂਇਸ ਦੇ ਹਾਈ ਸਕੂਲ ਵਿੱਚ ਅਧਿਆਪਕੀ ਕੀਤੀ ਹੈ। ਹੁਣ ਇੱਕ ਸਫਲ ਬਿਜਨਸਮੈਨ ਹਾਂ, ਕਮਿਊਨਿਟੀ ਵਿੱਚ ਖੇਡਾਂ ਅਤੇ ਸਿਹਤ ਦੀ ਪਰਮੋਸ਼ਨ ਕਰਦਾ ਹਾਂ। ਸੈਨਹੋਜ਼ੇ ਗੁਰਦੁਆਰਾ ਸਾਹਿਬ ਦੀ ਮੈਨਜਮੈਂਟ ਵਿੱਚ 2000 ਵਿੱਚ ਆਇਆ ਸੀ ਅਤੇ ਪਹਿਲੇ ਅਤੇ ਦੂਜੇ ਫੇਸ ਵਿੱਚ ਬਿਲਡਿੰਗ ਦੇ ਬਨਾਉਣ ਅਤੇ ਵਾਈਟ ਰੋਡ ਵਾਲੇ ਗੁਰੂ ਘਰ ਵਿੱਚ ਗੁਰੂ ਕਿਰਪਾ ਨਾਲ ਮੈ ਵੱਧ ਤੋਂ ਵੱਧ ਮਾਇਆ ਭੇਟ ਕੀਤੀ। ਗੁਰੂ ਘਰ ਵਿੱਚ ਵਾਈਟ ਰੋਡ ਤੋਂ ਲੈ ਕੇ ਅੱਜ ਤੱਕ ਸੇਵਾ ਕਰ ਰਿਹਾ ਹਾਂ ਅਤੇ ਹਮੇਸ਼ਾਂ ਲਈ ਕਰਦਾ ਰਹਾਂਗਾ।

ਮੇਰਾ ਨਾਂ ਸੁਖਦੇਵ ਸਿੰਘ ਬੈਨੀਵਾਲ ਹੈ, ਮੇਰੇ ਕੋਲ ਬੈਚਲਰ ਡਿਗਰੀ, ਇਲੈਕਟਰੀਕਲ ਇੰਜਨੀਅਰਿੰਗ ਅਤੇ ਮਾਸਟਰ ਡਿਗਰੀ ਟੈਲੀ ਕੁਮਨੀਕੇਸ਼ਨ ਵਿੱਚ ਹੈ। ਪਿੱਛਲੇ 20 ਸਾਲਾ ਤੋਂ ਸੀਨੀਅਰ ਸਾਫਟਵੇਅਰ ਇੰਜਨੀਅਰ ਦੀ ਪਦਵੀ ਤੇ ਕੰਮ ਕਰ ਰਿਹਾਂ ਹਾਂ। ਬਚਪਨ ਤੋਂ ਹੀ ਮੈ ਗੁਰਦੁਆਰਾ ਸਾਹਿਬ ਦੀਆ ਅਨੇਕ ਸੇਵਾਵਾਂ ਨਿਭਾਅ ਰਿਹਾਂ ਹਾਂ। ਗੁਰੂ ਸਾਹਿਬ ਦੀ ਕਿਰਪਾ ਨਾਲ ਮੇਰਾ ਜੀਵਨ ਹਮੇਸ਼ਾ ਚੜ੍ਹਦੀ ਕਲਾ ਵਾਲੇ ਗੁਰ ਸਿੱਖਾ ਦੀ ਸੰਗਤ ਵਿੱਚ ਵਿਚਰਿਆ ਹੈ ਜਿੰਨਾ ਤੋਂ ਮੈ ਗੁਰਮਤਿ ਵਿਦਿਆ ਵਿੱਚ ਪਰਪੱਕ ਹੋਇਆ ਹਾਂ। ਮੇਰਾ ਜੀਵਨ ਸਿੱਖੀ ਸਿ-ਧਾਤਾਂ ਅਤੇ ਮਰਿਯਾਦਾ ਅਨੁਸਾਰ ਹੈ। ਮੈ ਹਰ ਵੇਲੇ ਸਿੱਖੀ ਪ੍ਰਚਾਰ ਲਈ ਅੰਮ੍ਰਿਤ ਸੰਚਾਰ ਅਤੇ ਹੋਰ ਧਾਰਮਕਿ ਸੇਵਾ ਨਿਭਾਉਣ ਲਈ ਤੱਤਪਰ ਹਾਂ। ਇਸ ਤੋਂ ਇਲਾਵਾ ਦਾਸ ਨੇ ਸੈਨਹੋਜ਼ੇ ਇੰਟਰਨੈਸਲ ਏਅਰਪੋਰਟ ਤੇ ਪਲਾਨਿੰਗ ਕਮਿਸ਼ਨਰ ਦੀ ਸੇਵਾ ਵੀ ਨਿਭਾਈ ਹੈ। ਮੈ ਸਦਾ ਆਗੂ ਹੋ ਕੇ ਸੈਨਹੋਜ਼ੇ ਗੁਰੂ ਘਰ ਵਿੱਚ ਗਤਕਾ, ਹੋਲਾ ਮਹੱਲਾ, 5 ਕਿੱਲੋ ਮੀਟਰ ਤੁਰਨਾ, ਗੁਰਮਤਿ ਕੈਂਪ, ਬੇਘਰਾ ਲਈ ਲੰਗਰ ਅਤੇ ਕੰਬਲਾ ਦੀ ਸੇਵਾ ਅਤੇ ਹੋਰ ਧਾਰਮਕਿ ਪ੍ਰੋਗ੍ਰਾਮਾ ਦੀਆ ਸਵੇਵਾਂ ਨਿਭਾਉਦਾ ਹਾਂ।





ਮੇਰਾ ਨਾਂ ਰਾਜਿੰਦਰ ਸਿੰਘ ਮੰਗਰ ਹੈ। ਮੈ ਦੋ ਐਮ ਏ ਕੀਤੀਆ ਹਨ, ਪੰਜਾਬ ਯੂਨੀਵਰਸਿਟੀ ਤੇ ਸੈਨਹੋਜ਼ੇ ਸਟੇਟ।

ਮੈ ਗੁਰੂ ਘਰ ਦੀ ਸੇਵਾ ਵਾਈਟ ਰੋਡ ਤੋਂ ਸ਼ੁਰੂ ਕੀਤੀ ਸੀ। ਮੈ ਉਸ ਕਮੇਟੀ ਦਾ ਮੈਂਬਰ ਵੀ ਸੀ ਜਿਸਨੇ ਕਿਊਬੀ ਰੋਡ ਤੇ ਪੁਰਾਣਾ ਚਰਚ ਤੇ ਦੋ ਹੋਰ ਪਲਾਟ ਖਰੀਦੇ ਤੇ ਹੁਣ ਵਾਲੇ 40 ਏਕੜ ਥਾਂ ਲਈ ਪਲੈਨਿੰਗ ਕੀਤੀ।

ਮੈ ਕਈ ਤਰਾਂ ਸੇਵਾ ਕੀਤੀ ਜੋ ਸਟੇਜ਼ ਸੈਕਟਰੀ, ਖਾਲਸਾ ਸਕੂਲ ਦਾ ਟੀਚਰ, ਫੰਡ ਰੇਜ਼ਰ, ਗੁਰਮਤਿ ਕੈਂਪ ਲਾਉਣੇ, ਸਪੀਚ ਮੁਕਾਬਲੇ ਹਨ। ਮੈ ਗੁਰੂ ਕਿਰਪਾ ਨਾਲ ਨਿੰਰਤ ਸੇਵਾ ਕਰਦਾ ਰਹਾਗਾਂ।

ਮੇਰਾ ਨਾਂ ਡਾ ਗੁਰਿੰਦਰਪਾਲ ਸਿੰਘ ਮੈ ਵਾਹਿਗੁਰੂ ਦੀ ਕਿਰਪਾ ਨਾਲ ਪਿੱਛਲੇ 26 ਸਾਲ ਤੋਂ ਗੁਰੂ ਨਾਨਕ ਖਾਲਸਾ ਸਕੂਲ ਦੇ ਵਿੱਚ ਸੇਵਾ ਨਿਭਾਅ ਰਿਹਾ ਹਾਂ ਅਤੇ ਅਸੀਂ ਹਜ਼ਾਰਾਂ ਬੱਚਿਆਂ ਨੂੰ ਹੁਣ ਤੱਕ ਸਿੱਖੀ, ਪੰਜਾਬੀ,ਕੀਰਤਨ ਅਤੇ ਸਿੱਖੀ ਮਰਿਯਾਦਾ ਦੀਆ ਸਿਖਿਆਵਾਂ ਦੇ ਰਹੇ ਹਾਂ। ਹੁਣ ਸਾਡਾ ਸਕੂਲ ਨੂੰ ਐਤਵਾਰ ਦੇ ਸਕੂਲ ਦਾ ਉਤਮ ਦਰਜ਼ਾ ਮਿਲਿਆ ਹੈ। 2009 ਤੋਂ ਮੈ ਧਾਰਮਿਕ ਕਮੇਟੀ ਦੀ ਅਗਵਾਹੀ ਕਰ ਰਿਹਾ ਅਤੇ ਧਾਰਮਕਿ ਪ੍ਰੋਗ੍ਰਾਮ ਦੀਆਂ ਕਲਾਸਾ ਗੁਰਦੁਆਰਾ ਸਾਹਿਬ ਵਿੱਚ ਦੇ ਰਹੇ ਹਾਂ। ਇਸ ਅਣਥੱਕ ਸੇਵਾ ਵਿੱਚ ਮੇਰੀ ਸਪੁੱਤਨੀ ਪੁਸ਼ਪਿੰਦਰ ਕੌਰ ਸਹਾਇਤਾ ਕਰ ਰਹੀ ਹੈ। ਸਾਡਾ ਅਗਲਾ ਟੀਚਾ ਖਾਲਸਾ ਸਕੂਲ ਦੇ ਬੱਚਿਆ ਨੂੰ ਅਮੈਰਕਨ ਸਕੂਲ ਵਿੱਚ ਵਧੀਆ ਪ੍ਰਦਰਸ਼ਨ ਕਰਨ ਦਾ ਉਪਰਾਲਾ ਕਰ ਰਹੇ ਹਾਂ ਇਸ ਵਾਸਤੇ ਅਸੀਂ ਇੰਗਲਿਸ਼, ਮੈਥ ਅਤੇ ਸੈਟ ਦੀਆਂ ਕਲਸਾ ਦੇ ਰਹੇ ਹਾਂ। ਅਸੀ ਕੋਸ਼ਿਸ਼ ਕਰ ਰਹੇ ਹਾਂ ਕਿ ਇੱਥੋ ਦੇ ਜੰਮਪਾਲ ਬੱਚਿਆ ਨੂੰ ਧਾਰਮਕ ਪ੍ਰੋਗਰਾਮਾ ਦੀ ਸਿਖਿਆ ਦੇ ਰਹੇ ਹਾਂ ਤਾਂ ਕਿ ਉਹ ਅਮਰੀਕਾ ਵਿੱਚ ਸਿੱਖੀ ਦੀਆ ਜ਼ੜਾ ਨੂੰ ਮਜ਼ਬੂਤ ਕਰ ਸਕਣ।





ਮੈ ਸੁਰਜੀਤ ਸਿੰਘ ਬੈਂਸ ਮੌਜੂਦਾ ਕਮੇਟੀ ਦਾ ਸ਼ੁਰੂ ਤੋਂ ਮੈਂਬਰ ਹਾਂ। ਗੁਰਦੁਆਰਾ ਸਾਹਿਬ ਕਿਊਬੀ ਰੋਡ, ਫੇਸ ਇੱਕ ਤੇ ਦੋ ਦੇ ਪ੍ਰੋਜੈਕਟ , ਬਾਸਕਟਬਾਲ, ਬਾਲੀਵਾਲ ਗਰਾਉਂਡਸ ਅਤੇ ਮੈਡੀਕਲ ਕਲੀਨਕ ਲਈ ਬਤੌਰ ਇੰਜਨੀਅਰ ਸੇਵਾਵਾ ਨਿਭਾਈਆਂ ਹਨ ਅਤੇ ਅਗਰਾਹੀ ਇਕੱਠੀ ਕੀਤੀ ਹੈ। ਮੈ ਲਾਈਸੈਂਸ ਇੰਜਨੀਅਰ ਹਾਂ ਅਤੇ ਸਿਵਲ ਇੰਜਨੀਅਰਿੰਗ ਵਿੱਚ ਮਾਸਟਰ ਡਿਗਰੀ ਹੈ। ਰੋਗ ਨਿਵਾਰਨ ਕੈਂਪ ਲਾਉਣ ਦਾ ਪ੍ਰਬੰਧ ਕਰਦਾ ਹਾਂ ਅਤੇ ਗੁਰਦੁਆਰਾ ਸਾਹਿਬ ਦੀਆ ਰੋਜ਼ਾਨਾ ਸਰਗਰਮੀਆ ਵਿੱਚ ਸਿਹਤ ਸੰਭਾਲ ਦੇ ਸੈਮੀਨਾਰ ਅਤੇ ਸੰਗਤ ਨਾਲ ਨੇੜਤਾ ਲਈ ਤਾਲਮੇਲ ਕਰਦਾ ਹਾਂ। ਮੇਰੇ ਅਗਲੇ ਪ੍ਰੋਜੈਕਟਾ ਵਿੱਚ ਗੁਰੂ ਨਾਨਕ ਪਗਡੰਡੀ, ਸਕੂਲ ਦੀ ਇਮਾਰਤ ਨੂੰ ਵਧਾਉਣਾ, ਖੇਡ ਗਰਾਂਉਡਾਂ ਅਤੇ ਸੀਨੀਅਰ ਸਿਟੀਜ਼ਨ ਸੈਂਟਰ ਹਨ।

ਮੈ ਸਰਬਜੋਤ ਸਿੰਘ ਸਵੱਦੀ ਇੱਕ ਅੰਮ੍ਰਿਤਧਾਰੀ ਗੁਰੂ ਨਾਨਕ ਲੇਵਾ ਗੁਰ ਸਿੱਖ ਹਾਂ। ਮੈ 1983 ਤੋਂ ਪੰਥਕ ਤੌਰ ਤੇ ਹਰ ਪੰਥਕ ਕਾਰਜ਼ ਵਿੱਚ ਹਿੱਸਾ ਲਿਆ ਹੈ। ਮੈ 1990 ਤੋਂ ਸੈਨਹੋਜ਼ੇ ਵਿੱਚ ਰਹਿ ਹਾਂ ਅਤੇ ਸੈਨਹੋਜ਼ੇ ਗੁਰਦੁਆਰਾ ਸਾਹਿਬ ਨਾਲ ਸਬੰਧਤ ਹਾ, ਹੁਣ ਮੈ ਮੌਜੂਦਾ ਗੁਰੁਦਆਰਾ ਪ੍ਰਬੰਧਕ ਕਮੇਟੀ ਮੈਂਬਰ ਹਾਂ, ਇਸ ਦੇ ਨਾਲ ਮੈਂ ਧਾਰਮਕ ਅਤੇ ਮੀਡੀਆ ਕਮੇਟੀ ਮੈਂਬਰ ਵੀ ਹਾਂ। ਮੇਰੀ ਧਾਰਮਿਕ ਰੁੱਚੀ ਹੋਣ ਕਰਕੇ ਮੈ ਗੁਰ-ਦੁਆਰਾ ਸਾਹਿਬ ਵਿੱਚ ਸਿੱਖੀ ਦੇ ਪ੍ਰਚਾਰ ਪਸਾਰ ਲਈ ਪੰਥ ਪ੍ਰਸਿੱਧ ਪ੍ਰਚਾਰਕ ਲਿਊਣ ਦਾ ਯਤਨ ਕਰ ਰਿਹਾ ਹਾਂ। ਗੁਰੂ ਕਿਰਪਾ ਨਾਲ ਮੈ ਆਪਣੀਆ ਪੰਥਕ ਸੇਵਾਵਾ ਨਿਰੰਤਰ ਜ਼ਾਰੀ ਰੱਖਣ ਦਾ ਯਤਨ ਕਰਦਾ ਰਹਾਂਗਾ ।





ਮੇਰਾ ਨਾਮ ਕ੍ਰਿਪਾਲ ਸਿੰਘ ਅਟਵਾਲ, ਮੈਂ ਸੈਨ ਹੋਜ਼ੇ ਸਟੇਟ ਯੂਨਵਿਰਸਿਟੀ ਤੋਂ ਇੰਜਨੀਅਰਿੰਗ ਦੀ ਮਾਸਟਰ ਕੀਤੀ ਅਤੇ ਇੰਜਨੀਅਰ ਦੀ ਨੌਕਰੀ ਕਰ ਰਿਹਾ ਹਾਂ। ਮੈਂ 2009 ਤੋਂ ਪ੍ਰਬੰਧਕ ਕਮੇਟੀ ਮੈਂਬਰ ਦੀ ਸੇਵਾ ਨਿਭਾਅ ਰਿਹਾ ਹਾਂ। ਗੁਰਦੁਆਰਾ ਸਾਹਿਬ ਦੀ ਮੈਂਬਰਸ਼ਿੱਪ ਬਣਾਉਣ ਲਈ ਪ੍ਰਬੰਧਕ ਕਮੇਟੀ ਨੇ ਮੇਰੀ ਜੁਮੇਵਾਰੀ ਲਾਈ। ਮੈਂ ਮੈਂਬਰਸ਼ਿੱਪ ਰਜਿਸਟਰੇਸ਼ਨ ਲਈ ਅਧੁਨਿਕ ਸਿਸਟਮ ਲਗਵਾਇਆ, ਅਤੇ 5500 ਤੋਂ ਵੱਧ ਮੈਂਬਰ ਰਜਿਸਟਰ ਕੀਤੇ, ਅਤੇ ਸਾਰੇ ਮੈਂਬਰਾਂ ਦੀ ਨਿੱਜੀ ਜਾਣਕਾਰੀ ਸੰਭਾਲ ਕੇ ਰੱਖੀ। ਗੁਰਦੁਆਰਾ ਸਾਹਿਬ ਅੰਦਰ ਵਿਆਹ ਸਬੰਧਤ ਪ੍ਰਵਾਰਾਂ ਲਈ ਵਧੀਆ ਇੰਤਜ਼ਾਮ ਕਰਦਾ ਆ ਰਿਹਾ ਹਾਂ। ਪ੍ਰਦੂਸ਼ਣ ਖਤਮ ਕਰਨ ਲਈ ਸਟੀਲ ਦੇ ਭਾਂਡੇ ਚਾਈਨਾ ਤੋਂ ਬਹੁਤ ਸਸਤੇ ਖਰੀਦਣ ਦਾ ਮੁਕੰਮਲ ਇੰਤਜ਼ਾਮ ਕੀਤਾ। ਗੁਰਦੁਆਰਾ ਸਾਹਿਬ ਦਾ ਸਮਾਨ ਘੱਟ ਖਰਚੇ ਵਿੱਚ ਪ੍ਰਬੰਧਕ ਕਮੇਟੀ ਦੀ ਹਰ ਮਦਦ ਕਰਦਾ ਆ ਰਿਹਾ ਹਾਂ। ਮੈਂ ਗੁਰਦੁਆਰਾ ਸਾਹਿਬ ਅੰਦਰ ਵਿਆਹ ਵਾਲੇ ਪ੍ਰਵਾਰਾਂ ਨਾਲ ਵਧੀਆ ਇੰਤਜ਼ਾਮ ਜ਼ਾਰੀ ਰੱਖਾਂਗਾ ਅਤੇ ਗੁਰੂ ਨਾਨਕ ਪੰਗਡੰਡੀ, ਸ਼ਮਸ਼ਾਨ ਘਾਟ ਬਣਾਉਣ ਵਾਸਤੇ ਪ੍ਰਬੰਧਕ ਕਮੇਟੀ ਅਤੇ ਸਾਧ ਸੰਗਤ ਵਲੋਂ ਲਾਈ ਜੁਮੇਵਾਰੀ ਨੂੰ ਮੁਕਮੰਲ ਕਰਨ ਲਈ ਚੜ੍ਹਦੀ ਕਲਾ ਵਿੱਚ ਰਹਿ ਕੇ ਹਰ ਸੰਭਵ ਯਤਨ ਕਰਦਾ ਰਹਾਂਗਾ।

ਮੇਰਾ ਨਾ ਧਰਮ ਸਿੰਘ ਹੈ। ਮੈ ਇੱਕ ਅੰਮਿਤ੍ਰਧਾਰੀ ਸਿੱਖ ਹਾਂ। ਮੈ ਇੰਡੀਅਨ ਏਅਰ ਫੋਰਸ ਵਿੱਚ 26 ਸਾਲ ਨੋਕਰੀ ਕੀਤੀ ਹੈ। ਮੈ ਹਰਰੋਜ਼ ਗੁਰੂ ਘਰ ਅੰਮ੍ਰਿਤ ਵੇਲੇ ਆ ਕੇ ਪ੍ਰਕਾਸ਼ ਤੇ ਨਾਮ ਸਿਮਰਨ ਕਰਨ ਦੀ ਸੇਵਾ ਪਿਛਲੇ 8 ਸਾਲ ਤੋਂ ਨਿਭਾਅ ਰਿਹਾ ਹਾਂ। ਮੈ ਗੁਰਦੁਆਰਾ ਸਾਹਿਬ ਦੀ ਧਾਰਮਕਿ ਕਮੇਟੀ ਵਿੱਚ ਮੈਂਬਰ ਦੇ ਤੌਰ ਤੇ ਸੇਵਾ ਨਿਭਾਅ ਰਿਹਾ ਹਾਂ। ਸਿੱਖ ਗੁਰਦੁਆਰਾ ਸਾਹਿਬ ਸੈਨਹੋਜ਼ੇ ਦੇ ਸਬਜ਼ੀ ਫਾਰਮ ਵਿੱਚ ਕਈ ਸਾਲਾਂ ਤੋਂ ਸੇਵਾ ਨਿਭਾਅ ਰਿਹਾ ਹਾਂ। ਮੈ ਆਉਣ ਵਾਲੇ ਸਮੇਂ ਵਿੱਚ ਗੁਰੂ ਕਿਰਪਾ ਨਾਲ ਵਧੇਰੇ ਸੰਗਤਾ ਨੂੰ ਅੰਮ੍ਰਿਤ ਸੰਚਾਰ ਕਰਾਵਾਂਗਾ।





ਮੇਰਾ ਨਾਮ ਬਲਬੀਰ ਸਿੰਘ ਜੋਹਲ ਹੈ। ਮੈ ਖਾਲਸਾ ਕਾਲਜ਼ ਜਲੰਧਰ ਤੋਂ ਗਰੈਜੂਏਟ ਹਾਂ। ਮੈ ਮੈਡੀਕਲ ਦੀ ਕੰਪਨੀ ਵਿੱਚ 27 ਸਾਲ ਤੋਂ ਕੰਮ ਕਰਦਾ ਆ ਰਿਹਾਂ ਹਾਂ। ਮੈ ਹਮੇਸ਼ਾ ਛੋਟੇ ਹੁੰਦੇ ਤੋਂ ਹੀ ਸਿੱਖ ਸੰਗਤਾ ਲਈ ਸੇਵਾਦਾਰ ਦੇ ਤੌਰ ਤੇ ਸੇਵਾ ਕਰਦਾ ਆ ਰਿਹਾ ਹਾਂ। ਮੈ ਲਗਾਤਾਰ ਸੈਨਹੋਜ਼ੇ ਗੁਰੂ ਘਰ ਵਿੱਚ 1985 ਤੋਂ ਸੇਵਾ ਕਰਦਾ ਆ ਰਿਹਾ ਹਾਂ। ਹੁਣ ਮੈ ਧਾਰਮਕਿ ਪ੍ਰੋਗ੍ਰਾਮ, ਲੰਗਰ ਅਤੇ ਸਪੈਸ਼ਲ ਪ੍ਰੋਗ੍ਰਾਮਾਂ ਵਿੱਚ ਸੇਵਾ ਕਰਦਾ ਰਹਾਂਗਾ।

ਮੈ ਗੁਰਬਖਸ਼ ਸਿੰਘ ਢਿੱਲੋਂ, ਮੇਰਾ ਮੰਤਵ ਗੁਰਦੁਆਰਾ ਸਾਹਿਬ ਸੰਗਤ ਦੀ ਸੇਵਾ ਕਰਨਾ ਹੈ। ਮੈ ਪਿੱਛਲੇ 21 ਸਾਲਾ ਤੋਂ ਟੈਕਸੀ ਬਿਜਨਸ ਵਿੱਚ ਕੰਮ ਕਰਦਾ ਹਾਂ। ਮੈ ਮੌਜੂਦਾ ਪ੍ਰਬੰਧਕ ਕਮੇਟੀ ਦਾ ਮੈਂਬਰ ਹਾਂ, ਲੰਗਰ ਦੀ ਸੇਵਾ ਤੇ ਲੋੜਵੰਦ ਬਜ਼ੁਰਗਾ ਨੂੰ ਲੋੜੀਦੇ ਸਥਾਨ ਤੇ ਪਹੁੰਚਾਣ ਦੀ ਸੇਵਾ ਨਿਭਾਉਦਾ ਹਾਂ ਅਤੇ ਬੇਘਰੇ ਲੋਕਾ ਨੂੰ ਲੰਗਰ ਅਤੇ ਕੰਬਲਾ ਦੀ ਸੇਵਾਵਾ ਵੀ ਨਿਭਾਉਦਾ ਹਾਂ। ਜਦੋਂ ਗੁਰਦੁਆਰਾ ਸਾਹਿਬ ਦੀ ਇਮਾਰਤ ਬਣਦੀ ਸੀ ਤਾਂ ਮੈ ਆਪਣੇ ਵਿੱਤ ਅਨੁਸਾਰ ਪੂਰਾ ਯੋਗਦਾਨ ਪਾਇਆ ਅਤੇ ਗੁਰੂ ਦੀ ਕਿਰਪਾ ਨਾਲ ਅੱਗੇ ਤੋਂ ਵੀ ਇਸੇ ਤਰਾ ਸੇਵਾਵਾ ਨਿਭਾਉਣ ਦਾ ਪੂਰਾ ਯਤਨ ਕਰਾਗਾ।





ਮੇਰਾ ਨਾਮ ਨਰਿੰਦਰਪਾਲ ਸਿੰਘ ਹੈ । ਮੈਂ ਇਜਨੀਅਰਿੰਗ ਦੀ ਪੜ੍ਹਾਈ ਥਾਪਰ ਇੰਜਨੀਅਰਿੰਗ ਕਾਲਿਜ, ਪੰਜਾਬੀ ਯੁਨੀਵਰਸਿਟੀ, ਪਟਿਆਲਾ ਤੋਂ ਕੀਤੀ ਹੈ । ਪਿਛਲੇ ੨੩ ਸਾਲਾਂ ਤੋਂ ਖਾਲਸਾ ਸਕੂਲ ਵਿਚ ਸੇਵਾ ਕਰਦਿਆਂ ਮੈਨੂੰ ਗੁਰਮਿਤ ਸੰਬਧੀ ਕਈ ਪ੍ਰੋਗਰਾਮਾਂ, ਗੁਰਮਤਿ ਕਰੀਕੁਲਮ, ਗੁਰਬਣੀ ਮੁਕਾਬਲਾ, ਸ੍ਰੀ ਹੇਮਕੁੰਟ ਸਪੀਚ ਸਿਮ-ਪੋਸੀਅਮ ਅਤੇ ਗੁਰਮਤਿ ਕੈਂਪ, ਨੂੰ ਸ਼ੁਰੂ ਕਰਣ ਅਤੇ ਚਲਾਉਣ ਦਾ ਸੁਭਾਗ ਸਮਾਂ ਮਿਲਿਆ। ਪਿਛਲੇ ੯ ਸਾਲਾਂ ਤੋਂ ਮੈਂ ਸਕੂਲ ਦੇ ਕੀਰਤਨ ਪ੍ਰੋਗਰਾਮ ਨੂੰ ਚਲਾਣ ਵਿਚ ਮਦੱਦ ਕਰ ਰਿਹਾ ਹਾਂ । ਇਸ ਦੌਰਾਨ ਅਸੀ ਐਸੇ ਅਧਿਆਪਕਾਂ ਨਾਲ ਸੰਪਰਕ ਬਣਾਇਆ ਜਿਨਾਂ ਨੇ ਗੁਰਮਿਤ ਸੰਗੀਤ ਦੀ ਵਿਦਿਆ ਲਈ ਹੋਈ ਹੈ । ਇਸ ਕਾਰਣ ਅਸੀ ਤੰਤੀ ਸਾਜ਼ਾਂ ਨੂੰ ਵਜਾਉਣ ਦੀ ਸਲਾਸ ਸ਼ੁਰੂ ਕਰ ਸਕੇ ਹਾਂ ਅਤੇ ਬੱਚਿਆਂ ਨੂੰ ਖਾਸ ਗੁਰਪੁਰਬਾਂ ਤੇ ਵਡੀ ਸੰਗਤ ਸਾਮਣੇ ਕੀਰਤਨ ਕਰਣ ਵਾਸਤੇ ਤਿਆਰ ਕਰ ਸਕੇ ਹਾਂ। ੨੦੦੯ ਤੋਂ, ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਇਕ ਮੈਂਬਰ ਹੋਣ ਦੇ ਨਾਤੇ, ਮੈਂ ਅਪਣੇ ਕੀਰਤਨ ਪ੍ਰੋਗਰਾਮਾਂ ਨੂੰ ਹੋਰ ਰਸਮਈ ਬਣਾਉਣ ਦੀ ਜਿਮੇਂਵਾਰੀ ਲਈ ਹੈ। ਚੰਗੇ ਰਾਗੀ ਜਥਿਆਂ ਨੂੰ ਨੌਕਰੀ ਤੇ ਰੱਖਣਾ ਅਤੇ ਉਨਾਂ ਸਾਰਿਆਂ ਨੂੰ ਵੰਡ ਕੇ ਕੰਮ ਦੇਣ ਨਾਲ ਇਹ ਕਾਰਜ ਸੰਭਵ ਹੋ ਪਾਇਆ ਹੈ। ਕੁਝ ਸਮੇਂ ਬਾਦ ਅਤੇ ਖਾਸ ਮੋਕਿਆਂ ਤੇ ਮੈਂ ਨਾਮੀ ਕੀਰਤਨੀਆਂ ਨੂੰ ਵੀ ਸੱਦਦਾ ਰਿਹਾ ਹਾਂ । ਮੇਰਾ ਟੀਚਾ ਹੈ ਕਿ ਨਿਰਧਾਰਿਤ ਰਾਗਾਂ ਵਿਚ ਅਤੇ ਤੰਤੀ ਸਾਜ਼ਾਂ ਨਾਲ ਕੀਰਤਨ ਕਰਕੇ ਪ੍ਰੋਗਰਾਮ ਹੋਰ ਵੀ ਰਸਭਿੰਨੇ ਬਣਾਏ ਜਾਣ।

ਮੇਰਾ ਨਾ ਸੋਹਣ ਸਿੰਘ ਧਨੋਤਾ ਹੈ, ਸਿਵਲ ਇੰਜਨੀਅਰਿੰਗ ਫਗਵਾੜੇ ਤੋਂ ਕੀਤੀ ਹੋਈ ਹੈ । ਭਾਰਤ ਵਿੱਚ ਮੈ ਡਰਾਫਟ ਮੈਨ ਸੀ। ਮੈ ਇੰਗਲੈਡ ਵਿੱਚ ਬਿਜਨਸਮੈਨ ਅਤੇ ਬੱਸ ਡਰਾਇਵਰ ਸੀ। ਅਤੇ ਸੈਨਹੋਜ਼ੇ ਵਿੱਚ ਵੀ ਟੀ ਏ ਵਿੱਚ 20 ਸਾਲ ਸਰਵਿਸ ਕੀਤੀ। 2002 ਤੋਂ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵਿੱਚ ਸਹਾਇਕ ਖਚਾਨਚੀ ਦੀ ਸੇਵਾ ਨਿਰੰਤਰ ਕਰ ਰਿਹਾ ਹਾਂ। ਗੁਰੂ ਘਰ ਦੇ ਮੁਲਾਜ਼ਮਾ ਲਈ ਪੇ ਰੋਲ ਅਤੇ ਬੈਂਕ ਦੇ ਡੀਪੋਜਿਟ ਦੀ ਸੇਵਾ ਕਰਦਾ ਹਾਂ ਗੁਰੂ ਘਰ ਵਿੱਚ ਜੋ ਵਿਆਹ ਹੁੰਦੇ ਹਨ ਅਤੇ ਸਾਫ ਸਫਾਈ ਦਾ ਧਿਆਨ ਅਤੇ ਦਫਤਰ ਦੀ ਸਫਲਈ ਦਾ ਪੂਰਾ ਧਿਆਨ ਰੱਖਦਾ ਹਾਂ ਮੈ ਆਪਣੀ ਸੇਵਾ ਜ਼ਾਰੀ ਰੱਖਾਂਗਾ।





ਮੈ ਨੀਟੂ ਸਿੰਘ ਕਾਹਲੋਂ ਪੰਜਾਬ ਵਿੱਚ ਗੁਰਦਾਸਪੁਰ ਜਿਲੇ ਨਾਲ ਸਬੰਧਤ ਹਾ ਅਤੇ ਪਿੱਛਲੇ 25 ਸਾਲ ਤੋਂ ਸੈਨਹੋਜ਼ੇ ਵਿੱਚ ਰਹਿ ਰਿਹਾ ਹਾਂ, ਮੈ ਗੁਰੂ ਨਾਨਕ ਇੰਜਨੀਅਰ ਕਾਲਜ਼ ਲੁਧਿਆਣਾ ਤੋਂ ਗਰੇਜੂਏਟ ਹਾਂ। 1982 ਤੋਂ ਪੰਜਾਬ ਵਿੱਚ ਅਤੇ ਅਮਰੀਕਾ ਵਿੱਚ ਪੰਥਕ ਸੇਵਾਵਾ ਨਿਭਾਉਂਦਾ ਆ ਰਿਹਾ ਹਾਂ ਹੁਣ ਮੈ 2008 ਤੋਂ ਸੈਨਹੋਜ਼ੇ ਗੁਰਦੁਆਰਾ ਸਾਹਿਬ ਵਿੱਚ ਬਤੌਰ ਕਮੇਟੀ ਮੈਂਬਰ ਹਾਂ ਅਤੇ ਸੈਨਹੋਜ਼ੇ ਗੁਰਦੁਆਰਾ ਸਾਹਿਬ ਦੀ ਜੋ ਖੂਬਸੂਰਤ ਇਮਾਰਤ ਅਤੇ ਗੁਰੂ ਨਾਨਕ ਖਾਲਸਾ ਸਕੂਲ ਬਣਿਆ ਹੈ ਉਸ ਦੇ ਬਣਨ ਵਿੱਚ ਮੈ ਵਿੱਤ ਅਨੁਸਾਰ ਪੂਰਾ ਯੋਗਦਾਨ ਪਾਇਆ ਹੈ। ਅਤੇ ਗੁਰੂ ਕਿਰਪਾ ਨਾਲ ਮੈ ਅੱਗੇ ਤੋਂ ਪੰਥਕ ਸੇਵਾਵਾ ਨਿਭਾਉਣ ਦਾ ਯਤਨ ਜ਼ਾਰੀ ਰਖਾਂਗਾ।

ਮੇਰਾ ਨਾਂ ਨਰਿੰਦਰ ਕੌਰ ਮਹੇੜੂ, ਮੈ ਸਿੱਖ ਪ੍ਰੀਵਾਰ ਵਿੱਚ ਜੰਮੀ ਪਲੀ ਹਾਂ ਅਤੇ ਸਿੱਖੀ ਦੀਆ ਸਾਰੀਆ ਕਦਰਾਂ ਕੀਮਤਾ ਮੇਰੇ ਵਿੱਚ ਹਨ । ਮੈ ਸੈਨਹੋਜ਼ੇ ਗੁਰ-ਦੁਆਰਾ ਸਾਹਿਬ ਨਾਲ 1980 ਤੋਂ ਜੁੜੀ ਹਾਂ ਅਤੇ ਮੈ ਗੁਰਦੁਆਰਾ ਸਾਹਿਬ ਲਈ ਸੰਭਵ ਸੇਵਾ ਨਿਭਾਅ ਰਹੀ ਹਾਂ। ਮੈ ਸੰਗਤਾ ਦੀ ਸੇਵਾ ਵਿੱਚ ਪਿੱਛਲੇ 6 ਸਾਲਾ ਤੋਂ ਇਸ ਪ੍ਰਬੰਧਕ ਕਮੇਟੀ ਵਿੱਚ ਹਾਂ ਮੈ ਪਿੱਛਲੇ 12 ਸਾਲਾ ਤੋਂ ਰੇਡੀਓ ਟਾਕ ਸ਼ੋਅ ਦੀ ਹੋਸਟ ਹਾਂ ਅਤੇ ਆਪਣੀ ਕੌਮ ਦੀ ਸੇਵਾ ਕਰ ਰਹੀ ਹਾਂ। ਮੈ ਆਸ ਕਰਦੀ ਹਾਂ ਕਿ ਮੈ ਅਗਲੇ ਆਉਣ ਵਾਲੇ ਪ੍ਰੋਜੈਕਟਾਂ ਅਤੇ ਸੰਗਤ ਲਈ ਸ਼ਾਂਤਮਈ ਮਹੌਲ ਨੂੰ ਬਰਕਰਾਰ ਰੱਖਣ ਲਈ ਹਰ ਸੰਭਵ ਕੋਸ਼ਿਸ਼ ਕਰਾਂਗੀ।

(ਬਾਕੀ ਦੇਖੋ ਸਫਾ 15 ਤੇ)



# ਸਰੋਤਿਆਂ ਦੇ ਮਨਾਂ 'ਚ ਅਭੁੱਲ ਯਾਦਾਂ ਛੱਡ ਗਿਆ ਪੀ.ਸੀ.ਐਸ. ਸੈਕਰਾਮੈਂਟੋ ਦਾ 15ਵਾਂ ਤੀਆਂ ਦਾ ਮੇਲਾ

## ਹਜ਼ਾਰਾਂ ਦੀ ਗਿਣਤੀ 'ਚ ਢਾਈ ਸੌ ਤੋਂ ਵੱਧ ਅਦਾਕਾਰਾਂ ਨੇ ਰੰਗ ਬਿਖੇਰੇ


















# ਸਾਧ ਸੰਗਤ ਨੂੰ ਬੇਨਤੀ

ਗੁਰੂ ਪਿਆਰੀ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ।

ਗੁਰਦੁਆਰਾ ਸੁਧਾਰ ਕਮੇਟੀ, ਸੈਨ ਹੋਜ਼ੇ ਨੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਲੰਮੇ ਸੰਘਰਸ਼ ਅਤੇ ਕਨੂੰਨੀ ਲੜਾਈ ਲੜ ਕੇ ਸਿਖ ਗੁਰਦੁਆਰਾ – ਸੈਨ ਹੋਜ਼ੇ ਦੀ ਸਮੂਹ ਜਨਰਲ ਬਾਡੀ ਦੇ ਵੋਟ ਪਾਉਣ ਦੇ ਹੱਕਾਂ ਨੂੰ ਬਹਾਲ ਕਰਾਇਆ ਹੈ। ਇਸ ਸੰਘਰਸ਼ ਦੀ ਕਾਮਯਾਬੀ ਦਾ ਸਦਕਾ ਹੀ ਇਸ ਗੁਰਦੁਆਰਾ ਸਾਹਿਬ ਵਿਚ ਪਿਛਲੇ 30 ਸਾਲਾਂ ਵਿਚ ਪਹਿਲੀ ਵਾਰੀ ਸਮੂਹ ਪ੍ਰਬੰਧਕ ਕਮੇਟੀ ਦੀ ਚੋਣ ਹੋ ਰਹੀ ਹੈ। ਹੁਣ ਕੋਈ ਵੀ ਕਮੇਟੀ ਮੁਠੀ ਭਰ ਪਰਿਵਾਰਾਂ ਅਤੇ ਹਮਾਇਤੀਆਂ ਦੀ ਮਦਦ ਨਾਲ ਜਨਰਲ ਬਾਡੀ ਨੂੰ ਸੂਚਿਤ ਕੀਤੇ ਬਿਨਾ ਗੁਰਦੁਆਰਾ ਸਾਹਿਬ ਦੇ ਸੰਵਿਧਾਨ ਵਿਚ ਮਨਮਰਜ਼ੀ ਦੀਆਂ ਸੋਧਾਂ ਕਰਕੇ ਉਮਰ ਭਰ ਲਈ ਗੁਰਦੁਆਰਾ ਸਾਹਿਬ ਤੇ ਕਾਬਜ ਹੋਣ ਦਾ ਹੀਆ ਨਹੀਂ ਕਰ ਸਕੇਗੀ।

ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜ ਰਹੀ ਸਾਧ ਸੰਗਤ ਦੀ 21 ਉਮੀਦਵਾਰਾਂ ਦੀ ਸਲੇਟ ਤੁਹਾਡੀ ਆਪਣੀ ਸਲੇਟ ਹੈ ਜਿਸ ਨੇ ਤੁਹਾਡੇ ਵੋਟ ਦੇ ਹੱਕਾਂ ਨੂੰ ਬਹਾਲ ਲਈ ਅਹਿਮ ਰੋਲ ਅਦਾ ਕੀਤਾ ਹੈ। ਕ੍ਰਿਪਾ ਕਰਕੇ ਤੁਸੀ ਆਪਣਾ ਕੀਮਤੀ ਵੋਟ ਦੇ ਕੇ ਇਹਨਾ ਉਮੀਦਵਾਰਾਂ ਨੂੰ ਸੇਵਾ ਦਾ ਮੌਕਾ ਦਿਓ।

# APPEAL TO SADH SANGAT

**Dear Sadh Sangat Ji,**

**Gurdwara Sudhar Committee San Jose with the cooperation of all Sangat has restored the voting rights of the General Body and the bylaws of Sikh Gurdwara - San Jose. It is due to the result of this struggle that the election of the entire Gurdwara Parbandhak Committee is going to take place for the first time in 30 years. In the future no Committee, with the help of a handful families and their supporter can dare to change the bylaws to suit their needs and stay in control of the Gurdwara for life.**

**Sadh Sangat Slate, that consists of 21 candidates for the Gurdwara Parbandhak Committee elections, is your own Slates which has played a key role in restoring your voting rights. Please vote for these candidates and give them the opportunity to serve you.**

ਅਸੀਂ ਸੰਗਤਾਂ ਦੀ ਸੇਵਾ ਲਈ ਹਾਜ਼ਰ ਹਾਂ।

## ਸਾਧ ਸੰਗਤ ਸਲੇਟ

ਸਿੱਖ ਗੁਰਦੁਆਰਾ – ਸੈਨ ਹੋਜ਼ੇ

In the Service of Sadh Sangat

## Sadh Sangat Slate

Sikh Gurdwara - San Jose

(408) 629-1958 • (408) 509-1082 • (408) 858-3845 • (408) 332-6789 • (408) 203-8054

## www.sudharcommittee.com

# ਸਿੱਖ ਗੁਰਦੁਆਰਾ, ਸੈਨ ਹੋਜ਼ੇ ਦੀਆਂ ਚੋਣਾਂ

# ਸਾਧ ਸੰਗਤ ਸਲੇਟ

ਗੁਰੂ ਪਿਆਰੀ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ।

ਗੁਰਦੁਆਰਾ ਸੁਧਾਰ ਕਮੇਟੀ, ਸੈਨ ਹੋਜ਼ੇ ਨੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਲੰਮੇ ਸੰਘਰਸ਼ ਅਤੇ ਕਾਨੂੰਨੀ ਲੜਾਈ ਲੜ ਕੇ ਸਿੱਖ ਗੁਰਦੁਆਰਾ ਸੈਨ ਹੋਜ਼ੇ ਦੀ ਸਮੂਹ ਜਨਰਲ ਬਾਡੀ ਦੇ ਵੋਟ ਪਾਉਣ ਦੇ ਹੱਕਾਂ ਨੂੰ ਬਹਾਲ ਕਰਾਇਆ ਹੈ। ਇਹੋ ਵਜ੍ਹਾ ਹੈ ਕਿ ਇਸ ਗੁਰਦੁਆਰਾ ਸਾਹਿਬ ਵਿਚ ਪਿਛਲੇ 30 ਸਾਲਾਂ ਵਿਚ ਹੁਣ ਪਹਿਲੀ ਵਾਰੀ ਸਮੂਹ ਪ੍ਰਬੰਧਕ ਕਮੇਟੀ ਦੀ ਚੋਣ ਹੋ ਰਹੀ ਹੈ।

ਸਾਧ ਸੰਗਤ ਸਲੇਟ ਗੁਰੂ ਕੀ ਸੰਗਤ ਦੀ ਆਪਣੀ ਸਲੇਟ ਹੈ ਜਿਸ ਨੇ ਹਮੇਸ਼ਾਂ ਤੁਹਾਡੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਹੈ ਅਤੇ ਕਰਦੀ ਰਹੇਗੀ। ਇਹ ਗੁਰਦੁਆਰਾ ਸਾਹਿਬ ਉਤੇ 30 ਸਾਲਾਂ ਤੋਂ ਕਾਬਜ਼ ਧਿਰ (ਮੌਜੂਦਾ ਪ੍ਰਬੰਧਕ ਕਮੇਟੀ) ਦੇ ਖਿਲਾਫ ਚੋਣਾਂ ਲੜ ਰਹੀ ਹੈ ਜਿਸ ਵਿਚ ਆਪ ਜੀ ਦੀ ਮਦਦ ਦੀ ਜ਼ਰੂਰਤ ਹੈ। ਆਪ ਜੀ ਨੂੰ ਸਨਿਮਰ ਬੇਨਤੀ ਹੈ ਕਿ ਤੁਸੀਂ ਆਪਣਾ ਕੀਮਤੀ ਵੋਟ ਦੇ ਕੇ ਸਾਧ ਸੰਗਤ ਸਲੇਟ ਦੇ ਉਮੀਦਵਾਰਾਂ ਨੂੰ ਕਾਮਯਾਬ ਕਰੋ।





*(ਉਪਰ) 7 ਅਗਸਤ 2015 ਨੂੰ ਮਿਲਪੀਟਸ ਦੇ ਵਿਸ਼ਾਲ ਇੰਡੀਆ ਕਮਿਊਨਿਟੀ ਸੈਂਟਰ ਵਿਖੇ ਸਾਧ ਸੰਗਤ ਸਲੇਟ ਦੇ 700 ਤੋਂ ਵੱਧ ਸਮਰਥਕਾਂ ਦਾ ਉਤਸ਼ਾਹ ਨਾਲ ਠਾਠਾਂ ਮਾਰਦਾ ਇਕੱਠ। (ਹੇਠਾਂ) ਡਾ. ਤਰਲੋਚਨ ਸਿੰਘ ਨਾਹਲ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ*


Tarlochan Singh Nahal
ਤਰਲੋਚਨ ਸਿੰਘ ਨਾਹਲ


Gurmail Singh Bath
ਗੁਰਮੇਲ ਸਿੰਘ ਖਾਲਸਾ (ਬਾਠ)


Bhupinder Singh Cheema
ਭੁਪਿੰਦਰ ਸਿੰਘ ਚੀਮਾ


Jagjit Singh Mand
ਜਗਜੀਤ ਸਿੰਘ ਮੰਡ


Sukhwinder Singh Mann
ਸੁਖਵਿੰਦਰ ਸਿੰਘ ਮਾਨ


Surinderjit Kaur
ਸੁਰਿੰਦਰਜੀਤ ਕੌਰ


Surinder Kaur
ਸੁਰਿੰਦਰ ਕੌਰ


Davinder Kaur Pannu
ਦਵਿੰਦਰ ਕੌਰ ਪੰਨੂੰ


Onkar Singh
ਉਂਕਾਰ ਸਿੰਘ


Siasat Singh
ਸਿਆਸਤ ਸਿੰਘ


Balkar Singh
ਬਲਕਾਰ ਸਿੰਘ


Bahadur Singh Sandhu
ਬਹਾਦਰ ਸਿੰਘ ਸੰਧੂ


Jaspal Singh
ਜਸਪਾਲ ਸਿੰਘ


Gurbachan Singh (Tanda)
ਗੁਰਬਚਨ ਸਿੰਘ (ਟਾਂਡਾ)


Kamaljeet Singh Cheema
ਕਮਲਜੀਤ ਸਿੰਘ ਚੀਮਾ


Bhupinder Singh
ਭੁਪਿੰਦਰ ਸਿੰਘ


Manpreet Singh Badesha
ਮਨਪ੍ਰੀਤ ਸਿੰਘ ਬਦੇਸ਼ਾ


Avtar Singh Khella
ਅਵਤਾਰ ਸਿੰਘ ਖੇਲਾ


Gurbachan Singh Sra
ਗੁਰਬਚਨ ਸਿੰਘ ਸਰਾ


Gurvinder Singh (Prince)
ਗੁਰਵਿੰਦਰ ਸਿੰਘ (ਪ੍ਰਿੰਸ)


Iqbal Singh Mann
ਇਕਬਾਲ ਸਿੰਘ ਮਾਨ

## Sadh Sangat Slate, Sikh Gurdwara - San Jose

www.sudharcommittee.com

**ਬੇਨਤੀ ਕਰਤਾ**

ਡਾ. ਤਰਲੋਚਨ ਸਿੰਘ ਨਾਹਲ (408) 629-1958
ਭਾਈ ਗੁਰਮੇਲ ਸਿੰਘ ਖਾਲਸਾ (408) 509-1082
ਭਾਈ ਜਗਜੀਤ ਸਿੰਘ ਮੰਡ (408) 858-3845
ਭਾਈ ਦਲਜੀਤ ਸਿੰਘ (408) 332-6780
ਭਾਈ ਜਸਵੰਤ ਸਿੰਘ ਹੋਠੀ (408) 898-7056
ਭਾਈ ਬਲਬੀਰ ਸਿੰਘ ਢਿੱਲੋਂ (408) 772-0600

ਭਾਈ ਹਰਦੁਮਨ ਸਿੰਘ ਸੰਘੇੜਾ (408) 520-8800
ਭਾਈ ਗੁਰਦਿਆਲ ਸਿੰਘ (408) 469-9749
ਭਾਈ ਰਾਜਵੰਤ ਸਿੰਘ (650) 883-3442
ਭਾਈ ਭੁਪਿੰਦਰ ਸਿੰਘ ਚੀਮਾ (408) 203-8054
ਭਾਈ ਦਵਿੰਦਰ ਸਿੰਘ (209) 564-8899
ਭਾਈ ਐਸ ਪੀ ਸਿੰਘ (408) 442-9199

# ਫਰੀਮਾਂਟ 'ਚ ਭਾਰਤ ਦਾ ਆਜ਼ਾਦੀ ਦਿਹਾੜਾ ਮਨਾਇਆ



























**ਫਰੀਮਾਂਟ–** ਬੇ ਏਰੀਆ ਜੇ. ਆਈ. ਸੀ, ਐਫ. ਆਈ. ਏ. ਅਤੇ ਡਾ ਅੰਬੇਦਕਰ ਐਜੂਕੇਸ਼ਨਲ ਏਡ ਸੁਸਾਇਟੀ, ਫਰੀਮਾਂਟ (ਕੈਲੇਫੋਰਨੀਆ) ਵੱਲੋਂ 16 ਅਗਸਤ ਨੂੰ ਫਰੀਮਾਂਟ ਵਿਖੇ ਭਾਰਤ ਦਾ ਆਜ਼ਾਦੀ ਦਿਹਾੜਾ ਮਨਾਇਆ ਗਿਆ।

ਭਾਈਚਾਰੇ ਪ੍ਰਤੀ ਸਮਰਪਿਤ ਡਾ. ਰਮੇਸ਼ ਜਾਪਰਾ ਅਤੇ ਉਨ੍ਹਾਂ ਦੀ ਟੀਮ ਦਾ ਇਸ ਮੌਕੇ ਵਿਸ਼ੇਸ਼ ਯੋਗਦਾਨ ਰਿਹਾ। 25 ਸਾਲਾਂ ਵਿੱਚ ਪਹਿਲੀ ਵਾਰ ਮਨਾਏ ਗਏ ਇਸ ਦਿਹਾੜੇ ਮੌਕੇ ਵਿਨੋਦ ਕੁਮਾਰ ਚੁੰਬਰ, ਸੁਖਰਾਜ ਸਿੰਘ ਚੋਪੜਾ, ਰਾਮ ਮੂਰਤੀ ਸਰੋਇਆ, ਅਮਰੀਕ ਚੰਦ ਲਾਖਾ, ਕੇਵਲ ਸਿੰਘ , ਕਰਨੈਲ ਸਿੰਘ, ਸੋਹਨ ਲਾਲ, ਸੰਤੋਖ ਸਿੰਘ ਸਰੋਇਆ, ਰਾਜਿੰਦਰ ਝਮਟ ਅਤੇ ਹੋਰ ਮੈਂਬਰਾਂ ਨੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਦਕਰ, ਸ਼ਹੀਦ ਭਗਤ ਸਿੰਘ ਅਤੇ ਮਹਾਨ ਆਜ਼ਾਦੀ ਘੁਲਾਈਟੀਏ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੀਆਂ ਤਸਵੀਰਾਂ ਵਾਲੇ ਫਲੋਟਾਂ ਨਾਲ ਆਜ਼ਾਦੀ ਦਿਵਸ ਸਬੰਧੀ ਪਰੇਡ ਵਿੱਚ ਸ਼ਾਮਲ ਹੋਏ। ਭਾਰਤੀ ਭਾਈਚਾਰੇ ਦੇ ਲੋਕਾਂ ਨੇ ਦੂਜੇ ਸਹਿਰਾਂ ਤੋਂ ਵੀ ਇਸ ਪਰੇਡ ਵਿੱਚ ਸ਼ਮੂਲੀਅਤ ਕੀਤੀ। ਯੂਨਾਈਟਡ ਅਵੇਰਨੈਸ ਕਮੇਟੀ ਤੋਂ ਹੰਸ ਰਾਜ ਕਾਜਲਾ, ਕੇਵਲ ਬੋਲੀਨਾ, ਰਾਕੇਸ਼ ਚੰਦਰ ਤਲਵਿੰਦਰ ਕਾਜਲਾ ਅਤੇ ਇੰਟਰਨੈਸ਼ਨਲ ਬਹੁਜਨ ਆਰਗੇਨ–ਾਈਜੇਸ਼ਨ ਤੋਂ ਦਸ਼ਵਿੰਦਰਪਾਲ, ਸਤਪਾਲ ਸੁਰੀਲਾ, ਅਜੈ ਕਟ–ਾਰੀਆ ਵੀ ਇਸ ਪਰੇਡ ਵਿੱਚ ਸ਼ਾਮਲ ਹੋਏ। ਭਾਰਤੀ ਭਾਈਚਾਰੇ ਦੇ ਲੋਕ ਪਰੇਡ ਵਿੱਚ ਇਨ੍ਹਾਂ ਫਲੋਟਾਂ ਨੂੰ ਦੇਖ ਕੇ ਬਹੁਤ ਖੁਸ਼ੀ ਮਹਿਸੂਸ ਕਰ ਰਹੇ ਸਨ।

ਸ਼ਹੀਦ ਭਗਤ ਸਿੰਘ ਅਤੇ ਆਜ਼ਾਦੀ ਘੁਲਾਈਟੀਏ ਬਾਬੂ ਮੰਗੂ ਰਾਮ ਮੁੱਗੋਵਾਲੀਆ, ਡਾ. ਅੰਬੇਦਕਰ ਦੀਆਂ ਤਸਵੀਰਾਂ ਵਾਲੇ ਫਲੋਟ ਵਿੱਚ ਸੁਖਦੇਵ ਸਾਹਿਲ ਅਤੇ ਬੰਟੀ ਬਾਵਾ ਨੇ ਬਾਬਾ ਸਾਹਿਬ ਬਾਰੇ ਗੀਤਾਂ ਦੀ ਬਹੁਤ ਵਧੀਆ ਪੇਸ਼ਕਾਰੀ ਕੀਤੀ।ਵਿਨੋਦ ਕੁਮਾਰ ਚੁੰਬਰ, ਰਾਮ ਮੂਰਤੀ ਸਰੋਇਆ, ਅਮਰੀਕ ਚੰਦ ਲਾਖਾ ਅਤੇ ਹੋਰ ਆਗੂਆਂ ਨੇ ਕਿਹਾ ਕਿ ਉਹ ਭੱਵਿਖ ਵਿੱਚ ਵੀ ਹਰ ਸਾਲ ਭਾਰਤੀ ਆਜ਼ਾਦੀ ਦੇ ਸਮਾਗਮ ਮਨਾਉਂਦੇ ਰਹਿਣਗੇ। "ਅੰਬੇਦਕਰ ਟਾਈਮਜ਼" ਅਤੇ "ਦੇਸ਼ ਦੁਆਬਾ" ਵੱਲੋਂ ਨਵੇਂ ਪ੍ਰਬੰਧਕਾਂ ਨੂੰ ਪ੍ਰੋਗਰਾਮ ਦੀ ਸਫਲਤਾ ਲਈ ਵਧਾਈ ਦਿੱਤੀ ਜਾਂਦੀ ਹੈ।

# ਇੰਡੀਆ ਡੇ ਪਰੇਡ ਵਿੱਚ ਬਾਬਾ ਸਾਹਿਬ ਡਾ ਅੰਬੇਦਕਰ ਦੇ ਫਲੋਟ ਦਾ ਮਾਰਚ ਪ੍ਰਦਰਸ਼ਨ ਕੀਤਾ ਗਿਆ




**ਨਿਊਯਾਰਕ (ਬਲਵਿੰਦਰ ਭੌਰਾ)–** ਬੀਤੇ ਦਿਨੀ 69ਵੇਂ ਭਾਰਤੀ ਅਜ਼ਾਦੀ ਦਿਵਸ ਮੌਕੇ ਨਿਊਯਾਰਕ ਵਿਖੇ ਕੱਢੀ ਗਈ 35ਵੀਂ ਇੰਡੀਆ ਡੇ ਪਰੇਡ ਵਿੱਚ ਬੇਗਮਪੁਰਾ ਕਲਚਰਲ ਸੋਸ–ਾਇਟੀ ਆਫ ਨਿਊਯਾਰਕ ਵਲੋਂ ਭਾਰਤ ਰਤਨ ਭੀਮ ਰਾਓ ਡਾਂ ਅੰਬੇਦਕਰ ਜੀ ਦੇ ਅੱਠਵੇਂ ਫਲੋਟ ਦੀ ਮਾਰਚ ਪ੍ਰਦਰਸ਼ਨੀ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਕੀਤੀ ਗਈ। ਇਹ ਪਰੇਡ ਮਨ–ਹਾਟਨ ਵਿੱਚ ਸਵੇਰੇ ਕਰੀਬ ਗਿਆਰਾਂ ਵਜੇਂ ਸ਼ੁਰੂ ਹੋਈ ਅਤੇ ਸ਼ਾਮ ਤਿੰਨ ਵਜੇ ਆਪਣੇ ਅੰਤਲੇ ਪੜਾਅ ਤੇ ਸੰਪਨ ਹੋਈ । ਇਸ ਪਰੇਡ ਦਾ ਆਯੋਜਨ ਹਰ ਸਾਲ ਐਫ. ਆਈ. ਏ ਆਰਗਨ–ਾਈਜ਼ੇਸਨ ਵਲੋਂ ਕੀਤਾ ਜਾਂਦਾ ਹੈ ਜਿਸ ਵਿੱਚ ਲੱਗਭੱਗ 30 ਦੇ ਕਰੀਬ ਫਲੋਟਾਂ ਦੀ ਮਾਰਚ ਪ੍ਰਦਰਸ਼ਨੀ ਸਭ ਲਈ ਮਨਭਾਉਂਦੀਂ ਹੁੰਦੀ ਹੈ। ਇਸ ਸਾਲ ਮੁੱਖ ਮਹਿਮਾਨ ਦੇ ਤੌਰ ਤੇ ਬਾਲੀਵੁੱਡ ਦੇ ਮਸ਼ਹੂਰ ਅਦਾਕਾਰ ਅਰਜੁਨ ਰਾਮਪਾਲ ਤੇ ਅਦਾਕਾਰਾ ਪਰਨੀਤੀ ਚੌਪੜਾ ਨੇ ਹਾਜ਼ਰੀ ਲਵਾਈ। ਬੇਗਮਪੁਰਾ ਸੰਸਥਾਂ ਜਿੱਥੇ ਹੋਰ ਬਹੁਤ ਸਾਰੇ ਲੋਕ ਭਲਾਈ ਦੇ ਕਾਰਜ਼ ਕਰਦੀ ਹੈ ਉਥੇ ਮਹਾਂਮਨਵ ਡਾਂ ਅੰਬੇਦਕਰ ਦੇ ਮਿਸ਼ਨ ਪ੍ਰਤੀ ਵੀ ਬਹੁਤ ਨਿਵੇਕਲੇ ਪ੍ਰੋਗਰਾਮ ਉਲੀਕਦੀ ਰਹਿੰਦੀ ਹੈ । ਭਾਈਚਾਰੇ ਵਲੋਂ ਸਮਾਜ ਦੇ ਉਸਾਰੂ ਕੰਮਾਂ ਲਈ ਸੰਸਥਾਂ ਨੂੰ ਭਰਵਾਂ ਸਹਿਯੋਗ ਦਿੱਤਾ ਜਾਂਦਾ ਹੈ,ਕੁੱਲ ਮਿਲਾਕੇ ਇਹ ਪਰੇਡ ਲੱਗਭੱਗ 30 ਹਜ਼ਾਰ ਦਰਸ਼ਕਾਂ ਲਈ ਅਮਿਟ ਛਾਪ ਛੱਡ ਗਈ।

# ਸਿੱਖ ਗੁਰਦੁਆਰਾ ਸਾਹਿਬ, ਸੈਨਹੋਜ਼ੇ ਦੀਆਂ 30 ਅਗਸਤ ਨੂੰ ਹੋਣ ਜਾ ਰਹੀਆਂ ਚੋਣਾਂ ਲਈ ਮੌਜੂਦਾ ਪ੍ਰਬੰਧਕ ਕਮੇਟੀ ਦੇ ਉਮੀਦਵਾਰਾਂ ਨੂੰ ਆਪਣਾ ਕੀਮਤੀ ਵੋਟ ਪਾ ਕੇ ਸੇਵਾ ਦਾ ਮੌਕਾ ਦਿਓ



ਮੈ ਪ੍ਰਿਤਪਾਲ ਕੌਰ ਇੱਕ ਅੰਮ੍ਰਿਧਾਰੀ ਗੁਰਸਿੱਖ ਹਾਂ। ਸੈਨਹੋਜ਼ੇ ਵਿੱਚ ਪਿੱਛਲੇ 19 ਸਾਲ ਤੋਂ ਰਹਿ ਰਹੀ ਹਾਂ। ਮਾਸਟਰ ਡਿਗਰੀ ਹਾਸਲ ਕੀਤੀ ਹੈ। ਪਿੱਛਲੇ 9 ਸਾਲਾ ਤੋਂ ਇੱਕ ਸਫਲ ਬਿਜਨਸ ਚਲਾਉਣ ਵਾਲੀ ਔਰਤ ਹਾਂ। ਗੁਰੁ ਸਾਹਿਬ ਦੀ ਬਖਸ਼ਸ਼ ਨਾਲ ਪਿੱਛਲੇ 7 ਸਾਲ ਤੋਂ ਲੰਗਰ ਦੀ ਸੇਵਾ ਕਰ ਰਹੀ ਹਾਂ ਅਤੇ ਸਾਲ ਵਿੱਚ ਦੋ ਵਾਰ ਬੱਚਿਆ ਦੇ ਗੁਰਮਤਿ ਕੈਂਪ ਨੂੰ ਚਲਾਉਣ ਦੀਆ ਸੇਵਾਵਾਂ ਨਿਭਾਅ ਰਹੀ ਹਾਂ ਅਤੇ ਪੰਜ ਮੀਲ ਵਾਕ ਅਤੇ ਹੋਲਾ ਮਹੱਲਾ ਅਤੇ ਬੇਘਰੇ ਲੋਕਾ ਵਾਸਤੇ ਲੰਗਰ ਲਿਜਾਣ ਲਈ ਸਰਗਰਮ ਸੇਵਾਵਾ ਨਿਭਾਅ ਰਹੀ ਹਾਂ। ਮੇਰੀ ਸੋਚ ਹੈ ਕਿ ਬੀਬੀਆ ਨੂੰ ਅੱਗੇ ਵੱਧ ਕੇ ਇਸ ਤਰਾਂ ਦੀਆ ਸੇਵਾਵਾਂ ਵਿੱਚ ਹਿੱਸਾ ਲੈਣਾ ਚਾਹੀਦਾ ਹੈ।

ਮੈ ਡਾ ਬਲਬੀਰ ਸਿੰਘ ਬੈਂਸ, 1992 ਤੋਂ ਸੈਨਹੋਜ਼ੇ ਵਿੱਚ ਰਹਿ ਰਿਹਾ ਹਾਂ। ਮੈ ਬੈਚੂਲਰ,ਮਸਟਰ ਅਤੇ ਪੀ ਐਚ ਡੀ ਦੀ ਖੇਤੀਬਾੜੀ ਵਿਗਿਆਨ ਦੇ ਡਿੱਗਰੀ ਖੇਤੀਬਾੜੀ ਯੂਨੀਵਰਿਸਟੀ ਲੁਧਿਆਣਾ ਤੋਂ ਕੀਤੀ ਹੈ। 1975-1992 ਤੱਕ ਮੈ ਗੰਨੇ ਦੀਆ ਵੱਖਰੀਆ ਵੱਖਰੀਆ ਕਿਸਮਾਂ ਤੇ ਖੋਜ਼ ਕੀਤੀ ਹੈ, ਜਿੱਸ ਨਾਲ ਪੰਜਾਬ ਦੇ ਕਿਸਾਨ ਵੀਰਾਂ ਨੂੰ ਬਹੁਤ ਲਾਭ ਪਹੁੰਚਿਆ। ਇਨਾ ਉਪਲਭਦੀਆ ਕਾਰਨ ਕਈ ਸ਼ੂਗਰ ਮਿੱਲਾ ਖੁੱਲੀਆ ਜਿੱਸ ਨਾਲ ਪੰਜਾਬ ਦੇ ਨੌਜ਼ਵਾਨਾ ਨੂੰ ਨੋਕਰੀਆ ਮਿਲੀਆ। 1992 ਵਿੱਚ ਮੈ ਮਿਟਲਾਈਟ ਕੰਪਨੀ ਵਿੱਚ ਫਾਈਨੈਂਸ ਦਾ ਕਾਰਜ਼ ਸੰਭਾਲਿਆ ਅਤੇ ਬਹੁਤ ਸਿੱਖ ਪ੍ਰੀਵਾਰਾਂ ਦੀ ਮੈ ਫਾਈਨੈਂਸ ਸਲਾਹਕਾਰ ਬਣ ਕੇ ਮੱਦਦ ਕੀਤੀ।

ਮੈ ਸੇਵਾ ਮੁੱਕਤ ਵੈਲਜ਼ ਫਾਰਗੋ ਦੇ ਨਿੱਜ਼ੀ ਬੈਂਕਰ ਦੇ ਅਹੁਦੇ ਤੋਂ ਰਿਟਾਇਰ ਹੋਇਆ ਹਾਂ। ਮੈ ਬਤੌਰ ਇੱਕ ਸਿੱਖ ਮੌਜੂਦਾ ਪ੍ਰਬੰਧਕ ਕਮੇਟੀ ਦੇ ਚੰਗੇ ਕੰਮਾ ਕਰਕੇ ਉਨਾ ਦੀ ਸਹਾਇਤਾ ਕਰਦਾ ਹਾਂ ਜਿਸ ਵਿੱਚ ਇਸ ਸੁੰਦਰ ਇਮਾਰਤ ਨੂੰ ਬਣਾਉਣਾ ਅਤੇ ਆਰਥਿਕ ਤੌਰ ਤੇ ਚਲਾਉਣ ਕਰਕੇ।





ਮੇਰਾ ਨਾਮ ਬਲਜੀਤ (ਇਕਬਾਲਜੀਤ) ਕੌਰ ਹੰਸਰਾ ਹੈ। ਮੈ ਮਾਸਟਰ ਡਿਗਰੀ ਹਿਸਾਬ ਵਿੱਚ ਗੋਰਮਿੰਟ ਕਾਲਜ਼ ਲੁਧਿਆਣਾ ਤੋਂ 1983 ਵਿੱਚ ਲਈ ਸੀ। ਹੁਣ ਮੈ ਪੋਸਟ ਆਫਿਸ ਵਿੱਚ ਕੰਮ ਕਰਦੀ ਹਾਂ ਅਤੇ ਗੁਰਦੁਆਰਾ ਸਾਹਿਬ ਦੇ ਖਾਲਸਾ ਸਕੂਲ ਵਿੱਚ 25 ਸਾਲ ਤੋਂ ਕੰਮ ਕਰਦੀ ਆ ਰਹੀ ਹਾਂ ਅਤੇ ਇਸ ਸੇਵਾ ਨੂੰ ਲਗਾਤਾਰ ਜ਼ਾਰੀ ਰਖਾਂਗੀ। ਵਾਹਿਗੁਰੂ ਦੇ ਅਸ਼ੀਰਵਾਦ ਨਾਲ ਗੁਰੂਘਰ ਦੀ ਕਮੇਟੀ ਵਿੱਚ ਹੋਰ ਨਵੀਆ ਸੇਵਾਵਾਂ ਲਈ ਤੱਤਪਰ ਰਹਾਗੀ।



ਮੇਰਾ ਨਾਂ ਗੁਰਪ੍ਰੀਤ ਸਿੰਘ ਸੇਠੀ ਹੈ। ਸੈਨਹੋਜ਼ੇ ਗੁਰਦੂਆਰਾ ਸਾਹਿਬ ਦੇ ਅਸਰ ਕਾਰਨ ਮੈ ਅਤੇ ਮੇਰੀ ਪਤਨੀ ਆਪਣੇ ਬੱਚਿਆ ਦੀ ਪਾਲਣਾ ਕਰ ਰਹੇ ਹਾਂ। ਮੈ ਹਮੇਸ਼ਾ ਵਾਪਿਸ ਦੇਣ ਲਈ ਮਹਿਸੂਸ ਕੀਤਾ ਹੈ ਅਤੇ ਇਸੇ ਕਾਰਨ ਮੈ ਚੋਣ ਵਿੱਚ ਹਿੱਸਾ ਲੇਣ ਦਾ ਫੈਸਲਾ ਲਿਆ ਹੈ। ਮੈ ਨੋਜੁਆਨਾਂ ਲਈ ਅਜਿਹਾ ਵਾਤਾਵਰਨ ਪੈਦਾ ਕਰਨਾ ਚਾਹੁੰਦਾ ਹਾਂ ਜਿਸ ਵਿੱਚ ਉਹ ਹਿੱਸਾ ਲੈਣ ਤੇ ਵੱਖ ਵੱਖ ਕੰਮਾ ਵਿੱਚ ਅੱਗੇ ਵੱਧਣ। ਗੁਰਦੁਆਰਾ ਸਾਹਿਬ ਨੂੰ ਬਾਹਰ ਦੀਆ ਕਮਿਉਨਿਟੀਆ ਵਿੱਚ ਹਰਮਨ ਪਿਆਰਾ ਕਰਨ ਲਈ ਪ੍ਰਸੰਸਾ ਦਿਵਸ ਵਰਗੇ ਪ੍ਰਜੈਕਟ ਵਿੱਚ ਲਿਆ ਕੇ ਕੌਮ ਦੇ ਮਾਹਿਰਾਂ ਨੂੰ ਵਲੰਟੀਅਰ ਬਣਨ ਤੇ ਮੈਬਰਾਂ ਦੀ ਸਫਲਤਾ ਲਈ ਨੋਕਰੀਆਂ ਦੀ ਟ੍ਰੇਨਿੰਗ ਪ੍ਰਾਪਤ ਕਰਾਂਗਾ।



ਮੇਰਾ ਨਾਂ ਬਹਾਦਰ ਸਿੰਘ ਦਿਉਲ ਹੈ। ਮੈ ਮੌਜੂਦਾ ਪ੍ਰਬੰਧਕ ਕਮੇਟੀ ਵਿੱਚ ਸੇਵਾ ਨਿਭਾਅ ਰਿਹਾ ਹਾਂ। ਮੈ ਪਾਣੀ ਦੇ ਸੁੰਦਰ ਫੁਆਰੇ, ਬਿਜਲੀ, ਸਾਊਂਡ, ਆਡੀਓ ਅਤੇ ਵੀਡੀਓ ਦੀ ਦੇਖ ਭਾਲ ਅਤੇ ਮੁਰੰਮਤ ਕਰਦਾ ਹਾਂ। ਮੈ ਕੌਮੀ ਸੇਵਾਵਾ ਦੇ ਨਾਲ ਗੁਰਦੁਆਰਾ ਸਾਹਿਬ ਦੀ ਹਰ ਪ੍ਰਕਾਰ ਦੀ ਮੇਨਟੀਨੈਸ ਕਰਕੇ ਖਰਚੇ ਬਚਾਉਣ ਦੀ ਕੋਸ਼ਿਸ਼ ਕਰਨ ਦਾ ਯਤਨ ਕਰ ਰਿਹਾ ਹਾਂ। ਮੈ ਗੁਰੂ ਕਿਰਪਾ ਨਾਲ ਇਹ ਸੇਵਾਵਾ ਨਿਭਾਅ ਰਿਹਾ ਹਾ। ਮੈ ਅਲੈਕਟ੍ਰੀਸ਼ਨ ਤੇ ਮਕੈਨਿਕ ਦੀ 1999 ਤੋਂ ਵੀ ਟੀ ਏ ਦੀ ਪੱਕੀ ਨੌਕਰੀ ਕਰ ਰਿਹਾ ਹਾਂ।

# ਗੁਰੂ ਪਿਆਰੀ ਸਾਧ ਸੰਗਤ ਜੀ

## ਆਪ ਜੀ ਦੇ ਚਰਨਾਂ ਵਿਚ ਬੇਨਤੀ ਹੈ ਕਿ ਸਿੱਖ ਗੁਰਦੁਆਰਾ ਸਾਹਿਬ ਸੈਨਹੋਜ਼ੇ ਦੀਆਂ 30 ਅਗਸਤ ਨੂੰ ਹੋ ਰਹੀਆਂ ਚੋਣਾਂ ਲਈ ਮੌਜੂਦਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੂੰ ਆਪਣਾ ਵਡਮੁੱਲਾ ਵੋਟ ਦੇ ਕੇ ਇਕ ਵਾਰ ਫਿਰ ਸੇਵਾ ਦਾ ਮੌਕਾ ਦੇਣ ਦੀ ਕਿਰਪਾਲਤਾ ਕਰੋ ਜੀ।





**ਸੁਦੇਸ਼ ਸਿੰਘ ਅਟਵਾਲ**
**510-372-5061**

**ਜਸਬੀਰ ਸਿੰਘ ਤੱਖਰ**
**510-755-2132**

## ਭਾਰਤ ਦੇ 69ਵੇਂ ਸੁਤੰਤਰਤਾ ਦਿਵਸ 'ਤੇ ਵਿਸ਼ੇਸ਼

# 'ਰਾਸ਼ਟਰਵਾਦ ਤੇ ਭਾਰਤ ਦੀ ਸੁਤੰਤਰਤਾ'



ਪ੍ਰੋ: ਐਚ.ਐਲ.ਕਪੂਰ
01- 916- 587-4002

ਸਾਲ 1857 ਦੀ ਭਾਰਤ ਦੀ ਆਜ਼ਾਦੀ ਲਈ, ਲੜੀ ਗਈ ਕ੍ਰਾਂਤੀਕਾਰੀ ਲੜਾਈ ਬੁਰੀ ਤਰ੍ਹਾਂ ਫੇਲ੍ਹ ਹੋ ਗਈ। ਇਸ ਲੜਾਈ ਲਈ ਲੋਕਾਂ 'ਚ ਬੜਾ ਜੋਸ਼ ਸੀ। ਇਸ ਲੜਾਈ 'ਚ ਲੋਕਾਂ ਨੇ ਕੁਰਬਾਨੀਆਂ ਵੀ ਬਹੁਤ ਦਿੱਤੀਆਂ। ਇਸ ਕ੍ਰਾਂਤੀਕਾਰੀ ਲੜਾਈ ਦਾ ਉੱਤਰੀ ਤੇ ਮੱਧ ਭਾਰਤ 'ਚ ਬੜਾ ਜੋਰ ਸੀ। ਬ੍ਰਿਟਿਸ਼ ਸਰਕਾਰ ਦੀ ਫੌਜ 'ਚ ਜਿਹੜੇ ਭਾਰਤੀ ਸਿਪਾਹੀ ਸਨ, ਉਹਨਾਂ ਨੇ ਕਈ ਅੰਗਰੇਜ਼ ਸਰਕਾਰ ਦੇ ਗੋਰੇ ਅਫਸਰ ਮਾਰ ਵੀ ਦਿੱਤੇ। ਪਰ ਇਸ ਕ੍ਰਾਂਤੀਕਾਰੀ ਲੜਾਈ 'ਚ ਤਾਲਮੇਲ ਦੀ ਘਾਟ ਨੇ ਇਸ ਕ੍ਰਾਂਤੀ ਨੂੰ ਅਸਫਲ ਬਣਾ ਦਿੱਤਾ। ਇਹ ਕ੍ਰਾਂਤੀਕਾਰੀ ਲੜਾਈ ਭਾਰਤ ਦੇ ਵੱਖ-ਵੱਖ ਫੌਜੀ ਕੈਂਪਾਂ 'ਚ ਵੱਖ-ਵੱਖ ਸਮੇਂ 'ਤੇ ਆਰੰਭ ਹੋਈ ਤੇ ਅੰਗਰੇਜ਼ ਸਰਕਾਰ ਨੂੰ, ਇਸ ਨੂੰ ਦਬਾਉਣ ਦਾ ਚੰਗਾ ਮੌਕਾ ਮਿਲਦਾ ਰਿਹਾ। ਇਹ ਕ੍ਰਾਂਤੀਕਾਰੀ ਅੰਦੋਲਨ ਸਮੁੱਚੇ ਭਾਰਤ 'ਚ ਵੀ ਨਹੀਂ ਫੈਲ ਸਕਿਆ ਤੇ ਨਾ ਹੀ ਇਹ ਇਕ ਰਾਸ਼ਟਰਵਾਦੀ ਕ੍ਰਾਂਤੀਕਾਰੀ ਅੰਦੋਲਨ ਬਣ ਸਕਿਆ। ਅੰਗਰੇਜ਼ ਸਰਕਾਰ ਨੇ ਭਾਰਤ ਦੇ ਕਈ ਨੇਤਾਵਾਂ ਤੇ ਫੌਜੀ ਸਿਪਾਹੀਆਂ ਨੂੰ ਫੜ-ਫੜ ਕੇ ਗੋਲੀਆਂ ਮਾਰ ਦਿੱਤੀਆਂ। ਬਹਾਦਰ ਸ਼ਾਹ ਨੂੰ ਜਲਾਵਤਨ ਕਰਕੇ ਰੰਗੂਨ ਦੀ ਜੇਲ੍ਹ 'ਚ ਬੰਦ ਕਰ ਦਿੱਤਾ ਤੇ ਉਸ ਦੀ 1862 'ਚ ਉਥੇ ਹੀ ਮੌਤ ਹੋ ਗਈ। ਇਸ ਦਾ ਨਤੀਜਾ ਇਹ ਨਿਕਲਿਆ ਕਿ ਭਾਰਤੀਆਂ ਦੀ ਇਹ ਲੜਾਈ 'ਈਸਟ ਇੰਡੀਆ ਕੰਪਨੀ' ਦੇ ਖ਼ਿਲਾਫ਼ ਸੀ। ਇਸ ਕ੍ਰਾਂਤੀ ਨੂੰ ਦਬਾਉਣ ਤੋਂ ਬਾਅਦ ਬ੍ਰਿਟਿਸ਼ ਸਰਕਾਰ ਨੇ ਇਸ ਕੰਪਨੀ ਤੋਂ ਭਾਰਤ ਦਾ ਸਿੱਧਾ ਚਾਰਜ ਆਪਣੇ ਅਧੀਨ ਕਰ ਲਿਆ।

ਭਾਰਤ ਦੇ ਲੋਕਾਂ ਅੰਦਰ ਰਾਸ਼ਟਰਵਾਦ ਦੀ ਭਾਵਨਾ ਦੀ ਚੇਤਨਤਾ ਦਾ ਉਥਾਨ ਤਕਰੀਬਨ ਉਨ੍ਹੀਵੀਂ ਸਦੀ ਦੇ ਮੱਧ 'ਚ ਸ਼ੁਰੂ ਹੁੰਦਾ ਹੈ। ਇਹ ਆਪਣੀ ਜਵਾਨੀ 'ਤੇ ਉਦੋਂ ਆਉਂਦੀ ਹੈ ਜਦੋਂ 1885 ਈਸਵੀ 'ਚ 'ਇੰਡੀਅਨ ਨੈਸ਼ਨਲ ਕਾਂਗਰਸ' ਦੀ ਸਥਾਪਨਾ ਹੁੰਦੀ ਹੈ। ਕਾਂਗਰਸ ਦੀ ਸਥਾਪਨਾ ਦਾ ਆਰੰਭਕ ਦੌਰ ਬੜਾ ਨਰਮ ਪੰਥੀ ਹੈ। ਉਹ ਇਸ ਸਮੇਂ ਭਾਰਤ 'ਤੇ ਰਾਜ ਕਰ ਰਹੀ ਬਰਤਾਨਵੀ ਸਰਕਾਰ ਨਾਲ ਮੱਧ ਮਾਰਗੀ ਰਸਤਾ ਅਖਤਿਆਰ ਕਰਦੀ ਹੈ ਪਰ ਸਮੇਂ ਦੇ ਬੀਤਣ ਨਾਲ ਤੇ ਅੰਗਰੇਜ਼ ਸਰਕਾਰ ਦੀ ਭਾਰਤੀਆਂ ਪ੍ਰਤੀ ਬੇਰੁਖੀ ਤੇ ਉਦਾਸੀਨਤਾ ਕਾਰਨ, ਕਾਂਗਰਸ ਦੀ ਰਾਸ਼ਟਰਵਾਦੀ ਸੋਚ 'ਚ ਤੇ ਇਸ ਦੀ ਰੂਪ ਰੇਖਾ 'ਚ ਬੜੀ ਤਬਦੀਲੀ ਆਉਂਦੀ ਹੈ। ਕਾਂਗਰਸ ਪਾਰਟੀ ਦੇ ਨਰਮ ਪੰਥੀ ਦੌਰ 'ਚ ਪਾਰਟੀ ਵੱਲੋਂ ਅੰਗਰੇਜ਼ ਸਰਕਾਰ ਦੇ ਸਨਮੁਖ ਰੱਖੀਆਂ ਲੋਕ ਹਿਤਾਇਸ਼ੀ ਮੰਗਾਂ ਨੂੰ ਸਰਕਾਰ ਦਰਕਿਨਾਰ ਕਰ ਦਿੰਦੀ ਹੈ। ਸਰਕਾਰ ਦੇ ਇਸ ਤਰ੍ਹਾਂ ਦੇ ਬੇਰੁਖ਼ੀਏ ਰਵੱਈਏ ਕਾਰਨ, ਸੁਤੰਤਰਤਾ ਸੰਗਰਾਮੀਆਂ ਤੇ ਲੋਕਾਂ 'ਚ ਬੇਚੈਨੀ ਦੀ ਭਾਵਨਾ ਪੈਦਾ ਹੁੰਦੀ ਹੈ ਤੇ ਇਸੇ ਬੇਚੈਨੀ ਕਾਰਨ ਭਾਰਤੀ ਸੁਤੰਤਰਤਾ ਸੰਗਰਾਮੀਆਂ ਤੇ ਭਾਰਤੀ ਲੋਕਾਂ 'ਚ ਗੁੱਸੇ ਦੀ ਲਹਿਰ ਵਧਦੀ ਹੈ।

ਵੀਹਵੀਂ ਸਦੀ ਦੇ ਪਹਿਲੇ ਦਹਾਕੇ 'ਚ ਇੰਡੀਅਨ ਨੈਸ਼ਨਲ ਕਾਂਗਰਸ' ਨੇ ਅੰਗਰੇਜ਼ ਸਰਕਾਰ ਪ੍ਰਤੀ ਆਪਣਾ ਰੁਖ਼ ਹੋਰ ਸਖ਼ਤ ਕਰ ਲਿਆ। ਇਸ ਦਾ ਮੁੱਖ ਕਾਰਨ ਇਹ ਸੀ ਕਿ ਕਾਂਗਰਸ ਦੇ ਕੁਝ ਨੇਤਾਵਾਂ ਨੇ ਅੰਗਰੇਜ਼ ਸਰਕਾਰ ਪ੍ਰਤੀ ਆਪਣੀ ਉਗਰ ਪ੍ਰਵਿਰਤੀ ਅਖਤਿਆਰ ਕਰ ਲਈ ਸੀ। ਇਸ ਉਗਰ ਪ੍ਰਵਿਰਤੀ ਦੇ ਨੇਤਾਵਾਂ ਨੇ, ਕਾਂਗਰਸ ਪਾਰਟੀ ਦੀ ਹੋਂਦ ਵੇਲੇ ਤੋਂ ਚਲੇ ਆ ਰਹੇ ਕੁਝ ਨੇਤਾਵਾਂ ਦੀ ਨਰਮ ਪੰਥੀ ਨੀਤੀ ਦੇ ਖ਼ਿਲਾਫ਼ ਆਪਣਾ ਰੁਖ ਉਗਰ ਕਰ ਲਿਆ ਸੀ।

1906 ਦੀਆਂ ਕਾਂਗਰਸ ਪਾਰਟੀ ਦੀਆਂ ਚੋਣਾਂ 'ਚ ਸ੍ਰੀ ਬਾਲ ਗੰਗਾਧਰ ਤਿਲਕ ਨੂੰ ਅੰਗਰੇਜ਼ ਸਰਕਾਰ ਖ਼ਿਲਾਫ਼ ਆਪਦੇ ਉਗਰ ਰੁਖ ਕਾਰਨ ਪਾਰਟੀ ਮੈਂਬਰ ਨਹੀਂ ਲਿਆ ਗਿਆ। ਇਸ ਲਈ ਉਹਨਾਂ ਤੇ ਉਹਨਾਂ ਦੇ ਉਗਰ ਵਿਚਾਰ ਰੱਖਣ ਵਾਲੇ ਸਮਰਥਕਾਂ ਨੇ ਕਾਂਗਰਸ ਪਾਰਟੀ ਛੱਡ ਦਿੱਤੀ। ਕਾਂਗਰਸ ਦੇ ਦੋਵੇਂ ਧੜੇ ਰਾਸ਼ਟਰਵਾਦ ਦੇ ਹਾਮੀ ਸਨ ਤੇ ਦੋਵੇਂ ਧੜੇ ਚਾਹੁੰਦੇ ਸਨ ਕਿ ਉਹ ਆਪਣੇ-ਆਪਣੇ ਵੱਖਰੇ ਵਿਚਾਰਾਂ ਨਾਲ ਭਾਰਤ ਦੀ ਜ਼ਿਆਦਾ ਤੋਂ ਜ਼ਿਆਦਾ ਆਬਾਦੀ ਨੂੰ ਆਪਣੇ ਨਾਲ ਜੋੜ ਸਕਣ ਤੇ ਦੇਸ਼ ਨੂੰ ਜਿਤਨੀ ਜਲਦੀ ਹੋ ਸਕੇ ਆਜ਼ਾਦ ਕਰਾ ਸਕਣ।

ਦਾਦਾ ਭਾਈ ਨਾਰੋਜੀ ਨਰਮ ਦਲ ਦੀ ਹਮਾਇਤ ਕਰਦੇ ਸਨ, ਆਪਣੇ ਵਿਚਾਰ ਨਰਮ ਰੱਖਣ ਕਾਰਨ ਉਹਨਾਂ ਨੇ 'ਬਰਤਾਨੀਆ ਦੇ ਹਾਊਸ ਆਫ਼ ਕਾਮਨਜ਼' ਦੀ ਚੋਣ ਲੜੀ ਤੇ ਉਹ ਜਿੱਤ ਗਏ। ਉਹ ਬਰਤਾਨੀਆ ਦੀ ਹਾਊਸ ਆਫ਼ ਕਾਮਨਜ਼ ਦੇ ਪਹਿਲੇ ਭਾਰਤੀ ਮੈਂਬਰ ਸਨ।

1907 'ਚ 'ਇੰਡੀਅਨ ਨੈਸ਼ਨਲ ਕਾਂਗਰਸ' ਪਾਰਟੀ ਦੋ ਧੜਿਆਂ 'ਚ ਵੰਡੀ ਗਈ। ਇਕ ਧੜਾ ਗਰਮ ਦਲ ਤੇ ਦੂਸਰਾ ਧੜਾ ਨਰਮ ਦਲ ਅਖਵਾਉਣ ਲੱਗ ਪਿਆ। ਗਰਮ ਧੜੇ ਦੀ ਅਗਵਾਈ ਸ੍ਰੀ ਬਾਲ ਗੰਗਾਧਰ ਤਿਲਕ ਜੀ ਕਰ ਰਹੇ ਸਨ ਤੇ ਇਹਨਾਂ ਦੀ ਹਮਾਇਤ ਸ੍ਰੀ ਵਿਪਨਚੰਦਰ ਪਾਲ ਤੇ ਸ੍ਰੀ ਲਾਲਾ ਲਾਜਪਤ ਰਾਏ ਜੀ ਤੇ ਇਹਨਾਂ ਦੋਹਾਂ ਦਾ ਸਮਰਥਨ ਕਰ ਰਹੇ ਸਨ। ਨਰਮ ਧੜੇ ਦੀ ਅਗਵਾਈ ਸ੍ਰੀ ਦਾਦਾ ਭਾਈ ਨਾਰੋਜੀ ਤੇ ਸ੍ਰੀ ਗੋਪਾਲ ਕ੍ਰਿਸ਼ਨ ਗੋਖਲੇ ਕਰ ਰਹੇ ਸਨ। ਗੋਪਾਲ ਕ੍ਰਿਸ਼ਨ ਗੋਖਲੇ, ਬਾਲ ਗੰਗਾਧਰ ਤਿਲਕ ਦੀਆਂ ਉਗਰ ਨੀਤੀਆਂ ਦੀ ਖੁੱਲ੍ਹ ਕੇ ਵਿਰੋਧਤਾ ਕਰਦੇ ਸਨ।

ਇਸ ਗਰਮ ਦਲ ਦੇ ਉਗਰ ਰੁਖ ਦਾ ਨਤੀਜਾ ਇਹ ਨਿਕਲਿਆ ਕਿ ਅੰਗਰੇਜ਼ ਸਰਕਾਰ 'ਤੇ ਹਮਲੇ ਹੋਰ ਵੱਧ ਗਏ। ਪਰ ਅੰਗਰੇਜ਼ ਸਰਕਾਰ ਨੇ ਇਸ ਉਗਰ ਰੁਖ਼ ਦੀ ਕੋਈ ਬਹੁਤ ਪ੍ਰਵਾਹ ਨਹੀਂ ਕੀਤੀ ਸਗੋਂ ਭਾਰਤੀਆਂ ਪ੍ਰਤੀ, ਆਪਣੀ 'ਦਮਨਕਾਰੀ ਨੀਤੀ' ਨੂੰ ਪਹਿਲਾਂ ਦੀ ਤਰ੍ਹਾਂ ਹੀ ਚਾਲੂ ਰੱਖਿਆ। ਅੰਗਰੇਜ਼ ਸਰਕਾਰ ਨੇ ਭਾਰਤੀਆਂ ਦੀ ਇਸ 'ਰਾਸ਼ਟਰੀ ਲਹਿਰ' ਨੂੰ ਕਮਜ਼ੋਰ ਕਰਨ ਲਈ ਆਪਣੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਅਖ਼ਤਿਆਰ ਕਰ ਲਈ। ਇਸ ਦਾ ਨਤੀਜਾ ਇਹ ਨਿਕਲਿਆ ਕਿ ਮੁਸਲਮਾਨਾਂ ਨੇ ਦੋਹਾਂ ਦਲਾਂ ਦਾ ਕੋਈ ਸਾਥ ਨਹੀਂ ਦਿੱਤਾ ਤੇ ਉਨ੍ਹਾਂ ਨੇ ਆਪਣੀ ਨਵੀਂ ਪਾਰਟੀ 'ਮੁਸਲਿਮ ਲੀਗ' ਬਣਾ ਲਈ। ਇਸ ਮੁਸਲਿਮ ਲੀਗ ਨੇ ਰਾਸ਼ਟਰਵਾਦੀ ਨੈਸ਼ਨਲ ਕਾਂਗਰਸ ਦੀਆਂ ਮੰਗਾਂ ਦੇ ਸਮਾਨਾਂਤਰ ਕੁਝ ਆਪਣੀਆਂ ਮੰਗਾਂ ਵੀ ਸਰਕਾਰ ਦੇ ਸਨਮੁਖ ਰੱਖਣੀਆਂ ਸ਼ੁਰੂ ਕਰ ਦਿੱਤੀਆਂ। ਭਾਵੇਂ ਰਾਸ਼ਟਰਵਾਦੀ ਤੇ ਮੁਸਲਿਮ ਲੀਗ ਦੋਵੇਂ ਲਹਿਰਾਂ ਇਕੋ ਸਮੇਂ ਦੇ ਨੇੜੇ-ਤੇੜੇ ਹੋਂਦ 'ਚ ਆਈਆਂ ਪਰ ਮੁਸਲਿਮ ਲੀਗ ਆਪਣਾ ਵੱਖਰਾ ਪ੍ਰਭਾਵ ਬਹੁਤਾ ਚਿਰ ਸਥਾਈ ਨਾ ਰੱਖ ਸਕੀ।

1900 'ਚ ਭਾਵੇਂ ਕਾਂਗਰਸ ਨੇ ਭਾਰਤ ਦੀਆਂ ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਆਪਣੇ 'ਚ ਸ਼ਾਮਲ ਕਰ ਲਿਆ ਪਰ ਉਹ ਮੁਸਲਮਾਨਾਂ ਨੂੰ ਇਸ 'ਚ ਸ਼ਾਮਲ ਕਰਨ 'ਚ ਨਾਕਾਮਯਾਬ ਰਹੀ ਕਿਉਂਕਿ ਉਹ ਮਹਿਸੂਸ ਕਰਦੇ ਸਨ ਕਿ ਉਨ੍ਹਾਂ ਦੀ ਸਰਕਾਰੀ ਨੌਕਰੀਆਂ 'ਚ ਸ਼ਮੂਲੀਅਤ ਬੜੀ ਘੱਟ ਹੈ। ਉਸ ਸਮੇਂ ਹਿੰਦੂ ਧਾਰਮਿਕ ਨੇਤਾ ਇਸ ਗੱਲ ਦਾ ਡੱਟ ਕੇ ਵਿਰੋਧ ਕਰਦੇ ਸਨ ਕਿ ਮੁਸਲਮਾਨ ਦਲਿਤ ਹਿੰਦੂ ਪਰਿਵਾਰਾਂ ਦਾ ਧਰਮ ਪਰਿਵਰਤਿਤ ਕਰਕੇ ਉਹਨਾਂ ਨੂੰ ਮੁਸਲਮਾਨ ਬਣਾ ਰਹੇ ਸਨ। ਹਿੰਦੂ ਨੇਤਾ ਮੁਸਲਮਾਨਾਂ ਦਾ ਇਸ ਕਰਕੇ ਵੀ ਵਿਰੋਧ ਕਰਦੇ ਸਨ ਕਿ ਮੁਸਲਮਾਨ ਗਊ ਹੱਤਿਆ ਕਰਦੇ ਸਨ। ਇਸ ਤੋਂ ਇਲਾਵਾ ਹਿੰਦੂ ਸੰਗਠਨ ਉਰਦੂ ਭਾਸ਼ਾ ਦਾ ਵੀ ਵਿਰੋਧ ਕਰਦੇ ਸਨ ਕਿ ਇਸ ਨੂੰ ਅਰਬੀ ਲਿੱਪੀ 'ਚ ਕਿਉਂ ਲਿਖਿਆ ਜਾਂਦਾ ਹੈ। ਇਹਨਾਂ ਕੁਝ ਕਾਰਨਾਂ ਨੇ ਹਿੰਦੂਆਂ ਤੇ ਮੁਸਲਮਾਨਾਂ 'ਚ ਕਾਫੀ ਦੂਰੀਆਂ ਵਧਾ ਦਿੱਤੀਆਂ। ਇਹਨਾਂ ਕਾਰਨਾਂ ਨੇ ਮੁਸਲਮਾਨਾਂ ਨੂੰ ਭਾਰਤ ਦੀ ਮੁੱਖ ਧਾਰਾ, ਰਾਸ਼ਟਰਵਾਦ 'ਚ ਸ਼ਾਮਲ ਹੋਣ ਤੋਂ ਰੋਕੀ ਰੱਖਿਆ।



ਸਰ ਸਈਅਦ ਅਹਿਮਦ ਖ਼ਾਨ ਨੇ ਮੁਸਲਮਾਨ ਬੱਚਿਆਂ ਨੂੰ ਯੂਰਪੀਨ ਢੰਗਾਂ ਦੀ ਆਧੁਨਿਕ ਸਿੱਖਿਆ ਦੇਣ ਲਈ, ਇਕ ਕਾਲਜ ਖੋਲ੍ਹਣ ਦੀ ਮੰਗ ਰੱਖ ਕੇ ਸੰਘਰਸ਼ ਆਰੰਭ ਕਰ ਦਿੱਤਾ। ਸੰਨ 1875 'ਚ ਅੰਗਰੇਜ਼ ਸਰਕਾਰ ਨੇ ਇਸ ਦੀ ਮਨਜ਼ੂਰੀ ਦੇ ਦਿੱਤੀ ਤੇ ਅਲੀਗੜ੍ਹ ਵਿਖੇ 'ਮੁਹੰਮਡਨ ਐਂਗਲੋ-ਓਰੀਐਂਟਲ ਕਾਲਜ' ਖੁੱਲ੍ਹ ਗਿਆ ਜਿਹੜਾ ਕਿ 1920 'ਚ ਨਾਮ ਤਬਦੀਲ ਕਰਕੇ 'ਅਲੀਗੜ੍ਹ ਮੁਸਲਿਮ ਯੂਨੀਵਰਸਿਟੀ' ਬਣ ਗਿਆ। ਇਸ ਤਰ੍ਹਾਂ ਭਾਰਤ ਦੇ ਮੁਸਲਮਾਨਾਂ ਨੇ ਆਪਣੀ ਵੱਖਰੀ ਪਛਾਣ ਰੱਖਣ ਕਰਕੇ ਕਦੇ ਵੀ ਦੇਸ਼ ਦੀ ਮੁੱਖ ਧਾਰਾ 'ਚ ਆਪਣੀ ਭਾਗੀਦਾਰੀ ਨਹੀਂ ਪਾਈ ਤੇ ਭਾਰਤ ਦੀ ਰਾਸ਼ਟਰਵਾਦੀ ਨੀਤੀ 'ਚ ਸ਼ਾਮਲ ਨਹੀਂ ਹੋਏ।

ਜਿਉਂ ਹੀ ਬਾਲ ਗੰਗਾਧਰ ਤਿਲਕ ਦੀ ਗ੍ਰਿਫਤਾਰੀ ਹੋਈ, ਭਾਰਤ ਦੇ ਸਾਰੇ ਆਕ੍ਰਮਣਕਾਰੀ ਨੀਤੀ 'ਚ ਵਿਸ਼ਵਾਸ ਰੱਖਣ ਵਾਲਿਆਂ ਦੀ ਰਣਨੀਤੀ 'ਚ ਖੜੋਤ ਆ ਗਈ। ਕਾਂਗਰਸ 'ਚ ਲੋਕਾਂ ਦਾ ਵਿਸ਼ਵਾਸ ਘੱਟ ਗਿਆ। ਉਨ੍ਹਾਂ ਦਿਨਾਂ 'ਚ ਮੁਸਲਮਾਨਾਂ ਦਾ ਇਕ ਵਫ਼ਦ ਭਾਰਤ ਦੇ ਵਾਇਸਰਾਏ ਲਾਰਡ ਮੈਂਟੋ ਮਾਰਲੇ (1905-10) ਨੂੰ ਮਿਲਿਆ। ਉਹਨਾਂ ਨੇ ਆਪਣੀਆਂ ਕਾਫੀ ਚਿਰਾਂ ਤੋਂ ਲਟਕਦੀਆਂ ਮੰਗਾਂ ਦੀ ਮੰਗ ਕੀਤੀ ਕਿ ਉਨ੍ਹਾਂ ਦੀ ਸਰਕਾਰੀ ਨੌਕਰੀ 'ਚ ਗਿਣਤੀ ਵਧਾਈ ਜਾਵੇ ਤੇ ਵੋਟ ਦਾ ਅਧਿਕਾਰ ਵੀ ਦਿੱਤਾ ਜਾਵੇ। ਬ੍ਰਿਟਿਸ਼ ਸਰਕਾਰ ਨੇ ਮੁਸਲਿਮ ਲੀਗ ਦੀਆਂ ਕੁਝ ਮੰਗਾਂ ਨੂੰ 1909 ਦਾ 'ਇੰਡੀਅਨ ਕੌਂਸਲ ਐਕਟ' ਬਣਾ ਕੇ ਪ੍ਰਵਾਨ ਕਰ ਲਿਆ। ਇਸ ਤਰ੍ਹਾਂ ਮੁਸਲਿਮ ਲੀਗ ਨੇ ਆਪਣੇ ਆਪ ਨੂੰ ਹਿੰਦੂ ਬਹੁਗਿਣਤੀ ਕਾਂਗਰਸ ਤੋਂ ਅਲੱਗ ਕਰ ਲਿਆ। ਇਹ ਉਹਨਾਂ ਦੀ ਕੌਮ ਦੀ, ਭਾਰਤ ਦੀ ਮੁੱਖ ਧਾਰਾ ਵਾਲ ਕੌਮ ਤੋਂ ਭਾਵ ਰਾਸ਼ਟਰਵਾਦੀ ਸੋਚ ਤੋਂ ਅਲੱਗ ਹੋਣ ਦੀ ਆਪਣੀ ਆਵਾਜ਼ ਸੀ।

1920 'ਚ ਰਾਸ਼ਟਰੀ ਲਹਿਰ ਨੇ ਆਪਣਾ ਰੁਖ਼ ਹੋਰ ਉਗਰ ਕਰ ਲਿਆ। ਇਸ ਸਮੇਂ 'ਚ ਇਸ ਲਹਿਰ ਨਾਲ ਮਹਾਤਮਾ ਗਾਂਧੀ ਜੀ ਦੇ ਜੁੜਨ ਨਾਲ 'ਇੰਡੀਅਨ ਨੈਸ਼ਨਲ ਕਾਂਗਰਸ' ਦੀ ਅਗਵਾਈ ਉਹਨਾਂ ਦੇ ਹੱਥ ਆ ਗਈ ਤੇ ਉਹਨਾਂ ਨੇ ਅੰਗਰੇਜ਼ ਸਰਕਾਰ ਦੇ ਖ਼ਿਲਾਫ਼ ਕਈ ਲਹਿਰਾਂ ਚਲਾਈਆਂ ਜਿਸ ਨਾਲ ਭਾਰਤ ਦੀ ਇਸ ਰਾਸ਼ਟਰੀ ਲਹਿਰ ਨੂੰ ਹੋਰ ਤਾਕਤ ਮਿਲ ਗਈ।

ਇਸ ਰਾਸ਼ਟਰੀ ਅੰਦੋਲਨ ਦੀ ਪਹਿਲੀ ਕੜੀ 'ਨਾ ਮਿਲਵਰਤਨ ਦੀ ਲਹਿਰ' ਸੀ। ਇਹ ਲਹਿਰ ਦਾ 1920 ਤੋਂ 1922 ਤੱਕ ਬਹੁਤ ਜ਼ੋਰ ਰਿਹਾ। ਇਸ ਸਿਵਲ ਨਾਫ਼ਰਮਾਨੀ ਲਹਿਰ ਨੇ ਅੰਗਰੇਜ਼ ਸਰਕਾਰ ਦੇ ਨੱਕ 'ਚ ਦਮ ਕਰ ਦਿੱਤਾ। ਸਮੁੱਚੇ ਭਾਰਤ 'ਚ ਅੰਗਰੇਜ਼ੀ ਵਸਤਾਂ ਤੇ ਉਹਨਾਂ ਦੀਆਂ ਅਦਾਲਤਾਂ ਦਾ ਬਾਈਕਾਟ ਕੀਤਾ ਗਿਆ। ਇਸ ਕਦਮ ਨਾਲ, ਭਾਰਤ ਦੀ ਇਸ ਰਾਸ਼ਟਰਵਾਦੀ ਲਹਿਰ ਨੂੰ ਬਹੁਤ ਵੱਡਾ ਹੁੰਗਾਰਾ ਮਿਲਿਆ। ਭਾਵੇਂ ਇਸ ਨਾਮਿਲਵਰਤਨ ਲਹਿਰ ਦਾ ਕਾਂਗਰਸ ਪਾਰਟੀ ਨੂੰ ਬਹੁਤ ਲਾਭ ਹੋਇਆ ਤੇ ਪਾਰਟੀ ਭਾਰਤ ਨੂੰ ਅੰਗਰੇਜ਼ ਸਰਕਾਰ ਤੋਂ ਆਜ਼ਾਦ ਕਰਾਉਣ ਲਈ ਸਭ ਤੋਂ ਮੋਹਰਲੀ ਕਤਾਰ 'ਚ ਆਣ ਖੜ੍ਹੀ ਹੋ ਗਈ। ਪਰ ਇਸ ਦੇ ਨਾਲ-ਨਾਲ ਦੂਸਰੀਆਂ ਹੋਰ ਕਈ ਸੰਸਥਾਵਾਂ ਤੇ ਸੰਗਠਨਾਂ ਨੇ ਵੀ ਇਸ ਰਾਸ਼ਟਰਵਾਦੀ ਲਹਿਰ ਨੂੰ ਹੋਰ ਮਜ਼ਬੂਤ ਕਰਨ ਲਈ ਆਪਣਾ-ਆਪਣਾ ਭਰਪੂਰ ਯੋਗਦਾਨ ਪਾਇਆ। ਭਾਵੇਂ ਆਜ਼ਾਦੀ ਦੀ ਮੰਗ ਨੇ 1930 ਤੋਂ ਬਹੁਤ ਜ਼ਿਆਦਾ ਜੋਰ ਫੜਿਆ ਪਰ ਇਸ ਦਾ ਅਸਲੀ ਚਿਹਰਾ, ਉਸ ਸਮੇਂ ਸਾਹਮਣੇ ਆਇਆ ਜਦੋਂ 'ਸੰਸਾਰ ਦਾ ਦੂਸਰਾ ਮਹਾਂਯੁੱਧ' ਸ਼ੁਰੂ ਹੋਇਆ। ਇਸ ਸੰਸਾਰ ਦੇ ਦੂਸਰੇ ਮਹਾਂਯੁੱਧ 'ਚ 'ਇੰਡੀਅਨ ਨੈਸ਼ਨਲ ਕਾਂਗਰਸ' ਨੇ ਆਪਣਾ ਪੂਰਾ ਸਮਰਥਨ ਅੰਗਰੇਜ਼ ਸਰਕਾਰ ਨੂੰ ਦਿੱਤਾ। ਇਸ ਸਮੇਂ ਕਾਂਗਰਸ ਪਾਰਟੀ ਨੇ ਇਹ ਸੋਚਿਆ ਕਿ ਇਸ ਤਰ੍ਹਾਂ ਅੰਗਰੇਜ਼ ਸਰਕਾਰ ਦਾ ਸਮਰਥਨ ਕਰਨ ਨਾਲ ਉਹ ਆਪੇ ਹੀ ਭਾਰਤ 'ਚੋਂ ਆਪਣਾ ਰਾਜ ਖਤਮ ਕਰਕੇ ਚਲੇ ਜਾਣਗੇ ਪਰ ਇਸ ਤਰ੍ਹਾਂ ਨਹੀਂ ਹੋਇਆ ਤੇ ਅੰਗਰੇਜ਼ ਸਰਕਾਰ ਦਾ ਅਸਲੀ ਚਿਹਰਾ ਬੜੀ ਜਲਦੀ ਨੰਗਾ ਹੋ ਗਿਆ। ਅੰਗਰੇਜ਼ ਸਰਕਾਰ ਦਾ ਬਦਲਿਆ ਰੁਖ਼ ਦੇਖ ਕੇ ਕਾਂਗਰਸ ਪਾਰਟੀ ਮਹਾਤਮਾ ਗਾਂਧੀ ਜੀ ਦੀ ਅਗਵਾਈ 'ਚ 1942 ਨੂੰ 'ਭਾਰਤ ਛੱਡੋ ਅੰਦੋਲਨ' ਲਈ ਤਿਆਰ ਹੋ ਗਈ ਤੇ ਉਹਨਾਂ ਨੇ 'ਭਾਰਤ ਛੱਡੋ ਅੰਦੋਲਨ' ਦਾ ਐਲਾਨ ਕਰ ਦਿੱਤਾ। ਇਸ ਅੰਦੋਲਨ ਦਾ ਅੰਗਰੇਜ਼ ਸਰਕਾਰ 'ਤੇ ਇਤਨਾ ਦਬਾਅ ਪਿਆ ਤੇ ਇਹ ਪ੍ਰਭਾਵ ਸਾਰੇ ਸੰਸਾਰ ਪੱਧਰ ਤੇ ਦੇਖਿਆ ਗਿਆ ਕਿ ਹੁਣ ਦੁਨੀਆਂ ਦੇ ਦੂਸਰੇ ਮਹਾਂਯੁੱਧ ਦੀ ਸਮਾਪਤੀ ਦੇ ਬਾਅਦ ਅੰਗਰੇਜ਼ ਸਰਕਾਰ ਦਾ ਭਾਰਤ 'ਤੇ ਟਿਕੇ ਰਹਿਣਾ ਨਾਮੁਮਕਿਨ ਲੱਗਣ ਲੱਗ ਪਿਆ। ਅੰਗਰੇਜ਼ ਸਰਕਾਰ ਨੇ ਵੀ ਅਜਿਹੇ ਦਬਾਅ ਦੇ ਅਧੀਨ ਆਪਣਾ ਮਨ ਬਣਾ ਲਿਆ ਕਿ ਭਾਰਤ 'ਤੇ ਹੁਣ ਹੋਰ ਰਾਜ ਕਰਨਾ ਅਸੰਭਵ ਹੈ ਤੇ ਇੱਥੋਂ ਚਲੇ ਜਾਣਾ ਹੀ ਠੀਕ ਹੋਵੇਗਾ।

ਦੂਸਰੇ ਪਾਸੇ ਮੁਸਲਿਮ ਲੀਗ ਨੇ ਅੰਗਰੇਜ਼ ਸਰਕਾਰ ਸਾਹਮਣੇ ਆਪਣੇ ਲਈ ਵੱਖਰੇ ਦੇਸ਼ ਪਾਕਿਸਤਾਨ ਦੀ ਮੰਗ ਰੱਖ ਦਿੱਤੀ। ਮੁਸਲਿਮ ਲੀਗ ਨੇ ਇਹ ਮਹਿਸੂਸ ਕੀਤਾ ਕਿ ਆਜ਼ਾਦ ਸੰਯੁਕਤ ਭਾਰਤ 'ਚ ਹਿੰਦੁਤਵ ਦਾ ਸਭ 'ਤੇ ਜ਼ਿਆਦਾ ਪ੍ਰਭਾਵ ਰਹੇਗਾ। ਸੰਨ 1945-46 ਨੂੰ 'ਕੇਂਦਰੀ ਲੈਜਿਸਲੈਟਿਵ ਅਸੈਂਬਲੀ' ਦੀਆਂ ਹੋਈਆਂ ਚੋਣਾਂ 'ਚ ਮੁਹੰਮਦ ਅਲੀ ਜਨਾਹ ਦੀ 'ਮੁਸਲਿਮ ਲੀਗ ਪਾਰਟੀ' ਆਪਣੀਆਂ ਸਾਰੀਆਂ 30 ਰਿਜ਼ਰਵ ਸੀਟਾਂ ਜਿੱਤ ਗਈ। ਮੁਸਲਿਮ ਲੀਗ ਤੇ ਕਾਂਗਰਸ ਪਾਰਟੀ 'ਚ ਗਤੀਰੋਧ ਨੂੰ ਖਤਮ ਕਰਨ ਲਈ ਕਿ ਸਾਰੀਆਂ ਸ਼ਕਤੀਆਂ 'ਇਕੋ ਭਾਰਤੀ ਸੰਗਠਨ' ਕੋਲ ਆ ਜਾਣ, ਇਸ ਲਈ 1946 'ਚ ਤਿੰਨ ਮੈਂਬਰੀ ਕੈਬਨਿਟ ਮਿਸ਼ਨ ਬਣਾਇਆ ਗਿਆ, ਜਿਹੜਾ ਕਿ ਭਾਰਤ 'ਤੇ ਰਾਜ ਪ੍ਰਬੰਧ ਚਲਾਉਣ ਲਈ ਯੋਜਨਾ ਤਿਆਰ ਕਰੇਗਾ।

ਯੋਜਨਾ ਅਨੁਸਾਰ ਦੇਸ਼ ਨੂੰ ਤਿੰਨ ਪ੍ਰਾਂਤਕ ਭਾਗਾਂ 'ਚ ਵੰਡਿਆ ਜਾਵੇਗਾ। ਪਹਿਲੇ ਭਾਗ 'ਚ ਹਿੰਦੂ ਬਹੁਆਬਾਦੀ ਹਲਕਾ ਹੋਵੇਗਾ ਤੇ ਇਹ ਹਿੱਸਾ ਆਜ਼ਾਦ ਭਾਰਤ ਦਾ ਇਕ ਪ੍ਰਮੁੱਖ ਭਾਗ ਹੋਵੇਗਾ। ਦੂਸਰਾ ਬੀ ਤੇ ਸੀ ਭਾਗ 'ਚ ਮੁਸਲਮਾਨ ਬਹੁਗਿਣਤੀ ਹਲਕੇ 'ਚ ਸ਼ਾਮਲ ਹੋਵੇਗਾ। ਹਰ ਭਾਗ ਤੇ ਉਸ ਬਹੁਗਿਣਤੀ ਦਾ ਰਾਜ ਹੋਵੇਗਾ ਤੇ ਉਸ ਪਾਸ ਪੂਰੇ ਅਧਿਕਾਰ ਤੇ ਪੂਰਨ ਸੁਤੰਤਰਤਾ ਹੋਵੇਗੀ ਪਰ ਵਿਦੇਸ਼ ਵਿਭਾਗ, ਸੰਚਾਰ ਵਿਭਾਗ, ਫੌਜ ਤੇ ਵਿੱਤੀ ਵਿਭਾਗ ਦਾ, ਸਾਰੇ ਦੇਸ਼ ਦਾ ਪ੍ਰਬੰਧ ਇਹਨਾਂ ਦੇ ਅਧੀਨ ਨਹੀਂ ਹੋਵੇਗਾ। ਇਸ ਯੋਜਨਾ 'ਚ ਭਾਵੇਂ ਪੰਜਾਬ ਦੀ ਸਿੱਖ ਬਹੁਗਿਣਤੀ ਨੂੰ ਸ਼ਾਮਲ ਨਹੀਂ ਕੀਤਾ ਗਿਆ, ਜਿਹੜੀ ਕਿ ਬੀ ਗਰੁੱਪ ਦੇ ਹਲਕਿਆਂ ਦੀ ਸ਼੍ਰੇਣੀ 'ਚ ਆਉਂਦੀ ਸੀ, ਭਾਵੇਂ ਕਿ ਇਸ ਹਲਕੇ 'ਚ ਇਹਨਾਂ ਦੀ ਆਬਾਦੀ ਬਾਕੀ ਦੇਸ਼ ਦੀ ਆਬਾਦੀ ਦੇ ਮੁਕਾਬਲੇ 'ਚ ਦੋ ਪ੍ਰਤੀਸ਼ਤ ਹੀ ਸੀ ਪਰ ਫਿਰ ਵੀ ਸਿੱਖ ਆਪਣੀ ਬਹੁ-ਗਿਣਤੀ ਵਾਲੀ ਪੰਜਾਬ ਸਟੇਟ ਅਲੱਗ ਲੈਣੀ ਚਾਹੁੰਦੇ ਸਨ ਕਿ ਉਹਨਾਂ ਨੇ 1946 'ਚ ਇਕ ਵੱਖਰੀ 'ਆਜ਼ਾਦ ਸਿੱਖ ਸਟੇਟ' ਦੀ ਮੰਗ ਰੱਖ ਦਿੱਤੀ ਸੀ। ਮੁਸਲਿਮ ਲੀਗ ਦੇ ਪ੍ਰਮੁੱਖ ਨੇਤਾ ਵਜੋਂ ਮੁਹੰਮਦ ਅਲੀ ਜਿਨਾਹ ਨੇ ਕੈਬਨਿਟ ਮਿਸ਼ਨ ਦੀ ਇਸ ਤਜਵੀਜ਼ ਨੂੰ ਆਪਣੀ ਪ੍ਰਵਾਨਗੀ ਦੇ ਦਿੱਤੀ ਸੀ ਪਰ ਫਿਰ ਵੀ ਪੰਡਤ ਜਵਾਹਰ ਲਾਲ ਨਹਿਰੂ ਜਦੋਂ ਦੂਜੀ ਵਾਰ ਕਾਂਗਰਸ ਪਾਰਟੀ ਦੇ ਪ੍ਰਧਾਨ ਚੁਣੇ ਗਏ, ਉਹਨਾਂ ਨੇ ਆਪਣੀ ਪਹਿਲੀ ਪ੍ਰੈਸ ਕਾਨਫਰੰਸ 'ਚ ਇਹ ਐਲਾਨ ਕੀਤਾ ਕਿ, ''ਕੋਈ ਵੀ ਵਿਧਾਨਿਕ ਅਸੈਂਬਲੀ ਇਸ ਗੱਲ ਲਈ ਪਾਬੰਦ ਨਹੀਂ ਹੋਵੇਗੀ ਕਿ ਉਹ 'ਸੰਵਿਧਾਨਕ ਫ਼ਾਰਮੂਲਾ' ਬਣਨ ਤੋਂ ਪਹਿਲਾਂ ਹੀ ਇਸ ਨੂੰ ਮਨਜ਼ੂਰੀ ਦੇ ਦੇਵੇ।'' ਮੁਹੰਮਦ ਅਲੀ ਜਿਨਾਹ ਨੇ ਇਸ ਗੱਲ ਨੂੰ ਸਮੇਟਦੇ ਹੋਏ ਆਪਣੀ ਮੁਸਲਿਮ ਲੀਗ ਦੀ ਕਾਰਜਕਾਰੀ ਕਮੇਟੀ ਸਮੇਤ, ਇਸ ਰਾਏ ਨੂੰ ਵਾਪਸ ਲੈ ਲਿਆ ਤੇ ਕਿਹਾ ਕਿ, 'ਮੁਸਲਮਾਨ ਇਸ 'ਚ ਸਿੱਧੀ ਦਖ਼ਲ-ਅੰਦਾਜ਼ੀ ਲਈ ਅਗਸਤ 1946 ਦੇ ਅੱਧ 'ਚ ਸੰਘਰਸ਼ ਕਰਨਗੇ।'' ਇਸ ਨਾਲ ਹਿੰਦੂ ਤੇ ਮੁਸਲਮਾਨਾਂ 'ਚ ਪਾਗਲਪੁਣੇ ਦੀ ਹੱਦ ਤੱਕ ਦੰਗੇ-ਫਸਾਦ ਆਰੰਭ ਹੋ ਗਏ।

ਮਾਰਚ 1947 ਨੂੰ ਲਾਰਡ ਮਾਊਂਟਬੈਟਨ ਭਾਰਤ ਆਇਆ ਤੇ ਉਸਨੇ ਪੰਜਾਬ ਤੇ ਬੰਗਾਲ ਦੀ ਵੰਡ ਨੂੰ ਮਨਜ਼ੂਰੀ ਦੇ ਦਿੱਤੀ, ਜਿਸ ਨਾਲ ਦੋਹਾਂ ਸੂਬਿਆਂ 'ਚ ਖਾਨਾਜੰਗੀ ਛਿੜ ਗਈ। ਮਹਾਤਮਾ ਗਾਂਧੀ ਜੀ ਨੇ ਇਸ ਵੰਡ ਦੇ ਖਿਆਲ ਦਾ ਰੱਜ ਕੇ ਵਿਰੋਧ ਕੀਤਾ ਤੇ ਮਾਊਂਟਬੈਟਨ ਨੂੰ ਕਿਹਾ ਕਿ ਸਾਨੂੰ ਸੰਯੁਕਤ ਭਾਰਤ ਦੀ ਅਗਵਾਈ ਲਈ ਮੁਹੰਮਦ ਅਲੀ ਜਿਨਾਹ ਦੀ ਲੀਡਰਸ਼ਿਪ ਮਨਜ਼ੂਰ ਹੈ ਪਰ ਅਸੀਂ ਮੁਸਲਮਾਨਾਂ ਲਈ ਇਕ ਵੱਖਰਾ ਦੇਸ ਹੋਵੇ, ਦੀ ਸਖ਼ਤ ਵਿਰੋਧਤਾ ਕਰਦੇ ਹਾਂ ਪਰ ਮਹਾਤਮਾ ਗਾਂਧੀ ਜੀ ਦੇ ਇਹਨਾਂ ਵਿਚਾਰਾਂ, ਨਾਲ ਸਮੇਤ ਪੰਡਤ ਜਵਾਹਰ ਨਾਲ ਨਹਿਰੂ ਤੇ ਹੋਰ ਬਹੁਤ ਸਾਰੇ ਕੌਮੀ ਨੇਤਾਵਾਂ ਨੇ, ਸਹਿਮਤੀ ਨਹੀਂ ਦਿੱਤੀ। ਜੁਲਾਈ 1947 'ਚ ਬਰਤਾਨੀਆ ਦੀ ਪਾਰਲੀਮੈਂਟ ਨੇ 'ਭਾਰਤ ਦੀ ਆਜ਼ਾਦੀ ਦਾ ਐਕਟ' ਪਾਸ ਕਰ ਦਿੱਤਾ। ਇਸ ਐਕਟ ਅਨੁਸਾਰ ਅਗਸਤ 14 ਤੇ 15, 1947 ਨੂੰ ਪਾਕਿਸਤਾਨ ਤੇ ਭਾਰਤ ਵੰਡ ਹੋ ਕੇ, ਦੋ ਅਲੱਗ-ਅਲੱਗ ਆਜ਼ਾਦ ਦੇਸ਼ ਬਣ ਗਏ।

ਪਿਆਰੇ ਪਾਠਕ ਸਾਥੀਓ, ਅੱਜ ਅਸੀਂ ਆਪਣਾ 69ਵਾਂ ਸੁਤੰਤਰਤਾ ਦਿਵਸ ਮਨਾ ਰਹੇ ਹਾਂ। ਭਾਰਤ ਦੇਸ਼ ਦੇ ਲੋਕਾਂ 'ਚ ਪਹਿਲਾਂ ਰਾਸ਼ਟਰਵਾਦੀ ਭਾਵਨਾ ਨਹੀਂ ਹੈ, ਪਹਿਲਾਂ ਸਿਰਫ਼ ਵਰਗ ਵਾਦੀ ਭਾਵਨਾ ਦਾ ਹੀ ਬੋਲਬਾਲਾ ਹੈ। ਅਸੀਂ ਆਪਣੇ ਦੇਸ਼ ਨੂੰ ਬਚਾਉਣ ਦੀ ਕੋਸ਼ਿਸ਼ ਘੱਟ ਕਰਦੇ ਹਾਂ, ਆਪਣੇ ਵਰਗ ਨੂੰ ਬਚਾਉਣ ਦੀ ਪਹਿਲਾਂ ਕੋਸ਼ਿਸ਼ ਕਰਦੇ ਹਾਂ। ਚਾਰ-ਚੁਫੇਰੇ ਵਰਗਵਾਦ ਦਾ ਬੋਲਬਾਲਾ ਹੈ। ਇਸ ਵਰਗਵਾਦੀ ਸੋਚ ਨੇ ਮਾਨਵੀ ਕਦਰਾਂ-ਕੀਮਤਾਂ ਦਾ ਬੜਾ ਨੁਕਸਾਨ ਕੀਤਾ ਹੈ। ਮਾਨਵਵਾਦੀ ਤੇ ਰਾਸ਼ਟਰਵਾਦੀ ਸੋਚ ਅਲੋਪ ਹੋ ਚੁੱਕੀ ਹੈ। ਸਾਡਾ ਭਾਰਤੀ ਸਮਾਜ ਜਾਤੀ ਪ੍ਰਧਾਨ ਸਮਾਜ ਹੈ। ਇਸ ਸਮਾਜ 'ਚ ਸਮਾਜਿਕ ਬਰਾਬਰੀ ਨਹੀਂ ਹੈ। ਦੇਸ਼ ਤਾਂ ਹੀ ਤਰੱਕੀ ਕਰ ਸਕਦਾ ਹੈ ਜੇਕਰ ਲੋਕਾਂ ਦੀ ਮਾਨਵਵਾਦੀ, ਰਾਸ਼ਟਰਵਾਦੀ, ਫਿਰ ਅੰਤਰ ਰਾਸ਼ਟਰਵਾਦੀ ਤੇ ਵਿਗਿਆਨਕ ਸੋਚ ਬਣਾਈ ਜਾਵੇ। ਨਹੀਂ ਤਾਂ ਇਸੇ ਤਰ੍ਹਾਂ ਹੀ ਮਨੁੱਖ ਦਾ ਮਨੁੱਖ ਹੱਥੋਂ ਸ਼ੋਸ਼ਣ ਹੁੰਦਾ ਰਹੇਗਾ। ਦੇਸ਼ 'ਚ ਭ੍ਰਿਸ਼ਟਾਚਾਰ ਵੀ ਆਪਣੀ ਪੂਰੀ ਚਰਮ ਸੀਮਾ 'ਤੇ ਹੈ ਤੇ ਰਾਜਨੀਤਿਕ ਲੋਕਾਂ ਤੇ ਅਫ਼ਸਰਸ਼ਾਹੀ ਨੇ ਇਸ ਨੂੰ ਇਕ ਵਧੀਆ ਵਿਉਪਾਰ ਸਮਝ ਲਿਆ ਹੈ ਤੇ ਉਹ ਭੋਲੇ-ਭਾਲੇ ਲੋਕਾਂ ਨੂੰ ਦੋਹਾਂ ਹੱਥਾਂ ਨਾਲ ਲੁੱਟ ਰਹੇ ਹਨ। ਇਹਨਾਂ ਲੋਕਾਂ ਨੇ ਰਾਜਨੀਤੀ ਨੂੰ, ਸਮਾਜਿਕ ਢੋਂਗ 'ਚ ਤਬਦੀਲ ਕਰ ਦਿੱਤਾ ਹੈ ਤੇ ਇਹ ਲੋਕਾਂ ਇਸ ਢੋਂਗ ਨੂੰ ਸਮਾਜ ਸੇਵਾ ਦਾ ਨਾਮ ਦਿੰਦੇ ਹਨ ਤੇ ਇਸ ਦੀ ਆੜ 'ਚ ਪੈਸਾ ਦਿਓ ਤੇ ਆਪਣਾ ਕੰਮ ਕਰਾਓ ਦੀ ਦੋਹਰੀ ਨੀਤੀ ਤੇ ਕੰਮ ਕਰਦੇ ਹਨ। ਇਸ ਤੋਂ ਇਲਾਵਾ ਰਹਿੰਦੀ ਖੂੰਹਦੀ ਕਸਰ 'ਆਪੇ ਬਣੇ ਰੱਬ' ਭਾਵ ਸਾਧ-ਫਕੀਰਾਂ, ਬਾਬਿਆਂ ਨੇ ਪੂਰੀ ਕਰ ਦਿੱਤੀ ਹੈ। ਉਹ ਆਮ ਜਨਤਾ ਨੂੰ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਕਰਨ ਤੋਂ ਵਰਜਦੇ ਹਨ ਪਰ ਆਪ ਪੰਜੇ ਪ੍ਰਵਿਰਤੀਆਂ ਦਾ ਪੂਰਾ ਆਨੰਦ ਮਾਣਦੇ ਹਨ। ਸਾਧ-ਫਕੀਰ ਬਾਰੇ ਤੇ ਰਾਜਨੀਤਿਕ ਲੋਕ, ਦੇਸ਼ ਆਜ਼ਾਦ ਹੋਣ ਤੋਂ ਬਾਅਦ ਸਭ ਤੋਂ ਵੱਧ ਅਮੀਰ ਹੋਏ ਹਨ। ਇਹ ਦੋਵੇਂ ਵਰਗ ਭੋਲੀ ਭਾਲੀ ਜਨਤਾ ਦਾ ਸ਼ੋਸ਼ਣ ਕਰਕੇ ਉਹਨਾਂ ਨੂੰ ਹਰ ਤਰ੍ਹਾਂ ਲੁੱਟ ਰਹੇ ਹਨ। ਇਹਨਾਂ ਦੇ ਘਪਲਿਆਂ ਤੇ ਅਮਾਨਵੀ ਕਾਰਨਾਮਿਆਂ ਦੇ ਅਦਾਲਤਾਂ 'ਚ ਕੇਸ ਚੱਲ ਰਹੇ ਹਨ ਅਤੇ ਜਮਾਨਤਾਂ ਕਰਵਾਉਣ ਲਈ ਲੰਮੇ ਸਮੇਂ ਤੋਂ ਸੰਘਰਸ਼ ਕਰ ਰਹੇ ਹਨ।

ਪਾਠਕ ਵੀਰੋ! ਇਹਨਾਂ ਹੈਵਾਨਾਂ ਤੋਂ ਆਪਣੇ ਆਪ ਨੂੰ ਬਚਾਓ ਤੇ ਆਪਣੀ ਮਿਹਨਤ ਦੀ ਕਮਾਈ ਇਹਨਾਂ ਨੂੰ ਨਾ ਲੁਟਾਓ। ਇਹਨਾਂ ਪਾਸ ਛੱਲ-ਕਪਟ ਤੇ ਬੇਈਮਾਨੀ ਤੋਂ ਸਿਵਾਏ ਕੁਝ ਵੀ ਨਹੀਂ ਹੈ। ਇਸ ਲਈ ਅੱਜ ਦੇ ਵਿਗਿਆਨਕ ਯੁੱਧ 'ਚ ਮਾਨਵਵਾਦੀ, ਸਮਾਜਿਕ ਵਾਦੀ ਤੇ ਵਿਗਿਆਨਕ ਸੋਚ ਨਾਲ ਹੀ ਦੇਸ਼ ਦੇ ਗਰੀਬ ਲੋਕਾਂ ਦਾ ਕਲਿਆਣ ਹੋ ਸਕਦਾ ਹੈ। ਦੇਸ਼ ਦੇ 40 ਪ੍ਰਤੀਸ਼ਤ ਲੋਕ ਗਰੀਬੀ ਰੇਖਾ ਤੋਂ ਹੇਠਾਂ ਆਪਣਾ ਜੀਵਨ ਬਸਰ ਕਰ ਰਹੇ ਹਨ। ਇਹਨਾਂ ਦਾ ਜੀਵਨ ਪੱਧਰ ਤਾਂ ਹੀ ਉੱਚਾ ਚੁੱਕਿਆ ਜਾ ਸਕਦਾ ਹੈ ਜੇ ਕਰਮਾਨਵਾਦੀ, ਸਮਾਜਵਾਦੀ ਤੇ ਵਿਗਿਆਨਕ ਸੋਚ ਨੂੰ ਇਮਾਨਦਾਰੀ ਨਾਲ ਲਾਗੂ ਕੀਤਾ ਜਾਵੇ। ਸਹੀ ਮਾਅਨਿਆਂ 'ਚ ਦੇਸ਼ ਦੀ ਆਜ਼ਾਦੀ ਲਈ, ਜਿਹਨਾਂ ਦੇਸ਼ ਭਗਤ ਪ੍ਰਵਾਨਿਆਂ ਨੇ ਆਪਣੀ ਜਾਨ ਕੁਰਬਾਨ ਕਰ ਦਿੱਤੀ, ਉਹਨਾਂ ਦਾ ਸੁਪਨਾ ਤਾਂ ਹੀ, ਜੋ ਉਹਨਾਂ ਨੇ ਦੇਸ਼ ਨੂੰ ਆਦਰਸ਼ ਬਣਾਉਣ ਦਾ ਲਿਆ ਸੀ, ਪੂਰਾ ਕੀਤਾ ਜਾ ਸਕਦਾ ਹੈ ਤੇ ਤਾਂ ਹੀ ਦੇਸ਼ ਦੀ ਆਜ਼ਾਦ ਫਿਜ਼ਾ ਦਾ ਆਨੰਦ ਮਾਣਿਆ ਜਾ ਸਕਦਾ ਹੈ।

# ਪੰਜਾਬੀ ਦਲਿਤ ਕਵਿਤਾ ਵਿਚ ਦਲਿਤ ਮੁਕਤੀ ਦਾ ਸਵਾਲ



ਪ੍ਰੋਫੈਸਰ (ਡਾ.) ਰੌਣਕੀ ਰਾਮ
Dean, Faculty of Arts
Honorary Director, ICSSR,
North-Western Regional Centre
Shaheed Bhagat Singh Professor
of Political Science, Arts Block IV,
Panjab University, Chandigarh
0091-9779142308

*(ਨੌਵੀਂ ਕਿਸਤ)*

ਵਰਜਿਤ ਕਰਦੇ ਨੇ
ਤੀਸਰਾ ਨੇਤਰ
ਖੋਲ੍ਹਣਾ
ਮੇਰੇ ਵਰਗੇ ਲਾਖੇ
ਰੰਗ ਦੇ ਲੋਕਾਂ ਲਈ।

ਇਸ ਹੀ ਸੰਦਰਭ ਵਿਚ ਸੰਤੋਖ ਸਿੰਘ ਸੁੱਖੀ ਮੁੱਖਧਾਰਾ ਪੰਜਾਬੀ ਕਵਿਤਾ ਉਤੇ ਟਿੱਪਣੀ ਕਰਦੇ ਹੋਏ ਲਿਖਦੇ ਹਨ–

ਕਿੰਨਾ ਛੋਟਾ ਹੋ ਗਿਆ ਹੈ
ਅੱਜ ਕਵਿਤਾ ਦਾ ਸੰਕਲਪ
ਪੈਦਾ ਹੁੰਦੀ ਹੈ ਹੁਣ
ਇਹ ਬਿਨਾਂ ਕੋਈ ਤੜਪ।
ਕਵਿਤਾ ਡਰਾਇੰਗ ਰੂਮ ਵਿਚੋਂ
ਸ਼ੁਰੂ ਹੋ ਕੇ ਚਮਕਦੇ
ਦਮਕਦੇ ਗੁਸਲਖਾਨੇ ਵਿਚ ਨ੍ਹਾ ਕੇ
****
ਕਿਸੇ ਸਿਫ਼ਾਰਸ਼ੀ ਜਿਹੇ ਐਡੀਟਰ ਦੀ ਝੋਲੀ ਪੈ ਜਾਂਦੀ ਹੈ।

ਸੁੱਖੀ ਦਲਿਤ ਕਵਿਤਾ ਨੂੰ ਠੱਠੀਆਂ, ਵਿਹੜਿਆਂ ਵਿਚ ਰਹਿ ਰਹੇ ਦਲਿਤ ਲੋਕਾਂ ਦੇ ਥੁੜ੍ਹਾਂ, ਦੁੱਖਾਂ ਅਤੇ ਡਰਾਂ ਨਾਲੀ ਬਿਤਾਏ ਜਾ ਰਹੇ ਜੀਵਨ ਦੇ ਯਥਾਰਥ ਨਾਲ ਮੇਲ ਕੇ ਰਚਨ ਦੀ ਗੱਲ ਕਰਦਾ ਹੈ। ਜਿਵੇਂ–

ਚਾਹੁੰਦਾ ਹਾਂ ਕਿ
ਹਰ ਰੋਜ਼
ਕਵਿਤਾ ਦੀ ਆਗੋਸ਼ ਵਿਚ ਜਾਵਾਂ।
ਤੇ ਉਸ ਦੇ ਆਂਚਲ ਨੂੰ
ਆਪਣੇ ਹੰਝੂਆਂ ਨਾਲ ਤਰ ਕਰ ਦੇਵਾਂ
****
ਮੈਂ ਸੋਚਦਾਂ ਹੀ ਹਾਂ
ਕਿ ਹਰ ਰੋਜ਼ ਕਵਿਤਾ
ਮੈਨੂੰ ਹੀ ਲਿਖ ਜਾਂਦੀ ਹੈ।
ਜਾਂਦੀ ਹੋਈ ਕਹਿੰਦੀ ਹੈ
ਪੁੱਤਰਾ!
****
ਕਾਲੇ ਅੱਖਰਾਂ ਦਾ ਸੰਗ੍ਰਹਿ
ਮੈਂ ਕਵਿਤਾ ਨਹੀਂ ਹੁੰਦੀ।

ਸੁੱਖੀ ਦਲਿਤ ਕਵਿਤਾ ਦੇ ਵੱਖਰੇ ਮੁਹਾਵਰੇ ਦੀ ਗੱਲ ਕਰਦਾ ਹੋਇਆ ਲਿਖਦਾ ਹੈ–

ਮੇਰੇ ਕੋਲ ਨਹੀਂ ਹਨ
ਘੁੱਗੀਆਂ, ਗਟਾਰਾਂ,
ਚਿੜੀਆਂ, ਮੋਰ,
****
ਮੇਰੇ ਕੋਲ ਤਾਂ
ਸੱਭ ਵਿਚ ਚੂੜ੍ਹਿਆਂ ਦੀ ਜੰਗੀਰੋ ਨੂੰ
ਅਖੌਤੀ ਪੁਰਾਣੇ ਕਾਮਰੇਡ ਵੱਲੋਂ
ਗਾਲ੍ਹਾਂ ਕੱਢਣ ਦੇ ਵੇਰਵੇ ਹਨ
ਤੇ ਰਵਿਦਾਸੀਆਂ ਦੇ ਦੀਪੇ ਨੂੰ
ਸੀਰ ਦਾ ਪੈਸਾ ਪੂਰਾ ਨਾ ਕਰਨ
ਝਿਊਰਾਂ ਦੇ ਨਛੱਤਰ ਨੂੰ
ਗੁਰਦੁਆਰਿਓਂ ਪੈਸੇ ਚੁੱਕਣ
ਤੇ ਘੁਮਾਰਾਂ ਦੇ ਧੀਰੇ ਨੂੰ
ਵਿਗੜੇ ਸਰਦਾਰਾਂ ਦੀ ਤਿਗੜੀ ਧੀ ਛੇੜਨ ਤੇ
ਮਿਲੀ ਸਜ਼ਾ ਦੇ ਵਾਰਤਾਲਾਪ ਨੇ।

ਮੋਹਨ ਤਿਆਗੀ ਆਪਣੀ ਕਵਿਤਾ 'ਮੈਂ ਤੇ ਕਵਿਤਾ' ਵਿਚ ਦਲਿਤ ਕਵਿਤਾ ਨੂੰ ਦਲਿਤ ਪਛਾਣ ਅਤੇ ਮੁਕਤੀ ਦੇ ਸੰਦਰਭ ਵਿਚ ਪੇਸ਼ ਕਰਦਿਆਂ ਹੋਇਆਂ ਉਸ ਨੂੰ ਦਲਿਤ ਸੰਘਰਸ਼ ਨਾਲ ਜੋੜਨ ਦੀ ਗੱਲ ਕਰਦੇ ਹਨ। ਜਿਵੇਂ–

ਮੈਂ ਤੇ ਕਵਿਤਾ
ਹੁਣ ਇੱਕ ਖ਼ੂਨੀ ਭੇੜ ਵਿੱਚ ਹਾਂ
ਮੈਂ ਜਿਸ ਦਿਨ ਤੋਂ ਜੰਗਲ ਦਾ ਐਲਾਨ ਨਾਮਾ
ਪੜ੍ਹ ਕੇ ਆਇਆ ਹਾਂ
ਉਸੇ ਦਿਨ ਤੋਂ ਹੁਣ ਕਵਿਤਾ ਮੇਰਾ
ਲਹੂ ਮੰਗਣ ਲੱਗ ਪਈ ਹੈ।

ਦਲਿਤ ਕਵਿਤਾ ਦੇ ਸੰਘਰਸ਼ਮਈ ਰੂਪ ਦੀ ਗੱਲ ਨੂੰ ਅਗਾਂਹ ਤੋਰਦਿਆਂ ਮੋਹਨ ਤਿਆਗੀ ਕਹਿੰਦੇ ਹਨ–

ਕਵਿਤਾ
ਹੁਣ ਤੁਹਾਡੇ ਸਾਜ਼ਿਸ਼ੀ ਕਮਰਿਆਂ ਵਿਚ
ਸੁਨਾਮੀ ਲੰਘ
ਆਏਗੀ
ਤੁਹਾਡੇ ਦਾਰੂਖਾਨਿਆਂ
ਅਤੇ ਰੰਗ ਮਹੱਲਾਂ ਵਿਚ ਲਿਖੇ ਹੋਏ
ਸੁਹਜ ਸ਼ਾਸਤਰ ਦੇ ਪਰਖਚੇ
ਉਡਾ ਜਾਏਗੀ
ਤੁਹਾਨੂੰ ਕਾਲਰ ਤੋਂ ਫੜਕੇ ਝੰਜੋੜੇਗੀ
ਕਵਿਤਾ ਅਤੇ
ਅਕਵਿਤਾ ਵਿਚਲੇ ਅਰਥਾਂ ਦਾ ਵਿਸਥਾਰ
ਮੰਗੇਗੀ
ਤੁਹਾਨੂੰ ਦੂਰ ਤੱਕ ਧੂਹਦੀ ਹੋਈ
ਸ਼ਹੀਦਾਂ ਦੇ ਚੌਂਕ ਤੱਕ ਲੈ ਜਾਏਗੀ
ਸ਼ਹਿਰ ਦੇ ਭਰੇ ਚੌਰਾਹੇ 'ਚ ਤੁਹਾਡੇ ਤੋਂ ਸਦੀਆਂ
ਪੁਰਾਣਾ ਹਿਸਾਬ ਮੰਗੇਗੀ।

ਜੇ ਪਾਲ ਭਾਵੇਂ ਸਮਕਾਲੀ ਪੰਜਾਬੀ ਦਲਿਤ ਕਵਿਤਾ ਵਿਚ ਨਵਾਂ ਹਸਤਾਖਰ ਹੈ ਪਰ ਉਸ ਦੀ ਕਵਿਤਾ ਦਲਿਤ ਅਤੇ ਮੁੱਖ-ਧਾਰਾ ਕਵਿਤਾ ਵਿਚਲੀਆਂ ਖਾਈਆਂ ਬਾਰੇ ਗੰਭੀਰਤਾ ਨਾਲ ਚਰਚਾ ਕਰਦੀ ਹੈ। ਉਹ ਵੀ ਕੌਲਰਮਾਜਰੀ, ਮਦਨ ਵੀਰਾ, ਸੰਤੋਖ ਸਿੰਘ ਸੁੱਖੀ ਅਤੇ ਮੋਹਨ ਤਿਆਗੀ ਵਾਂਗ ਦਲਿਤ ਕਵਿਤਾ ਨੂੰ ਦਲਿਤ ਜੀਵਨ, ਦਮਨ ਅਤੇ ਸੰਘਰਸ਼ ਦੇ ਸੰਦਰਭ ਵਿਚ ਰੱਖ ਕੇ ਪੇਸ਼ ਕਰਨ ਦੀ ਗੱਲ ਕਰਦਾ ਹੈ। ਉਹ ਆਪਣੀ ਕਵਿਤਾ ਵਿਚ ਦਲਿਤ ਅਤੀਤ ਨੂੰ ਵਰਤਮਾਨ ਵਿਚ ਅੱਖੋਂ ਓਹਲੇ ਨਾ ਕਰਦਾ ਹੋਇਆ ਉਸ ਨੂੰ ਦਲਿਤ ਜੀਵਨ ਦੇ ਨਾਲ-ਨਾਲ ਰੱਖਦੇ ਹੋਏ ਦਲਿਤ ਪਛਾਣ ਦੀ ਨਿਸ਼ਾਨਦੇਹੀ ਕਰਦਾ ਹੋਇਆ ਨਜ਼ਰ ਪੈਂਦਾ ਹੈ। ਪੇਸ਼ ਹਨ ਕੁਝ ਸਤਰਾਂ–

ਤੇ ਮੈਂ ਨਜ਼ਮ ਲਿਖਦੇ ਸਮੇਂ
ਅਕਾਦਮਕ-ਕਮ-ਸਰਕਾਰੀ ਕਾਵਾਂ ਤੋਂ ਡਰਦਾ
ਵਿਚਾਰਾਂ ਨੂੰ ਹਨੇਰੀ ਗਲੀ 'ਚ ਛੱਡ ਆਉਂਦਾ
ਤੇ ਜ਼ਿਕਰ ਹੀ ਨਹੀਂ ਕਰਦਾ
ਉਹਨਾਂ ਇਨਕਲਾਬੀਆਂ ਦਾ
ਜੋ ਹਾਕਮ ਧਿਰਾਂ ਦੇ
ਪੰਜ ਤਾਰਾ ਹੋਟਲਾਂ 'ਚ
ਪੀਟਰ ਸਕਾਚ ਨਾਲ ਛਕ ਆਉਂਦੇ ਨੇ ਚਿਲੀਚਿਕਨ
ਤੇ ਪਲੇਟਾਂ 'ਚ ਛੱਡ ਆਉਂਦੇ ਨੇ
ਕਾਰਲ ਮਾਰਕਸ ਦੀ, ਮਾਓ-ਜ਼ੇ-ਤੁੰਗ
ਤੇ ਨੈਕਸਲਾਇਟ ਮੂਵਮੈਂਟ ਦੀ ਜੂਠ
ਆਮ ਲੋਕਾਂ ਲਈ
*****
ਸੋਚਦਾ ਹਾਂ
ਨਜ਼ਮ ਲਿਖਦੇ ਸਮੇਂ
ਪਿਤਾ ਜੀ ਨੂੰ ਭੁੱਲ ਸਕਾਂਗਾ ਵੀ ਕਦੇ
ਸ਼ਾਇਦ ਨਹੀਂ... ਕਦੇ ਨਹੀਂ... ਕਦੇ ਵੀ ਨਹੀਂ!!

ਉਪਰੋਕਤ ਵਰਣਿਤ ਦਲਿਤ ਕਵਿਤਾਵਾਂ ਵਿਚ ਜਿਸ ਖ਼ਾਸ ਨੁਕਤੇ ਵੱਲ ਇਸ਼ਾਰਾ ਕੀਤਾ ਗਿਆ ਹੈ ਉਹ ਹੈ ਦਲਿਤ ਕਵਿਤਾ ਦਾ ਉਭਰ ਰਿਹਾ ਵੱਖਰਾ ਸੁਹਜ-ਸ਼ਾਸਤਰ। ਇਹ ਦਲਿਤ ਸੁਹਜ-ਸ਼ਾਸਤਰ ਮੁਖਧਾਰਾਈ ਪਰੰਪਰਕ ਸੁਹਜ-ਸ਼ਾਸਤਰ ਉਤੇ ਨਿਰਭਰ ਨਹੀਂ ਕਰਦਾ। ਇਸ ਦਾ ਸੰਬੰਧ ਸਿੱਧੇ ਤੌਰ ਬ੍ਰਾਹਮਣਵਾਦੀ ਕੂਟਨੀਤਕ ਪ੍ਰਬੰਧ ਦੇ ਖ਼ਿਲਾਫ਼ ਸੰਘਰਸ਼ ਵਿੱਢਣ ਨਾਲ ਹੈ। ਇਹ ਆਪਣੀ ਹੋਂਦ ਉਨ੍ਹਾਂ ਤਮਾਮ ਸਮਾਜਿਕ, ਆਰਥਿਕ ਅਤੇ ਰਾਜਨੀਤਕ ਪ੍ਰਸਥਿਤੀਆਂ 'ਚੋਂ ਅਖਤਿਆਰ ਕਰਦਾ ਹੈ ਜਿਨ੍ਹਾਂ ਨੇ ਦਲਿਤ ਮਨੁੱਖ ਨੂੰ ਹਰ ਇਕ ਪਹਿਲੂ ਤੋਂ ਨਕਾਰਦੇ ਹੋਏ ਉਸ ਦੀ ਕਿਰਤ ਦੇ ਮਿਠੇ ਫਲ ਨੂੰ ਤਾਂ ਮਾਣਿਆਂ ਹੈ ਪਰੰਤੂ ਉਸ ਦੇ ਪੂਰੇ ਵਜੂਦ ਨੂੰ ਅਣਗੌਲਿਆਂ ਕਰੀ ਰੱਖਿਆ ਹੈ। ਮੁੱਖ ਧਾਰਾ ਸਮਾਜ ਵੱਲੋਂ ਦਲਿਤ ਵਰਗ ਦੀ ਅਜਿਹੀ ਨਿਰੰਤਰ ਅਣਗੌਲਤਾ ਦਲਿਤ ਦਮਨ ਨੂੰ ਜਨਮ ਦਿੰਦੀ ਹੈ ਜਿਸ ਦੀ ਸਮਕਾਲੀ ਦਲਿਤ ਕਵਿਤਾ ਵਿਚ ਗੰਭੀਰਤਾ ਨਾਲ ਚਰਚਾ ਹੋਣੀ ਸ਼ੁਰੂ ਹੋਈ ਹੈ। ਸਮਕਾਲੀ ਦਲਿਤ ਕਵਿਤਾ ਦੇ ਦਲਿਤ ਦਮਨ ਨਾਲ ਸੰਬੰਧਤ ਸੰਦਰਭ 'ਚੋਂ ਉਭਰੇ ਬਿੰਬਾਂ, ਅਲੰਕਾਰਾਂ ਨੂੰ ਲੈ ਕੇ ਮੁੱਖ-ਧਾਰਾ ਕਵਿਤਾ ਵਿਚ ਦਲਿਤ ਕਵਿਤਾ 'ਤ ਸਟੇਜੀ, ਨੀਵੇਂ ਮਿਆਰ ਵਾਲੀ ਆਦਿ ਕਵਿਤਾ ਦੇ ਲੇਬਲ ਲਗਾ ਕੇ ਉਸ ਨੂੰ ਅਣਗੌਲਿਆਂ ਕੀਤਾ ਜਾਂਦਾ ਰਿਹਾ ਹੈ। ਪੇਸ਼ ਹਨ ਮਦਨ ਵੀਰਾ ਦੀ ਇਸ ਸੰਦਰਭ ਵਿਚ ਕਵਿਤ ਦੀਆਂ ਕੁਝ ਸਤਰਾਂ

ਉਹ ਮੈਨੂੰ ਆਖਦਾ ਹੈ
ਆਖਦਾ ਹੈ
ਤੇਰੀਆਂ ਕਵਿਤਾਵਾਂ ਪੜ੍ਹ ਕੇ
ਪੜ੍ਹਨ ਵਾਲੇ ਅੱਕ ਗਏ ਨੇ
*****
ਹੰਭ ਗਏ ਨੇ-ਥੱਕ ਗਏ ਨੇ'
****
ਚਾਹੇ ਜੇ ਵਾਰੇ-ਨਿਆਰੇ
ਤਾਂ ਕਲਮ ਨੂੰ ਕਲਾ ਨੂੰ
ਵਿਸਥਾਰ ਦੇ
ਕਲਪਨਾ ਨੂੰ ਖੰਭ ਦੇ ਉਡਾਰ ਦੇ
ਉਂਜ ਵੀ ਚਾਹੇ ਜੇ 'ਮੁੱਖ-ਧਾਰਾ' 'ਚ ਰਹਿਣਾ
ਤਾਂ ਠੱਠੀਆਂ ਤੇ ਵਿਹੜਿਆਂ 'ਚੋਂ ਬਾਹਰ ਆ
*****
ਸਾਰੀ ਤਲਖੀ ਤੇ ਕੁੜੱਤਣ
ਆਪਣੇ ਹੀ ਢਿੱਡ ਵਿਚ ਪਾ ਕੇ
ਹਾਂ ਆਖਦਾ ਮੈਂ ਜ਼ੋਰ ਲਾ ਕੇ
ਮੈਂ ਸਮੁੰਦਰੀ ਮਗਰਮੱਛ ਤੋਂ
ਦੱਸ ਕੀ ਲੈਣਾ
ਖਾਰਿਆਂ ਕਾਲੇ ਸਾਗਰਾਂ ਨੂੰ
ਮੈਂ ਕੀ ਕਹਿਣਾ
ਤੂੰ ਮੈਨੂੰ ਬਸ ਖੂਹ ਦਾ ਡੱਡੂ ਰਹਿਣ ਦੇ
ਸ਼ੁਕਰੀਆ! ਮੈਂ ਸੁਣ ਲਏ ਪ੍ਰਵਚਨ ਤੇਰੇ'।

ਇਸੇ ਹੀ ਤਰ੍ਹਾਂ ਦੀ ਕੁਝ ਗੱਲ ਡਾ. ਮਨਮੋਹਨ ਨੇ ਵੀ ਆਪਣੀ ਕਵਿਤਾ ਵਿਚ ਕੀਤੀ ਹੈ। ਪੇਸ਼ ਹਨ ਕੁਝ ਸਤਰਾਂ–

ਕਿਹਾ ਜਾਂਦੈ ਮੈਨੂੰ
ਤੇਰੀ ਕਵਿਤਾ ਦਾ ਰੰਗ ਕਾਲਾ
ਨਕਸ਼ ਫੀਨੇ
ਅਨੁਪ੍ਰਾਸ ਪਾਟਾ-ਪੁਰਾਣਾ
ਯਮਕ ਟਾਕੀਆਂ ਵਾਲਾ
ਸੁਰ ਬੇਸੁਰਾ
ਤਾਲ ਬੇਤਾਲਾ
*****
ਦੱਸ ਹੁਣ ਲਿਖਾਂ
ਤਾਂ ਚੀਕ ਨੂੰ ਕਿਸ ਸ਼ਿਲਪ 'ਚ ਲਿਖਾਂ...?

ਸਮਕਾਲੀ ਦਲਿਤ ਕਵੀਆਂ ਵਾਸਤੇ ਇਹ ਇਕ ਵੱਡਾ ਚੈਲੰਜ ਹੀ ਕਿਹਾ ਜਾ ਸਕਦਾ ਹੈ ਕਿ ਉਹ ਪਰੰਪਰਾਗਤ ਮੁੱਖ-ਧਾਰੀ ਕਾਵਿ ਸੁਹਜ ਦੇ ਵਿਪਰੀਤ ਜਿਹੜੇ ਰੂਪਕ, ਚਿੰਨ੍ਹ, ਵਿਸ਼ੇਸ਼ਣ ਅਤੇ ਅਲੰਕਾਰ ਵਰਤੋਂ ਵਿਚ ਲਿਆਉਂਦੇ ਹਨ ਉਨ੍ਹਾਂ ਦੀ ਸਮਝ ਬਾਰੇ ਦਲਿਤ ਜੀਵਨ ਅਤੇ ਦਮਨ ਦੀ ਜ਼ਮੀਨੀ ਹਕੀਕਤ ਦੀ ਸੋਝੀ ਕਿਸ ਤਰ੍ਹਾਂ ਕਰਵਾਈ ਜਾਵੇ ਤਾਂ ਕਿ ਪਾਠਕ ਨੂੰ ਇਨ੍ਹਾਂ ਰੂਪਕਾਂ ਦੀ ਠੀਕ-ਠੀਕ ਵਰਤੋਂ ਦੀ ਸਮਝ ਆ ਸਕੇ। ਦਲਿਤ ਜੀਵਨ ਅਤੇ ਦਮਨ ਨਾਲ ਸੰਬੰਧਤ ਇਕ ਵੱਖਰੇ ਕਾਵਿ-ਸੁਹਜ, ਦਰਸ਼ਨ ਅਤੇ ਰੂਪਕਾਂ ਦੀ ਇਸ ਸੰਦਰਭ ਵਿਚ ਜ਼ਰੂਰਤ ਮਹਿਸੂਸ ਹੁੰਦੀ ਹੈ। ਇਸ ਜ਼ਰੂਰਤ ਦੀ ਗੱਲ ਮਦਨ ਵੀਰਾ ਨੇ ਆਪਣੀ ਕਵਿਤਾ 'ਕਰਤਾਰੀ ਆਲੋਚਕ ਲਈ' ਵਿਚ ਕੁਝ ਇਸ ਤਰ੍ਹਾਂ ਕੀਤੀ ਹੈ–

ਅਖੌਤੀ ਮੁੱਖਧਾਰਾ ਦੀ
ਸ਼ੁੱਧ ਕਲਮਕਾਰਾਂ ਦੀ
ਹੇ ਸਵੈ-ਸਿਰਜੀ
ਸਵੈ-ਥਾਪੀ ਸੱਚੀ ਸਰਕਾਰ
ਮੈਨੂੰ ਨਹੀਂ ਸੀ ਪਤਾ
ਨਹੀਂ ਸੀ ਭੇਦ
******
ਨਹੀਂ ਸੀ ਜਾਣਦਾ
ਕਿ ਉਹ ਮੇਰੀ ਕਵਿਤਾ ਨਾਲ
*****
'ਤੇ ਮੇਰੀ ਕਵਿਤਾ ਦੇ ਪੰਨੇ
ਰੱਤ ਨਾਲ ਭਿੱਜਣਗੇ।

ਸਮਕਾਲੀ ਪੰਜਾਬੀ ਦਲਿਤ ਕਵਿਤਾ ਵਿਚ ਦਲਿਤ ਪਛਾਣ, ਮੁਕਤੀ ਅਤੇ ਸ਼ਕਤੀਕਰਨ ਦੇ ਸੰਕਲਪਾਂ ਨੂੰ ਲੈ ਕੇ ਪਿੰਡ ਬਾਰੇ ਕਾਫ਼ੀ ਚਰਚਾ ਹੋਈ ਮਿਲਦੀ ਹੈ। ਜ਼ਿਆਦਾ ਤੌਰ ਤੇ ਸਮਕਾਲੀ ਪੰਜਾਬੀ ਦਲਿਤ ਕਵਿਤਾ ਵਿਚ ਪਿੰਡ ਬਾਰੇ ਬਹੁਤ ਹੀ ਭਾਵਪੂਰਕ ਢੰਗ ਨਾਲ ਨੇੜਤਾ ਦਾ ਸੰਬੰਧ ਦਰਸਾਇਆ ਗਿਆ ਹੈ। ਇਸ ਕਵਿਤਾ ਦਾ ਇਹ ਪਹਿਲੂ ਕਾਫ਼ੀ ਵਿਰੋਧਾਭਾਸੀ ਪ੍ਰਤੀਤ ਹੁੰਦਾ ਹੈ। ਜਿਥੋਂ ਤਕ ਦਲਿਤ ਮਨੁੱਖ ਦਾ ਪਿੰਡ ਨਾਲ ਸੰਬੰਧ ਦਾ ਸਵਾਲ ਹੈ ਉਸ ਬਾਰੇ ਕੁਝ ਛੁਪਿਆ ਹੋਇਆ ਨਹੀਂ ਹੈ। ਇਸ ਗੱਲ ਬਾਰੇ ਤਕਰੀਬਨ ਸਾਰੇ ਹੀ ਜਾਣਦੇ ਹਨ ਕਿ ਭਾਰਤ ਦੇ ਆਜ਼ਾਦ ਹੋਣ ਤੱਕ ਠੱਠੀਆਂ, ਵੇਹੜਿਆਂ ਅਤੇ ਚਮਾਰਲੀਆਂ ਦਾ ਮੁੱਖ-ਧਾਰਾ ਪਿੰਡ ਤੋਂ ਬਾਹਰ ਵਸੇਵੇਂ ਦਾ ਪ੍ਰਬੰਧ ਰਯੱਤਨਾਮਿਆਂ ਰਾਹੀਂ ਹੋਇਆ ਕਰਦਾ ਸੀ। ਇਸ ਪ੍ਰਬੰਧ ਅਨੁਸਾਰ ਵਿਹੜਿਆਂ ਵਿਚਲੇ ਘਰਾਂ ਦੇ ਮਲਬੇ ਦੇ ਮਾਲਕ ਤਾਂ ਦਲਿਤ ਲੋਕ ਹੁੰਦੇ ਸਨ ਪਰੰਤੂ ਘਰਾਂ ਹੇਠਲੀ ਜ਼ਮੀਨ ਮੁੱਖ-ਧਾਰਾ ਪਿੰਡ ਦੇ ਜ਼ਿਮੀਂਦਾਰਾਂ ਦੇ ਨਾਂ ਬੋਲਦੀ ਹੁੰਦੀ ਸੀ। ਵਿਹੜਿਆਂ ਅਤੇ ਠੱਠੀਆਂ ਵਾਲਾ ਖ਼ਿੱਤਾ ਮੁੱਖ-ਧਾਰਾ ਪਿੰਡ ਦੇ ਲਹਿੰਦੇ ਪਾਸੇ ਦਿਨ-ਕਟੀ ਕਰਦਾ ਹਰ ਵੇਲੇ ਜਜਮਾਨਾਂ ਤੇ ਟੇਕ ਰੱਖਦਾ ਸੀ। ਇਸ ਲਹਿੰਦੇ ਪਾਸੇ ਦੇ ਵਾਸੀ ਪਿੰਡ ਦੇ ਨਾਂ ਤੇ ਮਿੱਟੀ ਘੱਟੇ ਅਤੇ ਗੰਦਗੀ ਦੇ ਢੇਰਾਂ ਵਿਚਕਾਰ ਗੁਜ਼ਰ ਕਰਦੇ ਸਨ। ਉਨ੍ਹਾਂ ਦਾ ਨਾ ਤਾਂ ਇਸ ਜ਼ਮੀਨ ਤੇ ਕੋਈ ਹੱਕ ਸੀ ਅਤੇ ਨਾ ਹੀ ਆਪਣੀ ਕੋਈ ਪਛਾਣ। ਜੇ ਕੋਈ ਪਛਾਣ ਸੀ ਤਾਂ ਉਹ ਸਿਰਫ਼ ਅਤੇ ਸਿਰਫ਼ ਹਰ ਵੇਲੇ ਵਗਾਰ ਕਰਨ ਲਈ ਤਿਆਰ ਬਰ ਤਿਆਰ ਰਹਿਣ ਦੀ ਪਛਾਣ। ਇਸ ਸਭ ਕਾਸੇ ਦੇ ਬਾਵਜੂਦ ਵੀ ਸਮਕਾਲੀ ਦਲਿਤ ਕਵਿਤਾ ਵਿਚ ਪਿੰਡ ਪ੍ਰਤੀ ਹੇਰਵੇ ਦਾ ਜਿਸ ਕਦਰ ਜ਼ਿਕਰ ਮਿਲਦਾ ਹੈ ਉਹ ਜ਼ਮੀਨੀ ਹਕੀਕਤ ਤੋਂ ਕੋਹਾਂ ਦੂਰ ਪ੍ਰਤੀਤ ਹੁੰਦਾ ਹੈ। ਹਾਂ ਕੁਝ-ਕੁ ਦਲਿਤ ਕਵੀਆਂ ਦੀਆਂ ਕਵਿਤਾਵਾਂ ਵਿਚ ਠੱਠੀਆਂ ਦੇ ਵਾਸੀਆਂ ਦੀ ਦਰੁੱਸਤ ਦਾਸਤਾਂ ਜ਼ਰੂਰ ਪੇਸ਼ ਹੋਈ ਨਜ਼ਰ ਪੈਂਦੀ ਹੈ। ਜਿਵੇਂ–

ਪਿੰਡ ਵਿਚ ਕੀ ਹੈ?
ਬੁੱਢੀ ਮਾਂ ਹੈ ਥੱਕੀ ਹਾਰੀ
ਬਾਪੂ ਦੀ ਦੇਹ ਕੰਬਦੀ ਸਾਰੀ
ਗੰਦੀ ਬੀਹੀ-ਬਿਨਾਂ ਬੁਹਾਰੀ
ਚਾਹ ਤੋਂ ਸਾਹ ਤੱਕ
ਹਰ ਸ਼ੈਅ ਗਿਰਵੀ
ਘਰ ਦੀ ਹਰ ਇੱਕ ਵਸਤ ਉਧਾਰੀ।
ਇਹ ਪਿੰਡ?
ਇਸ ਲਈ ਮੇਰਾ ਹੈ
ਕਿ ਇਹਦੀ ਮਿੱਟੀ 'ਚ ਜੜ੍ਹ ਹੋਏ ਨੇ
ਮੇਰੇ ਪੁਰਖੇ
ਮਿੱਟੀ ਦੇ ਕਣ-ਕਣ 'ਚ
ਜੜ੍ਹ ਹੋਏ ਨੇ ਮੇਰੇ ਬਜ਼ੁਰਗ।

ਉਪਰੋਕਤ ਕਵਿਤਾਵਾਂ ਵਿਚ ਮਦਨ ਵੀਰਾ ਦਲਿਤ ਵਰਗ ਦੇ ਪਿੰਡ ਦੀ ਜੋ ਤਸਵੀਰ ਪੇਸ਼ ਕਰਦੇ ਹਨ ਉਹ ਆਦਰਸ਼ੀ ਪਿੰਡ ਦੇ ਮੋਹ ਤੋਂ ਹਟ ਕੇ ਅਸਲੀ ਦਲਿਤ ਵਿਹੜਿਆਂ ਦੀ ਤਸਵੀਰ ਜਾਪਦੀ ਹੈ। ਉਸ ਦੀਆਂ ਕਵਿਤਾਵਾਂ ਵਿਚ ਪਿੰਡ ਪ੍ਰਤੀ ਕੋਈ ਹੇਰਵਾ ਨਹੀਂ ਹੈ। ਉਹ ਪਿੰਡ ਦੀ ਮਾਲਕੀ ਤੋਂ ਸੱਖਣਾ ਹੁੰਦਾ ਹੋਇਆ ਵੀ ਦਲਿਤ ਵਰਗ ਵੱਲੋਂ ਮੁੱਖ-ਧਾਰਾ ਪਿੰਡ ਵਾਸਤੇ ਘਾਲੀਆਂ ਘਾਲਣਾਵਾਂ ਸਦਕਾ ਦਲਿਤ ਮਨੁੱਖ ਨੂੰ ਪਿੰਡ ਦੀ ਬਰਾਬਰ ਦੀ ਧਿਰ ਦਰਸਾਉਂਦਾ ਹੈ। ਉਸ ਦਾ ਅਜਿਹਾ ਦਰਸਾਉਣਾ ਦਲਿਤ ਵਰਗ ਨੂੰ ਨਵੀਂ ਪਛਾਣ ਪ੍ਰਦਾਨ ਕਰਦਾ ਹੈ। ਉਸ ਵੱਲੋਂ ਇਸ ਤਰ੍ਹਾਂ ਘੜੀ ਗਈ ਦਲਿਤ ਪਛਾਣ ਦੀ ਤਸਵੀਰ ਦਲਿਤ ਦੀ ਕਿਰਤ ਨੂੰ ਵੀ ਨਵੇਂ ਅਰਥ ਪ੍ਰਦਾਨ ਕਰਦੀ ਹੈ ਅਤੇ ਇਸ ਗੱਲ ਦਾ ਵੀ ਅਹਿਸਾਸ ਦਵਾਉਂਦੀ ਹੈ ਕਿ ਮਾਲਕੀ ਸਿਰਫ਼ ਤੇ ਸਿਰਫ਼ ਸਾਧਨਾਂ ਉਤੇ ਕਾਬਜ਼ ਹੋਣ ਨਾਲ ਹੀ ਨਹੀਂ ਮਿਲਦੀ ਬਲਕਿ ਕਿਰਤ ਵੀ ਮਾਲਕੀ ਦਾ ਅਹਿਸਾਸ ਦਿਲਵਾ ਸਕਦੀ ਹੈ।

ਸਮਕਾਲੀ ਪੰਜਾਬੀ ਦਲਿਤ ਕਵਿਤਾ ਵਿਚ ਪਿੰਡ ਨਾਲ ਸੰਬੰਧਤ ਜ਼ਿਆਦਾਤਰ ਕਵਿਤਾ ਹੇਰਵੇ ਅਤੇ ਮੋਹ ਨਾਲ ਭਰਪੂਰ ਹੈ। ਪੇਸ਼ ਹਨ ਕੁਝ ਕਵਿਤਾਵਾਂ–

ਪਿੰਡ 'ਚ ਗਿਆ ਸਾਂ, ਪੀਰ ਦੀ ਦਰਗਾਹ ਤੇ
ਟੇਕ ਆਇਆ ਹਾਂ ਮੱਥਾ
ਖਾਨਗਾਹ 'ਚ ਬਾਲ ਆਇਆ ਹਾਂ
ਆਖਰੀ ਚਿਰਾਗ।
*****
ਪੁਰਾਣੇ ਘਰ ਦੇ ਇਕ ਗੁੱਠੇ ਬਹਿਕੇ
ਆਪਣੀਆਂ ਯਾਦਾਂ, ਸਿਮਰਤੀਆਂ ਅਤੇ ਸੁਪਨਿਆਂ ਨੂੰ
ਦਫ਼ਨ ਕਰ
ਵਾਰ ਵਾਰ ਦਹਿਲੀਜ਼ ਵਲ ਤੱਕਦਾ
ਰੱਜ ਕੇ ਰੋ ਆਇਆ ਹਾਂ ਆਖ਼ਰੀ ਵਾਰ।
ਇਸ ਪਿੰਡ 'ਚ
ਬਹੁਤ ਕੁਝ ਵਾਪਰਨਾ ਸੀ
****
ਗੁਰਬਤ ਤੋਂ ਮੁਕਤ ਹੋ ਜਾਣਾ ਸੀ
ਇਸ ਪਿੰਡ ਨੇ।
ਇਸ ਪਿੰਡ ਦੇ ਹਰ ਬੰਦੇ ਨੇ
ਬੁਲਾਇਆ ਜਾਣ ਸੀ ਆਪਣੇ ਨਾਂ ਨਾਲ
ਜੋ ਜਾਤ ਤੋਂ ਹੋ ਜਾਣਾ ਸੀ ਮੁਕਤ।

ਉਪਰੋਕਤ ਕਵਿਤਾਵਾਂ ਵਿਚ ਕੌਲਰਮਾਜਰੀ ਪਿੰਡ ਨਾਲ ਰੋਸੇ ਦੇ ਨਾਲ-ਨਾਲ ਉਸ ਬਾਰੇ ਆਸ਼ਾਵਾਦੀ ਨਜ਼ਰੀਆ ਵੀ ਅਪਣਾਉਂਦਾ ਹੈ। ਉਸ ਅਨੁਸਾਰ ਦਲਿਤ ਮੁਕਤੀ ਦੀ ਪ੍ਰਾਪਤੀ ਪਿੰਡ ਵਿਚੋਂ ਜਾਤ ਦੀ ਅਲਾਮਤ ਦੇ ਖ਼ਾਤਮੇ ਨਾਲ ਹੋਣੀ ਹੈ।

ਮੋਹਨ ਤਿਆਗੀ ਆਪਣੀ ਕਵਿਤਾ ਵਿਚ ਪਿੰਡ ਦੀ ਜਿਸ ਤਰ੍ਹਾਂ ਤਸਵੀਰ ਪੇਸ਼ ਕਰਦੇ ਹਨ ਉਹ ਇਕ ਪਾਸੇ ਪਿੰਡ ਦੀ ਖ਼ੂਬਸੂਰਤ ਅਤੇ ਘੁੱਗ ਵਸਦੀ ਸੂਰਤੇਹਾਲ ਹੈ ਅਤੇ ਦੂਸਰੇ ਪਾਸੇ ਉਸੇ ਪਿੰਡ ਵਿੱਚ ਦਲਿਤ ਮਨੁੱਖ ਦੇ ਸੰਤਾਪ ਦੀ ਵੀ ਗਾਥਾ ਹੈ। ਜਿਵੇਂ–

ਪਿੰਡ ਦੀਆਂ ਹਰੀਆਂ ਭਰੀਆਂ ਪਗਡੰਡੀਆਂ
ਅਤੇ ਹੱਸਦੇ ਵੱਸਦੇ ਨਿੱਕੇ ਘਰਾਂ ਨੂੰ ਛੱਡ ਕੇ
ਇਹ ਕਿੱਥੇ ਆਣ ਪਹੁੰਚਿਆ ਹਾਂ ਮੈਂ।
ਪਰ ਫਿਰ ਅਚਨਚੇਤ
ਪਿੰਡ ਬਾਰੇ ਸੋਚ ਕੇ
ਬਹੁਤ ਦਹਿਲ ਜਾਂਦਾ ਹਾਂ ਮੈਂ
ਜਿੱਥੇ ਖੋਜੀ ਕੁੱਤੇ ਹਾਲੇ ਵੀ
ਮੇਰੀ ਪੈੜ ਲੱਭਦੇ ਨੇ।

ਸਮਕਾਲੀ ਪੰਜਾਬੀ ਦਲਿਤ ਕਵਿਤਾ ਵਿਚ ਬਣ ਰਹੀ ਵੱਖਰੀ ਦਲਿਤ ਪਛਾਣ ਨੂੰ ਲੈ ਕੇ ਪਿਛਲੇ ਕੁਝ ਸਾਲਾਂ ਤੋਂ ਪੰਜਾਬ ਦੇ ਪਿੰਡਾਂ 'ਚ ਪਨਪੀ ਸਮਾਜਿਕ ਬਾਈਕਾਟ (ਨਾਕਾਬੰਦੀ) ਦੀ ਅਲਾਮਤ ਤੇ ਵੀ ਚਰਚਾ ਹੋਈ ਮਿਲਦੀ ਹੈ। ਸਮਾਜਿਕ ਨਾਕਾਬੰਦੀ ਅਜੋਕੇ ਅਖੌਤੀ ਵਿਸ਼ਵੀਕਰਨ ਦੀ ਪ੍ਰਕ੍ਰਿਆ ਹੇਠ ਉਪਜ ਰਹੇ ਗਲੋਬਲ ਪਿੰਡ ਵਿਚ ਉਸ ਅਲਾਮਤ ਦਾ ਨਾਂ ਹੈ ਜਿਸ ਦੇ ਤਹਿਤ ਦਲਿਤ ਵਰਗ ਨਾਲ ਸੰਬੰਧਤ ਲੋਕਾਂ ਨੂੰ ਉਨ੍ਹਾਂ ਵੱਲੋਂ ਮੰਗੇ ਜਾ ਰਹੇ ਹੱਕਾਂ ਲਈ ਅਤੇ ਪਿੰਡ ਦੀਆਂ ਰਾਜ ਪ੍ਰਬੰਧਕੀ ਸੰਸਥਾਵਾਂ ਵਿਚ ਹਿੱਸੇਦਾਰੀ ਦੀ ਮੰਗ ਉਠਾਉਣ ਖ਼ਾਤਰ ਉਨ੍ਹਾਂ ਨਾਲ ਸਮੂਹਿਕ ਤੌਰ ਤੇ ਨਾ ਮਿਲ ਵਰਤੋਂ ਦਾ ਸਲੂਕ ਕੀਤਾ ਜਾਂਦਾ ਹੈ। ਖੇਤਾਂ 'ਚੋਂ ਕੱਖ-ਕੰਡਾ, ਪੱਠੇ, ਘਾਹ ਖੋਤਣ, ਜੰਗਲ ਪਾਣੀ ਜਾਣ ਆਦਿ ਤੇ ਵੀ ਸਖ਼ਤ ਪਾਬੰਦੀ ਲਗਾਈ ਜਾਂਦੀ ਹੈ। ਸਮਾਜਿਕ ਬਾਈਕਾਟਾਂ ਨੇ ਪਿਛਲੇ ਕੁਝ ਸਮਿਆਂ ਤੋਂ ਪਿੰਡਾਂ ਵਿਚ ਦਹਿਸ਼ਤ ਅਤੇ ਤਕਰਾਰ ਦੇ ਮਾਹੌਲ ਵੀ ਸਿਰਜਿਆ ਹੈ। ਇਸ ਸਭ ਕੁਝ ਨੂੰ ਸਮਝਣ ਲਈ ਜ਼ਰੂਰੀ ਹੈ ਕੁਝ ਦਲਿਤ ਕਵੀਆਂ ਦੇ ਅਨੁਭਵਾਂ ਨੂੰ ਸਮਝਣਾ–

ਇਹ ਪਿੰਡ
ਪਿੰਡ ਉਦੋਂ ਤੱਕ ਤੁਹਾਡਾ ਹੈ
ਜਦੋਂ ਤੱਕ ਨੇਮ 'ਚ ਰਹੋਗੇ
ਤੈਅ-ਸ਼ੁਦਾ ਪੈੜਾਂ 'ਤੇ ਚੱਲੋਗੇ
ਜਦੋਂ ਨੇਮ ਵਿਸਾਰੋਗੇ
ਨਵਾਂ ਕੁਝ ਮਨ 'ਚ ਧਾਰੋਗੇ
ਪੁਰਾਣੀ ਲੀਹ ਪਾੜੋਗੇ
ਖ਼ੁਦ ਲਿਤਾੜੇ ਜਾਉਗੇ।
ਮੈਂ ਉਦੋਂ ਤੱਕ ਨੇਕ ਸੀ
ਸਾਊ ਸੀ
ਜਦੋਂ ਤੱਕ
ਤੁਹਾਡੇ ਹੁਕਮ 'ਚ ਬੱਝਾ
ਬਰਦਾ ਸੀ
ਜੀ-ਜੀ ਕਰਦਾ ਸੀ

(ਲੜੀਵਾਰ ਚਲਦਾ)

# ਧਰਮ ਤੇ ਅਸੀਂ ਨੀਚ ਲੋਕ



ਪ੍ਰੋ: ਗੁਰਨਾਮ ਸਿੰਘ ਮੁਕਤਸਰ
91-94178-92333

ਅਸੀਂ ਸ਼ਾਇਦ ਬ੍ਰਾਹਮਣ ਵਾਦ, ਜਾਤੀਵਾਦ, ਜਾਤੀ ਹੰਕਾਰ ਅਤੇ ਜਾਤੀ ਜੁਲਮ ਵਿਰੁੱਧ ਸੰਤ ਨਾਮਦੇਵ- ਕਬੀਰ- ਰਵਿਦਾਸ, ਸੈਣ ਅਤੇ ਨਾਨਕ ਗੁਰੂ ਜਨਾਂ ਦੇ ਸੰਘਰਸ਼ ਦੀ 200 ਸਾਲ ਪੁਰਾਣੀ ਕ੍ਰਾਂਤੀ ਦੇ ਦੌਰ ਵਿਚ ਅਛੂਤਾਂ ਤੋਂ ਸਿੱਖ ਬਣੇ ਹੋਵਾਂਗੇ ਕਿਉਂਕਿ ਮੇਰਾ ਪੜਦਾਦਾ ਵੀ ਸਿੱਖ ਸੀ। ਜਦੋਂ ਪੜਦਾਦਾ ਸਿੱਖ ਬਣਿਆ ਤਾਂ ਉਹ ਬੁਣਕਰ ਜੁਲਾਹਾ ਸੀ। ਜਦੋਂ ਮੇਰਾ ਪਿਤਾ ਸਿੱਖ ਬਣਿਆ ਤਾਂ ਉਹ ਵੀ ਬੁਣਕਰ ਸੀ, ਮੇਰੇ ਦੋਹਤੇ ਤੇ ਪੋਤੇ ਪੋਤੀਆਂ ਵੀ ਸਿੱਖ ਤਾਂ ਹਨ ਪ੍ਰੰਤੂ ਅੱਜ ਵੀ ਬੁਣਕਾਰਾਂ ਦੇ ਜੁਆਕ ਹਨ। ਪਿਤਾ ਸਿਆਣਾ ਸੀ, ਮਾਂ ਸਿਆਣੀ ਸੀ, ਉਸਨੇ ਸਾਨੂੰ ਖੇਤਾਂ 'ਚ ਰੁਲਣ ਜੋਗੇ ਪਸ਼ੂ ਨਹੀਂ ਬਣਨ ਦਿੱਤਾ। 16-18 ਘੰਟੇ ਤਾਣੀ ਬੁਣ ਕੇ ਸਭ ਨੂੰ ਪੜ੍ਹਾਇਆ। ਅਸੀਂ ਸਭ ਬਹੁਤ ਪੜ੍ਹੇ ਤੇ ਮੈਂ ਚੜ੍ਹਦੀ ਜਵਾਨੀ 'ਚ ਦੋ ਐਮ. ਏ. ਕਰ ਲਈਆਂ ਸਨ। ਪਿਤਾ ਸਿੱਖ ਸੀ, ਚੰਗਾ ਰਾਗੀ ਸੀ ਪ੍ਰੰਤੂ ਅਛੂਤ ਬੁਣਕਰ ਸੀ। ਤਿੜੇ ਰਹਿਣ ਨੂੰ ਰਹਿਤੀਏ ਸੀ ਜਿਵੇਂ ਰਾਮਗੜ੍ਹੀਏ, ਟਾਂਕ ਕਸ਼ੱਤਰੀ, ਪਰਜਾਪਤੀ, ਮਜ਼੍ਹਬੀ ਸਿੱਖ, ਰਵਿਦਾਸੀਏ, ਰਾਮਦਾਸੀਏ, ਰਾਜੇ ਸਿੱਖ, ਸਵਰਨਕਾਰ, ਬੌਰੀਏ ਰਾਜਪੂਤ, ਜੱਟ ਰਾਜਪੂਤ, ਧਨੁਸ਼ ਧਾਰੀ ਧਾਨਕੇ, ਵਾਲਮੀਕੀਏ, ਭਗਤ, ਜੱਟ ਘੁਮਿਆਰ, ਸੈਣੀ ਜੱਟ, ਰਾਅ ਕਸ਼ੱਤਰੀ, ਕੰਬੋਜ ਕਸ਼ੱਤਰੀ ਆਦਿ ਐਰਾ ਵਗੈਰਾ ਨੱਥੂ ਖੈਰਾ ਆਪਣੇ ਆਪ ਨੂੰ ਤਿੜ ਤਿੜ ਕੇ ਦੱਸਦੇ ਹਨ। ਹਨ ਇਹ ਸਭ ਸ਼ੂਦਰ, ਸੇਵਾਦਾਰ, ਅਛੂਤ, ਸਛੂਤ, ਨੀਚ, ਕੁਜਾਤ, ਜੱਟ ਬੂਟ, ਲਕੀ ਤੁਕੀ, ਲਾਂਗੜ ਭਾਂਗੜ, ਲਾਗੀ ਵਗਾਰੀ, ਕੰਮੀ ਕਮੀਣ, ਹਰੀਜਨ, ਗਿਰੀ ਜਨ ਤੇ ਪੰਚ ਜਨ।

ਪਹਿਲਾਂ ਤਾਂ ਬ੍ਰਾਹਮਣਾਂ ਖੱਤਰੀਆਂ ਨੇ ਇਹਨਾਂ ਦੀ ਠੁਕਾਈ ਕੀਤੀ। ਇਹਨਾਂ ਨੂੰ ਜਾਨਵਰ ਬਣਾਇਆ। ਗਵਾਰ ਤੇ ਢਾਂਡੇ ਕਿਹਾ। ਜੁੱਤੀਆਂ 'ਚ ਬਹਾਇਆ। ਤੀਵੀਆਂ ਤੇ ਕਬਜ਼ੇ ਕੀਤੇ। ਪੱਤਾ ਰੋਲੀਆਂ। ਫਿਰ ਜਦੋਂ ਇਹ ਸ਼ੂਦਰ ਲਾਣਾ, ਬੁੱਧ ਕ੍ਰਾਂਤੀ ਕਰਕੇ ਬਾਗੀ ਹੋ ਕੇ, ਨੰਦ ਵੰਸ਼ੀ, ਮੌਰੀਆ ਵੰਸ਼ੀ ਦੇਸ਼ ਦਾ ਮੁੜ ਮਾਲਕ ਬਣਿਆ ਤਾਂ ਬ੍ਰਾਹਮਣ ਨੇ ਪੁਸ਼ਯਮਿੱਤਰ, ਮੇਹਰਕੁਲ, ਸੁਸ਼ਾਕ, ਸ਼ੰਕਰਾਚਾਰੀਆ, ਪਰਸ਼ੂ ਰਾਮ ਆਦਿ ਦੀ ਸੱਤਾ ਵਿਚ ਕੱਦੂਕਸ਼ ਕੀਤਾ। ਅਛੂਤ, ਨੀਚ ਤੇ ਢੇਡ ਬਣਾਇਆ। ਜਦੋਂ ਇਸਲਾਮੀ ਦੌਰ ਵਿਚ ਇਹਨਾਂ ਨੇ ਫਿਰ ਸਿਰ ਚੁੱਕਿਆ ਤਾਂ ਇਹਨਾਂ ਨੂੰ ਮਲੇਛ ਤੇ ਗਾਂ ਖਾਣੇ ਕਹਿ ਕੇ ਲਾਂਭੇ ਕੀਤਾ। ਜਦੋਂ ਸੰਤ ਗੁਰੂ ਲਹਿਰ ਚੱਲੀ ਤਾਂ ਸੱਤਾਧਾਰੀ ਬ੍ਰਾਹਮਣ ਕਸ਼ੱਤਰੀ ਵਰਗ ਨੇ ਵਿਚਾਰ ਤੇ ਤਲਵਾਰ ਦਾ ਮੁਕਾਬਲਾ ਮੱਧ ਏਸ਼ੀਆ ਦੇ ਮੁਗਲਾਂ ਨੂੰ ਨਾਲ ਰਲਾ ਕੇ ਕੀਤਾ। 14ਵੀਂ, 15ਵੀਂ ਸਦੀ ਤੋਂ ਬਾਅਦ ਸਿੱਖ ਹੋਣ ਦਾ ਦੌਰ ਸ਼ੁਰੂ ਹੋਇਆ ਤਾਂ ਛੀਂਬਿਆਂ, ਜੁਲਾਹਿਆਂ, ਚਮਾਰਾਂ, ਚੂੜਿਆਂ, ਕਸਾਈਆਂ, ਨਾਈਆਂ, ਭਾਟੜਿਆਂ, ਲੁਬਾਣਿਆਂ, ਜੱਟਾਂ ਬੂਟਾਂ, ਪੰਜਾਬੀ ਖੱਤਰੀਆਂ, ਘੁਮਿਆਰਾਂ, ਸਿਕਲੀਗਰਾਂ, ਠੋਕੇ ਤਖਾਣਾਂ, ਲੁਹਾਰਾਂ, ਸੁਨਿਆਰਾਂ, ਕੰਬੋਆਂ, ਭੰਡਾਂ, ਮਰਾਸੀਆਂ, ਭੀਲਾਂ, ਸਾਸੀਆਂ, ਬੌਰੀਆਂ, ਧਾਨਕਿਆਂ, ਜੋਗੀਆਂ, ਸੈਣੀਆਂ, ਭਗਤਾਂ, ਸਭ ਨੇ ਸਭ ਦੇ ਪੰਜ ਤੱਤਵੀ ਇਕੋ ਨਿਰੰਕਾਰ ਕਰਤਾ ਕਰਤਾਰ, ਬ੍ਰਹਮ ਪ੍ਰਸਾਰ ਨੂੰ ਪ੍ਰਵਾਨ ਕਰਕੇ, ਦੁਸ਼ਮਣ ਦੀਆਂ ਨਾਸਾਂ ਭੰਨਣ ਤੇ ਚਿੜੀਆ ਘੁੱਗੀਆਂ, ਗੁਟਾਰਾਂ ਦਾ ਰਾਜ, ਬਾਜਾਂ, ਬਾਘਾਂ, ਬਘਿਆੜਾਂ ਦੀਆਂ ਗਰਦਨਾਂ ਪੁੱਟਣ ਦੀ ਤਿਆਰੀ ਕੀਤੀ। 1699 ਨੂੰ ਗੁਰੂ ਜੀ ਨੇ ਸੰਤ ਗੁਰੂ ਵਿਚਾਰ ਨੂੰ ਭਾਈਚਾਰੇ ਵਿਚ ਬਦਲ ਕੇ ਬ੍ਰਾਹਮਣ ਦੀ ਵਿਵਸਥਾ ਉਪਰ 2000 ਸਾਲ ਬਾਅਦ ਦੂਜਾ ਵੱਡਾ ਹਮਲਾ ਕੀਤਾ। ਬੇ-ਪਛਾਣਾਂ ਨੂੰ ਵਿਚਾਰ ਦਿੱਤਾ, ਪਿਆਰ ਦਿੱਤਾ, ਪਛਾਣ ਦਿੱਤੀ, ਕਿਰਪਾਨ ਦਿੱਤੀ ਤੇ ਜਿੱਤਣ ਦੇ ਜੈਕਾਰੇ ਦਿੱਤੇ।

ਬ੍ਰਾਹਮਣਾਂ ਦੁਆਰਾ ਹਜ਼ਾਰਾਂ ਸਾਲ ਦਾ ਬਣਾਇਆ ਜਾਨਵਰ ਬੰਦਾ, ਜਿੱਤ ਦੇ ਫਤਿਹ ਦੇ ਜੈਕਾਰੇ ਛੱਡਦਾ, ਸੱਤ ਧਰਮ ਅਤੇ ਮਜਲੂਮ ਦੀ ਰਾਖੀ ਕਰਦਾ, ਰਾਜਿਆਂ ਤੋਂ ਉੱਭਰ ਕੇ, ਘੋੜਿਆਂ ਦੀਆਂ ਪਿੱਠਾਂ 'ਤੇ ਆ ਬੈਠਾ। ਮੈਂ ਸੰਸਾਰ ਕ੍ਰਾਂਤੀਆਂ ਪੜ੍ਹੀਆਂ ਹਨ, ਜਾਣੀਆਂ ਹਨ, ਸਮਝੀਆਂ ਹਨ। ਮੁਰਦਿਆਂ ਦਾ ਪੂਰੇ 400 ਸਾਲ ਬਾਅਦ ਸਿੱਖਦਿਆਂ ਸਿੱਖਦਿਆਂ ਘੋੜਿਆਂ ਦੀ ਪਿੱਠ ਤੇ ''ਸੰਤ ਤੇ ਸਿਪਾਹੀ'' ਬਣ ਕੇ ਬੈਠਣਾ ਸੰਸਾਰ ਵਿਚ ਕਦੇ ਨਹੀਂ ਹੋਇਆ। ਕਰੋੜਾਂ ਲੋਕ ਸਿਪਾਹੀ ਜਰਨੈਲ ਤੇ ਸੂਰਮੇ ਬਣੇ ਹਨ ਪ੍ਰੰਤੂ ਸੰਤ ਨਹੀਂ ਬਣੇ ਕਦੀ। ਸੰਸਾਰ ਦਾ ਇਕ ਅਨੋਖਾ ਇਤਿਹਾਸ ਹੈ, ਜਿਸਨੂੰ ਸੂਰਤਾਂ ਪਾਲਣ ਵਾਲੇ ਜਾਤੀਵਾਦੀਆਂ ਨੇ ਮਿੱਟੀ ਵਿਚ ਮਿਲਾ ਦਿੱਤਾ। ਅੱਜ ਇਹਨਾਂ ਪਾਸ ਕੱਖ ਨਹੀਂ। ਜੇ ਗੁਰੂ ਗ੍ਰੰਥ ਹੈ ਵੀ ਤਾਂ ਉਸਦੇ ਅਰਥਾਂ ਦਾ ਅਨਰਥ ਛੱਡਿਆ ਹੈ ਇਹਨਾਂ ਨੇ। ਇਹ ਪਾਠ ਪੂਜਾ ਵਾਲੇ ਮੰਗਤਿਆਂ ਤੋਂ ਵੱਧ ਕੁਝ ਨਹੀਂ ਹਨ। ਜਿੰਨੇ ਕੁ ਸੰਤ ਤੇ ਸਿਪਾਹੀ ਹਨ ਵੀ, ਉਹਨਾਂ ਦੀ ਇਹ ਪੱਗ ਰੋਲ ਧਰਦੇ ਐ।

ਜਿਉਂ ਹੀ ਦੂਜੀ ਕ੍ਰਾਂਤੀ ਨੇ ਜਨਮ ਲਿਆ ਤੇ ਮਨੁੱਖ ਨੇ ਜਾਤ ਨੂੰ ਠੁੱਡੇ ਮਾਰ ਕੇ ਬਾਹਰ ਕੀਤਾ, ਸੰਗਤ ਪੰਗਤ ਤੇ ਰੰਗਤ ਇਕ ਕੀਤੀ ਤਾਂ ਬ੍ਰਾਹਮਣਾਂ ਦੀ ਅਗਵਾਈ ਹੇਠ ਪਹਾੜੀ ਠਾਕੁਰ ਰਾਜਦੂਤ ਤੇ ਰਾਣੇ ਹਿੰਦੂਆਂ ਨੇ, ਜਿਹਨਾਂ ਦੀਆਂ ਧੀਆਂ ਕਦੀ ਅਕਬਰ ਦੇ ਦਰਬਾਰ ਵਿਚ ਹੁੰਦੀਆਂ ਨੇ, ਗੁਰੂ ਜੀ ਉੱਤੇ 15 ਹਮਲੇ ਕੀਤੇ। ਮੁਗਲਾਂ ਨੂੰ ਵੀ ਨਾਲ ਲਿਆ। ਕੋਈ ਮੰਨੇ ਜਾਂ ਨਾ ਮੰਨੇ ਮੈਂ ਸਾਬਤ ਕਰ ਸਕਦਾ ਹਾਂ ਕਿ ਸਭ ਤੋਂ ਖਤਰਨਾਕ ਹਮਲਾ ਗੁਰੂ ਜੀ ਤੇ ਮਹਾਂਸਿੰਘੀਆਂ ਦਾ ਸੀ ਜੋ ਗੁਰੂ ਜੀ ਨੂੰ ਤੇ ਮੁੱਠੀ ਭਰ ਜੋਧਿਆਂ ਨੂੰ ਛੱਡ ਕੇ ਤੁਰਦੇ ਬਣੇ ਤੇ ਮੁਕਤਸਰ ਦੀ ਧਰਤੀ ਤੱਕ ਜੋ ਹੋਇਆ, ਉਸਨੇ ਪੂਰਾ ਇਨਕਲਾਬ ਖਾ ਲਿਆ। ਫਿਰ ਵੀ ਗੁਰੂ ਜੀ ਅਛੂਤ ਸਿੰਘਾਂ ਤੇ ਮੁਸਲਮਾਨਾਂ ਦੀ ਪਰਛਾਈ ਹੇਠ ਬਚ ਨਿਕਲੇ ਤੇ ਕ੍ਰਾਂਤੀ ਨੂੰ ਮੁੜ ਜਾਨ ਪਾਈ।

ਮੈਂ ਸਹੀ ਕਹਿੰਦਾ ਹਾਂ ਕਿ 1708 ਤੋਂ ਬਾਅਦ 1807-08 ਤੱਕ ਜਦੋਂ ਸਾਂਸੀ ਮਹਾਰਾਜਾ ਰਣਜੀਤ ਸਿੰਘ, ਸਿੱਖ ਰਾਜ ਦਾ ਰਾਜਾ ਨਹੀਂ ਸੀ ਬਣਿਆ ਤਾਂ 100 ਸਾਲ ਵਿਚ ਇਹਨਾਂ ਲਤਾੜੇ ਪਛਾੜੇ ਪਰ ਸਿੰਘ ਬਣੇ ਯੋਧਿਆਂ ਨੇ ਸੰਸਾਰ ਹਿਲਾ ਕੇ ਰੱਖ ਦਿੱਤਾ। ਲੱਖਾਂ ਸਿਰ ਉੱਠਦੇ ਰਹੇ। ਸ਼ਹੀਦਗੰਜ ਦਾ ਅਰਥ ਹੈ ਜਿੱਥੇ ਹਜ਼ਾਰਾਂ ਸਿੰਘਾਂ ਦੇ ਗੰਜ ਕੱਟੇ ਜਾਂਦੇ ਸਨ। ਪਰ ਉਹ 3000 ਸਾਲ ਦੇ ਦੁਖਿਆਰੇ ਜਿਉਂ ਹੀ ਧਰਮ ਦੀ ਕਸਮ ਖਾ ਕੇ ਘੋੜਿਆਂ ਤੇ ਬੈਠੇ ਉਹਨਾਂ ਨੂੰ ਹਰਾਉਣ ਵਾਲਾ ਨਹੀਂ ਸੀ ਬਚਿਆ ਕੋਈ। ਮੈਂ ਆਪਣੇ ਬਾਪ ਦਾਦਿਆਂ ਦਾ ਮਹਾਨ ਇਤਿਹਾਸ ਲਿਖ ਰਿਹਾ ਹਾਂ, ਜਿਹਨਾਂ ਦਾ ਖੂਨ ਮੇਰੀਆਂ ਰਗਾਂ 'ਚ ਅੱਜ ਵੀ ਦੌੜਦਾ ਹੈ। ਭਾਵੇਂ ਹੁਣ ਵੀ ਇਸ ਦੇਸ਼ ਦੇ ਬ੍ਰਾਹਮਣਾਂ ਦੇ ਪੜ੍ਹਾਏ ਮੂਰਖ ਤੇ ਮਹਾਂਮੂਰਖ ਅੱਜ ਵੀ ਮੈਨੂੰ ਅਛੂਤ ਜੁਲਾਹਾ ਹੀ ਕਹਿੰਦੇ ਹਨ। ਅਸੀਂ ਜੋ ਵੀ ਬਣੇ, ਖੜ੍ਹੇ ਲੜੇ ਮਰੇ ਮਿਟੇ ਪ੍ਰੰਤੂ ਗੁਰੂ ਨਾਲ, ਉਸਦੇ ਘਰ ਨਾਲ ਕੋਈ ਵੀ ਗੱਦਾਰੀ ਦਾ ਇਤਿਹਾਸ ਨਹੀਂ ਸਾਡਾ। ਸੰਸਾਰ ਦੇ ਇਤਿਹਾਸ ਵਿਚ ਇਹ ਵੀ ਕੇਵਲ ਸਾਡੇ ਮਹਾਨ ਪੁਰਖਿਆਂ ਦਾ ਇਤਿਹਾਸ ਹੈ ਕਿ ਉਹਨਾਂ ਨੂੰ ਗੁਰੂ ਨੂੰ, ਧਰਮ ਨੂੰ, ਦਇਆ ਨੂੰ, ਸਮਰਪਣ ਨੂੰ, ਨਿਸ਼ਠਾ ਨੂੰ ਪਿੱਠ ਦਿਖਾ ਕੇ ਨਾ ਤਾਂ ਇਤਿਹਾਸ ਨੂੰ ਧੱਬਾ ਲਾਇਆ ਨਾ ਸਾਡੇ ਮੂੰਹਾਂ ਤੇ ਕਾਲਖ ਮਲੀ। ਸੰਸਾਰ ਦੇ ਇਤਿਹਾਸ ਦਾ ਤੀਜਾ ਮਹਾਨ ਕਾਂਡ ਇਹ ਹੈ ਕਿ 100 ਸਾਲ ਦੇ ਨਿਰੰਤਰ ਯੁੱਧਾਂ ਵਿਚ, ਕਿਸੇ ਦੁਸ਼ਮਣ, ਰਾਜੇ, ਬਗਾਨੇ, ਮਜਲੂਮ, ਬੇਸਹਾਰੇ ਦੀ ਕਿਸੇ ਔਰਤ ਦਾ, ਮਾਂ ਦਾ, ਭੈਣ ਦਾ, ਬੱਚੀ ਦਾ, ਬਹੂ ਦਾ, ਸਾਡੇ ਪੁਰਖਿਆਂ ਨ ਕਦੀ ਕੋਈ ਅਪਮਾਨ ਕਰਨਾ ਤਾਂ ਕੀ ਸੋਚਿਆ ਤੱਕ ਨਹੀਂ। ਸੰਸਾਰ 'ਤੇ ਇੰਝ ਕਦੀ ਨਹੀਂ ਹੋਇਆ ਕਿ ਦੁਸ਼ਮਣ ਦੀਆਂ ਰਾਣੀਆਂ, ਭੈਣਾਂ ਧੀਆਂ ਵੀ ਹੱਥ ਲੱਗ ਜਾਣ ਤਾਂ ਉਹਨਾਂ ਦੇ ਵਿਰੁੱਧ ਲੜ ਰਹੇ ਮਨੁੱਖ, ਉਹਨਾਂ ਨੂੰ ਬਾਇੱਜ਼ਤ ਉਹਨਾਂ ਦੇ ਬੂਹੇ ਤੱਕ ਛੱਡ ਕੇ ਆਉਣ।

ਮੈਂ ਪੁਰਖਿਆਂ ਨੂੰ ਯਾਦ ਕਰਦਾ ਹਾਂ ਤਾਂ ਮਨ ਭਰ ਆਉਂਦਾ ਹੈ ਕਿ ਮੈਂ ਉਹਨਾਂ ਦੀ ਸੰਤਾਨ ਹੋ ਕੇ ਵੀ ਉਹਨਾਂ ਵਰਗਾ ਨਹੀਂ ਬਣ ਸਕਿਆ। ਭਾਵੇਂ 45 ਸਾਲ ਤੇ ਦੇਸ਼ ਦੇ ਦੱਬੇ ਕੁਚਲੇ ਸਮਾਜ ਨੂੰ ਬ੍ਰਾਹਮਣਵਾਦੀ ਜਾਤੀਵਾਦ ਦੇ ਹੰਕਾਰ ਅਤੇ ਬੁਰੀ ਮਾਰ ਤੋਂ ਬਚਾਉਣ ਦਾ ਸੰਘਰਸ਼ ਲਲਕਾਰ ਕੇ ਲੜ ਰਿਹਾ ਹਾਂ। ਦਹਾਕਿਆਂ ਅੰਦਰ ਮੈਨੂੰ ਤਿੰਨ ਚਾਰ ਫੋਨ ਅਜਿਹੇ ਵੀ ਆਏ ਕਿ ਮੈਂ ਸੰਭਲ ਕੇ ਤੁਰਾਂ। ਦੁਸ਼ਮਣ ਬਹੁਤ ਖਤਰਨਾਕ ਹੈ। ਮੈਂ ਬੱਸ ਇੰਨਾ ਹੀ ਕਿਹਾ ਕਿ ਸੰਸਾਰ ਭਰ ਕੇ ਇਸ ਭਿਆਨਕ ਦੁਸ਼ਮਣ ਨੂੰ ਮੇਰੇ ਤੋਂ ਵੱਧ ਕੌਣ ਜਾਣ ਸਕਦਾ ਹੈ?

ਦੋ ਫੋਨ ਖਾੜਕੂਆਂ ਦੇ ਸੀ। ਸਹੀ ਹੀ ਉਹ ਭਿੰਡਰਾਂਵਾਲੇ ਦੀ ਲਹਿਰ ਦੇ ਬੰਦੇ ਸਨ, ਜਿਹਨਾਂ ਕਈ ਵਾਰ ਫੋਨ ਕੀਤੇ ਕਿ ਆਪਣੇ ਆਪ ਨੂੰ ਸੰਭਾਲ ਕੇ ਰੱਖ। ਤੇਰੇ ਵਰਗੇ ਬੜੇ ਵੇਖੇ ਐ, ਵਗੈਰਾ। ਮੈਂ ਇੰਨਾ ਹੀ ਕਹਿ ਛੱਡਦਾ ਸਾਂ ਕਿ ਤੇਰੀਆਂ ਚੰਗੀਆਂ ਆਪਣੇ ਕੋਲ ਰੱਖ ਭਰਾਵਾ। ਤੇਰੇ ਪਾਸ ਬਹੁਤ ਕੁਝ ਹੋਰ ਵੀ ਹੋਵੇਗਾ ਕਰਨ ਨੂੰ। ਹਾਂ ਜੇ ਮੈਂ ਐਨਾ ਹੀ ਬੁਰਾ ਹਾਂ ਤਾਂ ਰੋਕਿਆ ਕਿਸਨੇ ਹੈ। ਇੱਥੇ ਕੌਣ ਰਿਹੈ? ਕਿਸਨੇ ਰਹਿਣੈ? ਮੈਂ ਨਾ ਵੀ ਹੋਊਂ ਤਾਂ ਸੰਸਾਰ ਨੂੰ ਕੀ ਫਰਕ ਪੈਂਦਾ ਹੈ। ਇਕ ਦਿਨ ਬੱਸ ਇਹ ਕਹਿ ਕੇ ਮੁਕਾ ਦਿੱਤੀ ਕਿ ਮੇਰਾ ਸਿਰ ਤੇਰੇ ਖਾਣ ਦੀ ਚੀਜ਼ ਨਹੀਂ ਮਿੱਤਰਾ! ਇਸ ਕੋਲ ਉਨੀ ਉਮਰ ਨਹੀਂ ਜਿੰਨਾ ਕੰਮ ਪਿਐ ਕਰਨ ਵਾਲਾ।'

ਬੱਸ ਹੋਰ ਹਜ਼ਾਰਾਂ ਫੋਨ ਆਉਂਦੇ ਹਨ। ਬਹੁਤ ਪਿਆਰ ਕਰਦੇ ਹਨ। ਕਦੀ ਕਦੀ ਹੀ ਕੋਈ ਕੜਾਹ ਖੀਰ 'ਚ ਰੇਤ ਭੁੱਕ ਦਿੰਦੈ ਪ੍ਰੰਤੂ ਲੱਖਾਂ ਲੋਕਾਂ ਦੇ ਪਿਆਰ ਮੂਹਰੇ ਜ਼ਹਿਰ ਵੀ ਨਕਾਰਾ ਹੋ ਜਾਂਦੀ ਹੈ।

ਮੈਂ ਅਜੇ ਬਹੁਤ ਛੋਟਾ ਸੀ ਅਣਭੋਲ ਬਾਲ। ਭਾਵੇਂ ਬਾਪੂ ਰਾਗੀ ਸੀ, ਜਿਸਨੇ 60 ਸਾਲ ਕੀਰਤਨ ਕੀਤਾ। ਤਦ ਵੀ ਪਿੰਡ ਦੇ ਸਿੰਘ ਸੂਰਮੇ ਸਾਨੂੰ ਚੂੜ੍ਹੇ ਚੱਪੜੇ ਕਹਿ ਕੇ ਲੰਗਰ ਦੇ ਨੇੜੇ ਨਹੀਂ ਸੀ ਹੋਣ ਦਿੰਦੇ। ਲੋਪੋ ਵਾਲੇ ਸਾਧ ਦੇ ਡੇਰੇ 'ਚ ਤਾਂ ਸਾਡਾ ਟੋਕਰਾ ਵੀ ਅੱਡ ਹੁੰਦਾ ਸੀ। ਨੰਗਲ ਦੇ ਸਿੰਘ ਨੇ ਦਮਦਮੇ ਮੈਨੂੰ ਲੰਗਰ 'ਚੋਂ ਬਾਹਰ ਧੱਕ ਦਿੱਤਾ ਸੀ। ਚੂੜਿਆਂ ਚਮਾਰਾਂ ਦੀ ਦੁਰਗਤੀ ਯਾਦ ਆਉਂਦੀ ਹੈ ਤਾਂ ਸੀਨਾ ਪਾਟਦੈ। ਹਰ ਕੋਈ ਸੜਿਆ ਗਲਿਆ ਵੀ ਪਹਿਲਾਂ ਜਾਤ ਪੁੱਛਦਾ ਸੀ। ਇਸੇ ਮਹੀਨੇ ਬਾਹਰੋਂ ਜੱਟ ਬੰਦਿਆਂ ਦੀ ਕਲਿੱਪ ਆਈ ਐ ਬਈ ਅਸੀਂ ਚੂੜਿਆਂ ਨੂੰ ਨੀ ਵੜਨ ਦੇਣਾ ਗੁਰੂ ਘਰ 'ਚ। ਲੋਪੋ ਬੱਧਣੀ ਤੇ ਰੂਮੀ ਅਜੇ ਵੀ ਸਾਡੀਆਂ ਕਤਾਰਾਂ ਵੱਖਰੀਆਂ ਹਨ।

ਮੈਂ ਸਿੱਖ ਧਰਮ ਉਤੇ 35 ਸਾਲ ਲਿਖਿਆ ਹੈ। ਗੁਰੂ ਗ੍ਰੰਥ ਦਾ ਪੰਨਾ ਪੰਨਾ ਨੋਟ ਹੈ ਮੇਰੇ ਪਾਸ। ਪਰ ਮੇਰਾ ਪੜਦਾਦਾ ਵੀ ਅਛੂਤ ਸੀ। ਬਾਪੂ ਵੀ, ਮੈਂ ਵੀ ਤੇ ਮੇਰੇ ਬੱਚੇ ਵੀ। ਧਰਮ ਨੂੰ ਮਨੁੱਖ ਆਪਣੇ ਲਈ ਬਣਾਉਂਦੇ ਹਨ। ਧਰਮ ਮਨੁੱਖ ਵਾਸਤੇ ਹੁੰਦੇ ਹਨ। ਧਰਮ ਸਮਾਜ ਦਾ ਵਿਧਾਨ ਹੁੰਦਾ ਹੈ। ਸੰਸਾਰ ਦੇ ਮਹਾਨ ਦਾਰਸ਼ਨਿਕ, ਸਮਾਜ ਵਿਗਿਆਨੀ, ਕਾਨੂੰਨ ਗਿਆਨੀ ਡਾ. ਅੰਬੇਦਕਰ ਦਾ ਕਹਿਣਾ ਹੈ ਕਿ ਵਿਧਾਨ ਕਿੰਨਾ ਵੀ ਚੰਗਾ ਹੋਵੇ, ਚਲਾਉਣ ਵਾਲੇ ਮਾੜੇ ਹਣ ਤਾਂ ਸਭ ਬੇਅਰਥ ਹੁੰਦਾ ਹੈ। ਸਿੱਖ ਧਰਮ ਨਲ ਇਹੋ ਹੋਇਆ। ਅਸੀਂ ਜੋ ਹਜ਼ਾਰਾਂ ਸਾਲ ਦੇ ਨੀਚ ਸੀ, ਉਹਨਾਂ ਨੂੰ ਦਬਾਅ ਦਿੱਤਾ ਗਿਆ। ਜਬਰਨ ਪੈਰਾਂ ਥੱਲੇ ਰੱਖਿਆ ਗਿਆ। ਸਾਡੀ ਸੂਰਤ ਤਾਂ ਬਦਲੀ ਪ੍ਰੰਤੂ ਅਸਮਾਨਤਾ ਨਹੀਂ ਬਦਲੀ। ਇਹ ਹਿੰਦੂ ਧਰਮ ਹੈ ਜਾਂ ਕੋਈ ਹੋਰ, ਜੋ ਸਾਨੂੰ ਬਰਬਾਦ ਨਹੀਂ ਹੋਣ ਦਿੰਦਾ। ਉਹ ਸਾਡੇ ਕਿਸ ਕੰਮ? ਧਰਮ ਉਸੇ ਦਾ ਹੁੰਦਾ ਹੈ, ਜਿਸ ਦਾ ਕਬਜਾ ਹੋਵੇ।ਮੈਂ ਐਨਾਲੀਆ ਕਹਿੰਦੇ ਹਾਂ ਕਿ ਮੈਂ ਨਾ ਹੀ ਹਿੰਦੂ ਸੀ, ਨਾ ਹਿੰਦੂ ਹਾਂ। ਨਾ ਹਿੰਦੂ ਹੋਣਾ ਮੇਰੀ ਜ਼ਰੂਰਤ ਹੈ। ਮਿੱਤਰੋ! ਸਾਰਾ ਜਹਾਨ ਵੇਖ ਕੇ, ਥੋਡਾ ਵਰਤਾਰਾ ਵੇਖ ਕੇ, ਕਿਰਦਾਰ ਵੇਖ ਕੇ, ਇਤਿਹਾਸਕ ਪ੍ਰਸੰਗ ਯਾਦ ਕਰਕੇ ਤੇ ਦਮਗੱਜੇ ਸੁਣ ਕੇ ਦਿਲ ਬਹੁਤ ਉਦਾਸ ਹੈ।

ਚੰਡੀਗੜ੍ਹ ਬੁੱਧੀਮਾਨ ਸਿੰਘ ਜੁੜੇ, ਮੈਂ ਸਾਂ, ਵੀ ਟੀ ਰਾਜ ਸ਼ੇਖਰ ਤੇ ਡਾਕਟਰ ਭੈਣ ਸੀ। ਗੁਰਤੇਜ ਸਿੰਘ ਆਈ ਏ ਐਸ ਤੇ ਕੁਲਦੀਪ ਸਿੰਘ ਬਰਾੜ ਆਈ ਏ ਐਸ ਸੀ। ਮੇਰਾ ਪਿਆਰਾ ਪ੍ਰੋਫੈਸਰ ਹਰਕਿਸ਼ਨ ਸਿੰਘ ਮਹਿਤਾ ਸੀ। ਬਹਿਸ ਚੱਲੀ, ਧਰਮ ਤੇ ਸਮਾਜ ਤੇ ਚਰਚਾ ਹੋਈ। ਮੈਨੂੰ ਸਮਾਂ ਦਿੱਤਾ। ਮੈਂ ਨਿਮਰਤਾ ਨਾਲ ਕਿਹਾ ਕਿ ਧਰਮੀ ਮਿੱਤਰੋ ਤੁਸੀਂ ਤਾਂ ਸ਼ਮਸ਼ਾਨ ਵੀ ਕੱਠੇ ਨੀ ਕਰ ਸਕੇ, ਧਰਮ ਦਾ ਕੀ ਕਰੋਗੇ?'' ਫਿਰ ਉਠ ਖੜ੍ਹੇ ਸਿੰਘ ਸੂਰਮੇ ਤੇ ਮੈਂ ਉਹਨਾਂ ਵਿਚਕਾਰ ਪੂਰੀ ਤਰ੍ਹਾਂ ਗੁਆਚ ਗਿਆ। ਪ੍ਰੰਤੂ ਸ: ਗੁਰਦੇਵ ਸਿੰਘ ਬਰਾੜ ਆਈ ਏ ਐਸ ਨੇ ਲਲਕਾਰ ਕੇ ਕਿਹਾ ਕਿ ਗੁਰਨਾਮ ਸਿੰਘ ਸੌ ਫੀਸਦੀ ਸਹੀ ਹੈ। ਭੋਰਾ ਝੂਠ ਨਹੀਂ ਉਸਦਾ, ਪਰ ਮੈਂ ਜਾਣਦਾ ਹਾਂ "ਹਮ ਉਸ ਦੇਸ਼ ਕੇ ਵਾਸੀ ਹੈਂ ਜਿਸ ਦੇਸ਼ ਮੇਂ ਗੰਗਾ ਬਹਿਤੀ ਹੈ' ਦਾ ਅਰਥ ਕੀ ਹੈ। ਅਜੇ ਤਾਂ ਕੱਲ੍ਹ ਦੀਆਂ ਗੱਲਾਂ ਹਨ ਕਿ ਗਰੀਬ ਕੁੜੀ ਦੇ ਜਗਦੇ ਸਿਵੇ ਚੁਕਵਾ ਕੇ ਸਾਹ ਲਿਆ ਸੀ, ਗੁਰੂ ਦਿਆਂ ਬੰਦਿਆਂ ਨੇ।

ਪਰ ਗੱਲ: ਮੈਂ ਸੰਤ ਸਤਿਗੁਰੂ ਨਾਮਦੇਵ ਕਬੀਰ ਰਵਿਦਾਸ ਤੇ ਸੈਣ ਦੇ ਚਰਨਾਂ ਦੀ ਧੂੜ ਹਾਂ।

**ਦੂਜੀ ਗੱਲ:** ਮੈਂ ਗੁਰੂ ਨਾਨਕ, ਗੁਰੂ ਅਰਜਨ ਤੇ ਗੁਰੂ ਗੋਬਿੰਦ ਸਿੰਘ ਵਰਗੇ ਯੋਧੇ ਸੰਸਾਰ ਤੇ ਨਹੀਂ ਵੇਖੇ। ਬੁੱਧ ਕ੍ਰਾਂਤੀ ਦੀ ਪੂਰਨ ਤਬਾਹੀ ਤੋਂ ਬਾਅਦ ਭਾਰਤ ਅੰਦਰ ਸ਼ੂਦਰਾਂ ਦੀ ਆਜ਼ਾਦੀ ਤੇ ਬਰਾਬਰੀ ਲਈ ਮਹਾਨ ਵਿਚਾਰਧਾਰਕ ਗ੍ਰੰਥ ਗੁਰੂ ਅਰਜਨ ਦੇਵ ਜੀ ਦੁਆਰਾ 200 ਸਾਲ ਬਾਅਦ ਸਿਰਜਿਆ ਗਿਆ।

**ਤੀਜੀ ਗੱਲ:** ਮੈਂ ਅੱਜ ਜੋ ਵੀ ਹਾਂ ਆਪਣੇ ਜਨਮਦਾਤਾ ਮਾਤਾ-ਪਿਤਾ ਕਰਕੇ, ਆਪਣੇ ਸਾਰੇ ਅਧਿਆਪਕਾਂ ਕਰਕੇ ਅਤੇ ਬਾਬਾ ਸਾਹਿਬ ਡਾ. ਅੰਬੇਦਕਰ ਦੇ ਮਹਾਨ ਸੰਘਰਸ਼ ਕਰਕੇ ਹਾਂ।

**ਚੌਥੀ ਗੱਲ:** ਸਿੱਖ ਧਰਮ ਪਾਠ ਪੂਜਾ ਦਾ ਧਰਮ ਨਹੀਂ। ਮੁਕਤੀ, ਆਜ਼ਾਦੀ ਤੇ ਬਰਾਬਰੀ ਦਾ ਧਰਮ ਹੈ, ਪ੍ਰੰਤੂ ਬਹੁਗਿਣਤੀ ਸਿੱਖਾਂ ਦੇ ਜਾਤ ਪਾਤੀ ਵਤੀਰੇ ਕਾਰਨ ਮੈਂ ਹਮੇਸ਼ਾ ਲਿਖਦਾ ਹਾਂ ਕਿ ਸਿੱਖ ਹੋਣ ਦਾ ਮੈਨੂੰ ਕੋਈ ਮਾਣ ਨਹੀਂ ਹੈ, ਮੈਂ ਆਦਮੀ ਹੀ ਬਹੁਤ ਹਾਂ।

# 15 ਅਗਸਤ ਤੇ ਆਜ਼ਾਦੀ?

ਉਹ ਪੜ੍ਹੇ ਅਨਪੜ੍ਹ ਮਰਦ ਔਰਤਾਂ, ਜਵਾਨ ਤੇ ਬੱਚੇ ਜੋ 15 ਅਗਸਤ ਨੂੰ ਦਰਜਨਾਂ ਪਿੰਡਾਂ ਤੋਂ ਸ਼ਹਿਰਾਂ ਤੋਂ ਆਏ ਮੇਰੇ ਸਾਹਮਣੇ ਬੈਠੇ ਸਨ। ਮੈਂ ਪੁੱਛਦਾ ਸਾਂ ਆਜਾਦੀ ਕੀ ਹੁੰਦੀ ਹੈ? ਗੁਲਾਮੀ ਕੀ ਹੁੰਦੀ ਹੈ। ਕਦੀ ਕੱਲੇ ਕੱਲੇ ਨੂੰ ਵੀ ਪੁੱਛਦਾ। ਪਰ ਸਭ ਖਾਮੋਸ਼ ਹੁੰਦੇ ਜਿਹਨਾਂ ਵਿਚ ਅੱਧੇ ਸਰਕਾਰੀ ਨੌਕਰ ਸਨ ਜਾਂ ਨੌਕਰੀਆਂ ਕਰਕੇ ਵਿਹਲੇ ਹੋ ਗਏ ਸਨ ਤੇ ਜਿਹਨਾਂ ਦੀ ਹਰ ਸ਼ਾਮ ਦਾ ਰੰਗ ਅਧੀਆ ਪਊਆ ਨਾਲ ਸਰਘੀ ਦੇ ਸੂਰਜ ਵਰਗੀ ਹੁੰਦੀ ਹੈ। ਮੈਂ ਪੁੱਛਦਾ ਕਿ ਕੀ ਅਸੀਂ ਆਜ਼ਾਦ ਹਾਂ? ਕੀ ਤੁਸੀਂ ਸਭ ਆਜਾਦ ਹੋ? ਕੀ ਪਿੰਡ ਦਾ ਭਾਰਤ ਆਜਾਦ ਹੈ? ਤੇ ਫਿਰ ਕਹਿੰਦਾ ਜੇ ਸਾਰਾ ਭਾਰਤ ਆਜਾਦ ਹੈ ਤਾਂ ਲੱਖਾਂ ਜਸ਼ਨਾਂ ਵਿਚ ਕੇਵਲ, ਨੇਤਾ, ਅਫਸਰ, ਪੁਲਸੀਏ, ਬਾਬੂ, ਅਧਿਆਪਕ, ਬੱਚੇ ਤੇ ਜਵਾਨ ਹੀ ਕਿਉਂ ਹਨ? ਬਾਕੀ 120 ਕਰੋੜ ਕਿੱਥੇ ਹਨ? ਜੇ ਆਜਾਦੀ ਨਹੀਂ ਆਈ ਤਾਂ ਤੁਹਾਡੇ ਪਾਸ ਇਸਦਾ ਜਵਾਬ ਕਿਉਂ ਨਹੀਂ? ਕਦੀ ਮੈਂ ਆਖਦਾ ਆਜਾਦੀ ਤਾਂ ਆਈ ਹੈ। ਮੈਂ ਤੁਹਾਡੇ ਵਾਂਗ ਹੀ ਇਕ ਦਿਨ ਸਕੂਲ ਗਿਆ। ਮੈਨੂੰ ਹਜ਼ਾਰਾਂ ਸਾਲ ਦੂਰ ਰਹੇ ਬ੍ਰਾਹਮਣ ਨੇ ਬਾਣੀਏ ਨੇ, ਖੱਤਰੀ ਨੇ ਪੜ੍ਹਾਇਆ। ਮੈਂ ਕਾਲਜ ਗਿਆ ਯੂਨੀਵਰਸਿਟੀ ਗਿਆ। ਮੈਂ ਨੌਕਰੀ ਪਾਈ। ਮੇਰੀ ਨੌਕਰੀ ਲੱਗੀ। ਅਸੀਂ ਢੇਰ ਕਮਾਇਆ। ਵੱਡਾ ਖੁੱਲ੍ਹਾ ਘਰ ਪਾਇਆ। ਮੋਟਰ ਸਾਈਕਲ, ਸਕੂਟਰ, ਫਰਿਜ, ਟੀ. ਵੀ., ਕਾਰ, ਠੰਡੇ ਗਰਮ ਬਿਸਤਰੇ, ਬੈਡ ਵਿਛਾਉਣੇ ਸਭ ਕੁਝ ਲਿਆ-ਮਾਣਿਆ। ਰੱਜ ਕੇ ਖਾਧਾ, ਰੱਜ ਕੇ ਹੱਗਿਆ। ਮੈਂ ਰੇਲਾਂ ਤੇ ਚੜ੍ਹਿਆ, ਜਹਾਜ਼ਾਂ ਤੇ ਚੜ੍ਹਿਆ, ਜਹਾਨ ਵੇਖਿਆ। 50 ਸਾਲ ਦੇ ਬਚਪਨ ਤੋਂ ਲਿਖ ਰਿਹਾ ਹਾਂ। 40 ਸਾਲ ਤੋਂ ਬੋਲ ਰਿਹਾ ਹਾਂ। ਮੇਰੀ ਜੀਭ ਨਹੀਂ ਕੱਟੀ ਗਈ। ਮੇਰੀਆਂ ਅੱਖਾਂ ਨਹੀਂ ਕੱਢੀਆਂ ਗਈਆਂ। ਮੇਰੇ ਕੰਨਾਂ 'ਚ ਸਿੱਕਾ ਨਹੀਂ ਪਾਇਆ। ਮੇਰੇ ਨਾਲ ਭਾਵੇਂ ਮੂਰਖਾਂ ਦੇ ਘਰ ਭਿੱਟੇ ਗਏ। ਗੁਰਦੁਆਰਿਆਂ ਦੇ ਲੰਗਰ ਭਿੱਟੇ ਗਏ। ਮੰਦਰ ਭਿੱਟੇ ਗਏ। ਪਰ ਮੈਂ ਫਿਰ ਵੀ ਖੂਬ ਮੌਜਾਂ ਮਾਣੀਆਂ। ਕਰੋੜਾਂ ਨਾਲੋਂ ਚੰਗਾ ਜੀਵਨ ਜੀਵਿਆ। ਆਜਾਦੀ ਹੋਰ ਕੀ ਹੁੰਦੀ ਹੈ। ਥੋੜੇ 'ਚੋਂ ਹਨ ਜੋ ਮੇਰੇ ਤੋਂ ਵੀ ਵਧੀਆ ਪੜ੍ਹਜੀਵੇ ਪ੍ਰੰਤੂ ਅਸੀਂ ਜੋ ਹਜ਼ਾਰਾਂ ਸਾਲ ਪਹਿਲਾਂ ਚੂੜ੍ਹੇ ਚੱਪੜੇ ਤੇ ਢੇਡ ਸਾਂ, ਅੱਜ ਵੀ ਹਾਂ। ਦਫਤਰ 'ਚ ਬੈਠਾ ਕੋਈ ਵੀ ਬੰਦਾ ਸਾਨੂੰ ਮੂੰਹ ਤੇ ਨਹੀਂ ਤਾਂ ਪਿੱਠ ਪਿੱਛੇ ਢੇਡ ਕਹਿੰਦਾ ਹੈ। ਸਾਡੇ ਨਾਲ ਖਾਂਦਾ ਹੈ ਪੀਂਦਾ ਹੈ, ਫਿਰ ਵੀ ਦੀਵਾਰ ਨਹੀਂ ਢਾਹੁੰਦਾ। ਆਪਣੀ ਜਾਤ ਦਾ ਫਣ ਥੱਲੇ ਨਹੀਂ ਹੋਣ ਦਿੰਦਾ। ਕੀ ਤੁਸੀਂ ਆਜ਼ਾਦੀ ਦਾ ਅਰਥ ਦੱਸੋਗੇ? ਮੈਂ ਆਪਣੇ ਲੋਕਾਂ ਨੂੰ ਪੁੱਛਦਾ ਹਾਂ। ਉਹ ਖਾਮੋਸ਼ ਹਨ, ਖਾਮੋਸ਼ ਹਨ। ਕਿਉਂਕਿ ਉਹਨਾਂ ਨੇ ਹੱਥ ਵਰਤੇ ਹਨ। ਅੱਖਾਂ, ਲੱਤਾਂ, ਪੈਰ, ਕੰਨ, ਨੱਕ ਵਰਤੇ ਹਨ ਪ੍ਰੰਤੂ ਸਿਰ ਨੂੰ ਕਦੀ ਨਹੀਂ ਵਰਤਿਆ। ਉਸਨੂੰ ਸੰਭਾਲ ਰੱਖਿਆ। ਹਵਾ ਤੱਕ ਨਹੀਂ ਲੱਗਣ ਦਿੱਤੀ।

ਜੱਟਾਂ ਦਾ ਇਕ ਮੂਰਖ ਮੁੰਡਾ ਇਕ ਗੀਤ ਗਾਉਂਦਾ ਹੈ, ਜੋ ਬੱਸ 'ਚ ਵੱਜਦਾ ਹੈ ਰੋਜ਼ ਕਿ ਉਸਦੀ ਜ਼ਿੰਦਗੀ ਨੂੰ ਤਾਂ ਦਲਿਤਾਂ ਦੇ ਰਾਖਵੇਂਕਰਨ ਨੇ ਖਾ ਲਿਆ। ਉਸਨੂੰ ਦੇਸ਼ ਦੀ 70 ਫੀਸਦੀ ਜ਼ਮੀਨ, ਵਪਾਰ, ਸ਼ਹਿਰ, ਸੱਤਾ, ਅਫਸਰਸ਼ਾਹੀ, ਉਦਯੋਗ, ਟਰਾਂਸਪੋਰਟ, 100 ਫੀਸਦੀ ਮੰਡੀ ਵੇਚ-ਖਰੀਦ, ਧਰਮ, ਜਹਾਜਰਾਨੀ, ਫੌਜ, ਜੱਜੀ ਹਾਈਕੋਰਟ- ਸੁਪਰੀਮ ਕੋਰਟ, ਠਕੇਦਾਰੀ, ਬੈਂਕਿੰਗ, ਦਲਾਲਸ਼ਾਹੀ, ਕਾਲਾ ਬਾਜਾਰੀ, ਮਿਲਾਵਟ, ਸੂਦਖੋਰੀ, ਰਿਸ਼ਵਤਖੋਰੀ, ਹਰਾਮਖੋਰੀ, ਫਿਲਮ, ਟੀ. ਵੀ., ਪੱਤਰਕਾਰੀ, ਵਿੱਦਿਆ ਆਦਿ ਸਭ ਕੁਝ ਤੇ ਕਬਜਾ ਕਰੀ ਬੈਠਾ ਬ੍ਰਾਹਮਣ, ਖੱਤਰੀ, ਵੈਸ਼ ਹਿੰਦੂ ਵਰਗ ਕਦੀ ਨਹੀਂ ਦਿਸਦਾ ਜੋ ਕੇਵਲ 12-13 ਫੀਸਦੀ ਹੈ। ਉਸਨੂੰ ਆਪਣੇ ਵਰਗਾ ਛੋਟੀ ਜਾਤ ਦਾ ਬੰਦਾ ਪੈਰਾਂ ਤੇ ਖੜ੍ਹਦਾ ਬਹੁਤ ਦੁਖੀ ਕਰਦਾ ਹੈ। ਤੇ ਉਹ ਗੀਤ ਗਾਉਂਦਾ ਹੈ ਕਿ ਨਾ ਰੱਬ ਨੇ ਨਾ ਹੋਰ ਨੇ ਜੇ ਮਾਰਿਆ ਤਾਂ ਦਲਿਤਾਂ ਦੇ ਰਾਖਵੇਂਕਰਨ ਨੇ ਮਾਰ ਸੁੱਟਿਆ। ਇਕ ਨੰਬਰ ਦਾ ਮੂਰਖ, ਭਰਾਵਾਂ ਦਾ ਦੁਸ਼ਮਣ, ਦੁਸ਼ਮਣਾਂ ਦਾ ਮਿੱਤਰ। ਇਹ ਹੈ ਆਜ਼ਾਦੀ ਕਿ ਜਿਸਨੂੰ ਹਜ਼ਾਰਾਂ ਸਾਲ ਬੋਲਣ ਨਹੀਂ ਦਿੱਤਾ ਗਿਆ। ਇਹ ਸ਼ੂਦਰ, ਆਪਣੇ ਵਰਗਿਆਂ ਨੂੰ ਕੀਰਨੇ ਸੁਣਾਉਂਦਾ ਹੈ ਤੇ ਆਪਣੇ ਵਰਗਿਆਂ ਦੀ ਪਿੱਠ ਤੇ ਲੱਤ ਮਾਰ ਕੇ ਖੁਸ਼ ਹੁੰਦਾ ਹੈ। ਉਸ ਦੀ ਆਜ਼ਾਦੀ ਦਾ ਅਰਥ ਬੱਸ ਐਨਾ ਹੀ ਹੈ।




ਮੈਂ ਰੋਜ਼ ਪੱਕੀਆਂ ਛੱਤਾਂ ਵੱਲ ਵੇਖਦਾ- ਸੋਚਦਾ ਹਾਂ ਕਿ ਸਾਡੀਆਂ ਮਾਵਾਂ ਦਾਦੀਆਂ, ਪੜਦਾਦੀਆਂ ਤਾਂ ਡਿੱਗਦੇ ਢਹਿੰਦੇ ਚੋਂਦੇ, ਕੱਚੇ ਕੋਠੇ ਲਿੱਪਦੀਆਂ ਮਰ ਗਈਆਂ। ਸਾਨੂੰ ਸੰਵਿਧਾਨ ਨੇ ਨਰਕ ਵਿਚੋਂ ਧੂਅ ਕੇ ਬਾਹਰ ਕੱਢ ਲਿਆਂਦਾ।

ਘਰ ਅਸੀਂ ਅੱਜ ਵੀ ਪੱਥਰਾਂ ਦੀ ਪੂਜਾ ਦੇ ਗੀਤ ਗਾਉਂਦੇ, ਮੂਰਖਾਂ ਦੀਆਂ ਅਮੁੱਲ ਕਤਾਰਾਂ ਦੁਸ਼ਮਣਾਂ ਦੇ ਗੀਤ ਗਾਉਣ ਦੇ ਮਜ਼ੇ ਲੈਂਦੇ ਹਾਂ। ਢਿੱਡਾਂ ਅਤੇ ਸਿਰਾਂ ਦੇ ਨਿਰੇ ਮਲੰਗ। ਸਿੱਖ ਬੰਦਾ ਵੀ ਗੁਰਦੁਆਰੇ ਗੁਰੂ ਨੂੰ ਲੋਹੇ ਦੇ ਜਹਾਜ ਦਾ ਮਾਡਲ ਚੜ੍ਹਾ ਕੇ ਆਉਂਦਾ ਹੈ ਕਿ ਵੀਜਾ ਲੱਗ ਜਾਵੇ। ਜਾਂ ਵੀਜਾ ਲੱਗ ਗਿਆ। ਗੁਰੂ ਨੂੰ ਰਿਸ਼ਵਤ ਦੇਣ ਵਾਲਾ ਵੀ ਸਿੱਖ ਹੈ। ਆਜਾਦੀ ਹੈ ਕੋਈ ਕੁਛ ਵੀ ਕਰੇ। ਦਫਤਰ ਬੈਠ ਕੇ ਜੇਬਾਂ ਕੱਟੇ ਜਾਂ ਫਿਰ ਮੰਦਰਾਂ 'ਚ ਦੇਵਤਿਆਂ ਨੂੰ, ਪੰਡਤਾਂ ਨੂੰ, ਭਾਈਆਂ ਨੂੰ ਹਿੱਸੇਦਾਰੀ ਦ ਕੇ ਸੁੱਖ ਰੱਖਣ ਦੀ ਬੇਨਤੀ ਕਰੇ।

3000 ਸਾਲ ਬਾਅਦ ਦੂਜੀ ਵਾਰ ਆਜਾਦੀ ਦੇਖੀ ਅਸੀਂ। ਪ੍ਰੰਤੂ ਰਹੇ ਮੂਰਖਾਂ ਦੇ ਮੂਰਖ। ਦੁਸ਼ਮਣ ਦੀ ਪਛਾਣ ਕਰਨ ਵਾਲੀ ਅੱਖ ਨਾ ਜਾਣੀ ਨਾ ਪਛਾਣੀ। "ਕਿਉਂ ਬਈ ਨਿਹਾਲਿਆ, ਆਜਾਦੀ ਨੀ ਵੇਖੀ?'' ਨਾ ਬਈ ਦਿਆਲਿਆ ਨਾ ਖਾਧੀ ਨਾ ਵੇਖੀ।'' ਕਹਿੰਦੇ ਦਿੱਲੀ ਖੜ੍ਹੀ ਸੀ- ਸੋਹਣੀ ਬੜੀ ਸੀ।'' ਫਿਰ ਆਪਾਂ ਨੂੰ ਕੀ? ਤੂੰ ਮਾਰ ਪੈਗ ਤੇ ਜਾਹ ਘਰ ਨੂੰ। ਬੁੜੀ ਤੋਂ ਛਿੱਤਰ ਖਾਏਂਗਾ। ਇਹ ਹੈ ਸਾਡੀ ਆਜ਼ਾਦੀ, ਪੜ੍ਹਿਆਂ ਦੀ, ਨੌਕਰਾਂ ਦੀ, ਮੂਰਖਾਂ ਦੀ, ਭੁੱਖਿਆਂ ਨੰਗਿਆਂ ਤੋਂ ਬੇਸਿਰਿਆਂ ਦੀ। ਜੋ ਦੁਸ਼ਮਣ ਦੀਆਂ ਵਾਰਾਂ ਗਾ ਕ ਢਿੱਡ ਭਰ ਲੈਂਦੇ ਹਨ। ਤੇ ਪੂਜਾ ਪਾਠ ਕਰਦੇ, ਢੋਲਕੀਆਂ ਛੈਣੇ ਕੁੱਟਦੇ, ਸੁਰਗ ਦੇ ਸੁਪਨੇ ਵੇਖਦੇ, ਨਿਰੇ ਨਰਕ ਵਿਚ ਮਜੇ ਨਾਲ ਜਿਉਂਦੇ ਹਨ ਤੇ ਅਸੀਂ ਗਏ ਗੁਜਰੇ, ਜਿਹਨਾਂ ਨੂੰ ਹਜ਼ਾਰਾਂ ਸਾਲ ਬਾਅਦ ਆਜ਼ਾਦੀ ਨੇ ਝੋਲੀਆਂ ਭਰ ਕੇ ਦਿੱਤਾ, 99 ਫੀਸਦੀ ਇਕ ਨੰਬਰ ਦੇ ਪੇਟੂ ਤੇ ਧੋਖੇਬਾਜਾਂ ਤੋਂ ਵੱਧ ਕੁਝ ਨਹੀਂ ਹਾਂ।

# ਸੋਹਣ ਸਹਿਜਲ ਦੁਆਰਾ 'ਥਾਟਸ ਆਫ ਡਾ. ਬਾਬਾ ਸਾਹਿਬ ਅੰਬੇਦਕਰ' ਕਿਤਾਬ ਦਾ ਪੰਜਾਬੀ ਅਨੁਵਾਦ




**(ਤੀਜੀ ਕਿਸਤ)**

## ਪ੍ਰਾਚੀਨ ਇਤਿਹਾਸ

ਬੋਧੀ ਸਾਹਿਤ ਭਾਰਤ ਦੇ ਅਸਲ ਇਤਿਹਾਸ ਨੂੰ ਦਰਸਾਉਂਦਾ ਹੈ। "ਭਾਰਤ ਦਾ ਬਹੁਤ ਪ੍ਰਾਚੀਨ ਇਤਿਹਾਸ ਬਿਲਕੁਲ ਵੀ ਇਤਿਹਾਸ ਨਹੀਂ ਹੈ। ਇਹ ਆਪਣਾ ਸੱਚਾ ਸਰੂਪ ਗੁਆ ਚੁੱਕਾ ਹੈ। ਇਸਤਰੀਆਂ ਅਤੇ ਬੱਚਿਆਂ ਦਾ ਮਨੋਰੰਜਨ ਕਰਨ ਲਈ ਇਸ ਨੂੰ ਪੌਰਾਣਿਕ ਕਥਾ ਕਹਾਣੀਆਂ ਬਣਾ ਦਿੱਤਾ ਗਿਆ ਹੈ। ਲੱਗਦਾ ਹੈ ਕਿ ਬ੍ਰਾਹਮਣਵਾਦੀ ਲੇਖਕਾਂ ਨੇ ਇਹ ਜਾਣ ਬੁੱਝ ਕੇ ਕੀਤਾ ਹੈ। ਪ੍ਰਾਚੀਨ ਭਾਰਤੀ ਇਤਿਹਾਸ ਨੂੰ ਜ਼ਰੂਰ ਹੀ ਰੌਸ਼ਨੀ ਵਿੱਚ ਲਿਆਂਦਾ ਜਾਣਾ ਚਾਹੀਦਾ ਹੈ। ਇਸ ਤੋਂ ਬਿਨਾਂ ਤਾਂ ਪ੍ਰਾਚੀਨ ਭਾਰਤ, ਬਿਨਾਂ ਇਤਿਹਾਸ ਦੇ ਹੀ ਹੋਵੇਗਾ। ਚੰਗੀ ਗੱਲ ਇਹ ਹੈ ਕਿ ਬੋਧੀ ਸਾਹਿਤ ਦੀ ਮੱਦਦ ਨਾਲ ਪ੍ਰਾਚੀਨ ਇਤਿਹਾਸ ਨੂੰ ਉਸ ਮਲਬੇ ਵਿੱਚੋਂ ਖੋਜਿਆ ਜਾ ਸਕਦਾ ਹੈ ਜਿਸ ਹੇਠਾਂ ਬ੍ਰਾਹਮਣਵਾਦੀ ਲੇਖਕਾਂ ਨੇ ਪਾਗ਼ਲਪਣ ਵਿੱਚ ਇਸ ਨੂੰ ਦਬਾ ਛੱਡਿਆ ਹੈ।

### ਬੁੱਧ ਧਰਮ ਅਤੇ ਬ੍ਰਾਹਮਣਵਾਦ ਵਿਚਕਾਰ ਸੰਘਰਸ਼

"ਇੱਕ ਤਰ੍ਹਾਂ ਨਾਲ ਭਾਰਤ ਧਰਮਾਂ ਦੀ ਭੂਮੀ ਹੈ। ਹੋਰ ਕਿਤੇ ਵੀ ਜੀਵਨ ਦਾ ਤਾਣਾ ਬਾਣਾ ਧਾਰਮਿਕ ਰਸਮਾਂ ਕਰਮਕਾਂਡਾਂ ਵਿੱਚ ਏਨਾ ਗ੍ਰਸਤ ਨਹੀਂ ਜਿੰਨਾ ਏਥੇ ਹੈ। ਅਸਲ ਵਿੱਚ ਤਾਂ ਭਾਰਤ ਆਪਸ ਵਿੱਚ ਲੜਦੇ ਝਗੜਦੇ ਧਰਮਾਂ ਦਾ ਦੇਸ਼ ਹੈ। ਕਿਸੇ ਵੀ ਹੋਰ ਦੇਸ਼ ਦੇ ਇਤਿਹਾਸ ਵਿੱਚ ਧਰਮਾਂ ਨੇ ਏਨੀ ਮਹਾਨ ਭੂਮਿਕਾ ਨਹੀਂ ਨਿਭਾਈ ਜਿੰਨੀ ਕਿ ਭਾਰਤ ਦੇ ਇਤਿਹਾਸ ਵਿੱਚ ਨਿਭਾਈ। ਭਾਰਤ ਦਾ ਇਤਿਹਾਸ ਹੋਰ ਕੁਛ ਨਹੀਂ, ਬੁੱਧ ਧਰਮ ਅਤੇ ਬ੍ਰਾਹਮਣਵਾਦ ਵਿਚਾਲੇ ਜਬਰਦਸਤ ਟੱਕਰ ਦਾ ਇਤਿਹਾਸ ਹੈ। ਇਸ ਸੱਚ ਨੂੰ ਏਨਾ ਅੱਖੋਂ ਪਰੋਖੇ ਕੀਤਾ ਗਿਆ ਹੈ ਕਿ ਫ਼ੌਰੀ ਤੌਰ ਤੇ ਕੋਈ ਇਹ ਗੱਲ ਮੰਨਣ ਲਈ ਤਿਆਰ ਨਹੀਂ ਹੋਵੇਗਾ, ਬਲਕਿ ਐਸੇ ਲੋਕਾਂ ਦੀ ਵੀ ਕਮੀ ਨਹੀਂ ਹੋਵੇਗੀ ਜੋ ਕਿਸੇ ਐਸੇ ਮਸ਼ਵਰੇ ਨੂੰ ਸਿੱਧਾ ਹੀ ਨਕਾਰ ਦੇਣਗੇ।

ਕਿਹਾ ਜਾਂਦਾ ਹੈ ਕਿ ਭਾਰਤ ਦਾ ਇਤਿਹਾਸ ਆਰੀਆਂ ਦੇ ਹਮਲਿਆਂ ਨਾਲ ਸ਼ੁਰੂ ਹੁੰਦਾ ਹੈ, ਜੋ ਏਥੇ ਹੀ ਵਸ ਗਏ ਅਤੇ ਆਪਣਾ ਸੱਭਿਆਚਾਰ ਸਥਾਪਤ ਕਰ ਲਿਆ। ਆਰੀਅਨ ਸੱਭਿਆਚਾਰ, ਧਰਮ ਅਤੇ ਸਮਾਜ ਵਿਵਸਥਾ ਦੇ ਚਾਹੇ ਜੋ ਵੀ ਗੁਣ ਹੋਣ, ਸਾਨੂੰ ਉਨ੍ਹਾਂ ਦੇ ਰਾਜਨੀਤਕ ਇਤਿਹਾਸ ਬਾਰੇ ਨਾਮਾਤਰ ਪਤਾ ਹੈ। ਆਰੀਅਨ, ਗ਼ੈਰ ਆਰੀਅਨ ਨਾਲੋਂ ਸ੍ਰੇਸ਼ਠ ਸਨ। ਇਸ ਗੱਲ ਨੂੰ ਛੱਡ ਕੇ ਇਤਿਹਾਸ ਵਿੱਚ ਉਨ੍ਹਾਂ ਦੀਆਂ ਰਾਜਨੀਤਕ ਪ੍ਰਾਪਤੀਆਂ ਬਾਰੇ ਕੁੱਝ ਪਤਾ ਨਹੀਂ ਚੱਲਦਾ। ਭਾਰਤ ਦਾ ਰਾਜਨੀਤਕ ਇਤਿਹਾਸ ਅਸਲ ਵਿੱਚ ਗ਼ੈਰ ਆਰੀਅਨ ਲੋਕਾਂ ਜਿਹਨਾਂ ਨੂੰ ਨਾਗਾ ਕਹਿੰਦੇ ਸਨ, ਦੀ ਚੜ੍ਹਤ ਨਾਲ ਸ਼ੁਰੂ ਹੁੰਦਾ ਹੈ। ਇਹ ਤਾਕਤਵਰ ਲੋਕ ਸਨ, ਆਰੀਅਨ ਇਨ੍ਹਾਂ ਨੂੰ ਜਿੱਤ ਨਾ ਸਕੇ, ਉਨ੍ਹਾਂ ਨਾਲ ਸਮਝੌਤਾ ਕਰ ਲਿਆ।

ਉਨ੍ਹਾਂ ਨੂੰ ਆਪਣੇ ਬਰਾਬਰ ਹੋਣ ਦੀ ਮਾਨਤਾ ਦੇਣਾ ਆਰੀਆ ਲੋਕਾਂ ਦੀ ਮਜ਼ਬੂਰੀ ਬਣ ਗਈ। ਜੋ ਵੀ ਮਸ਼ਹੂਰੀ ਸ਼ਾਨ ਅਤੇ ਤਰੱਕੀ ਪ੍ਰਾਚੀਨ ਸਮੇਂ ਅੰਦਰ ਭਾਰਤ ਨੇ ਰਾਜਨੀਤਕ ਖੇਤਰ ਵਿੱਚ ਪ੍ਰਾਪਤ ਕੀਤੀ, ਉਸ ਦਾ ਸਾਰਾ ਮਾਣ ਗ਼ੈਰ ਆਰੀਅਨ ਨਾਗਾ ਲੋਕਾਂ ਨੂੰ ਜਾਂਦਾ ਹੈ। ਦੁਨੀਆਂ ਦੇ ਇਤਿਹਾਸ ਵਿੱਚ ਭਾਰਤ ਨੂੰ ਮਹਾਨਤਾ ਅਤੇ ਮਾਣ ਸਨਮਾਨ ਦੁਆਉਣ ਵਾਲੇ ਇਹ ਨਾਗਾ ਲੋਕ ਹੀ ਸਨ।

### ਯੁੱਗ ਪਲਟਾਊ ਘਟਨਾ

"ਭਾਰਤ ਦੇ ਰਾਜਨੀਤਕ ਇਤਿਹਾਸ ਵਿੱਚ ਸਭ ਤੋਂ ਪਹਿਲੀ ਯੁੱਗ ਪਲਟਾਊ ਘਟਨਾ ਸੀ, ਬਿਹਾਰ ਵਿੱਚ 642 ਈ. ਪੂਰਵ ਮਗਧ ਸਾਮਰਾਜ ਦਾ ਉਭਾਰ। ਇਸ ਸਾਮਰਾਜ ਦੇ ਸੰਸਥਾਪਕ ਦਾ ਨਾ ਸ਼ਿਸ਼ੂਨਾਗ ਸੀ ਅਤੇ ਉਹ ਨਾਗਾ ਨਾਂ ਦੀ ਅਨਾਰੀਆ ਭਾਵ ਗ਼ੈਰ ਅਨਾਰੀਆ ਜਾਤ ਦਾ ਸੀ। ਸ਼ਿਸ਼ੂਨਾਗ ਦੁਆਰਾ ਸਥਾਪਤ ਛੋਟਾ ਜਿਹਾ ਮਗਧ ਰਾਜ ਇਸ ਵੰਸ਼ ਦੇ ਯੋਗ ਅਤੇ ਸ਼ਕਤੀਸ਼ਾਲੀ ਸ਼ਾਸਕਾਂ ਸਦਕਾ ਵਿਸ਼ਾਲ ਹੁੰਦਾ ਗਿਆ। ਬਿੰਬਸਾਰ ਦੇ ਅਧੀਨ ਇਹ ਇੱਕ ਸਾਮਰਾਜ ਬਣ ਗਿਆ ਜੋ ਕਿ ਇਸ ਖ਼ਾਨਦਾਨ ਵਿੱਚ ਪੈਦਾ ਹੋਇਆ ਪੰਜਵਾਂ ਸ਼ਾਸਕ ਸੀ। ਸ਼ਿਸ਼ੂਨਾਗ ਵੰਸ਼ ਨੇ 413 ਈ. ਪੂ. ਤੱਕ ਸ਼ਾਸਨ ਕੀਤਾ। ਜਦੋਂ ਸ਼ਿਸ਼ੂਨਾਗ ਵੰਸ਼ ਦੇ ਸਮਰਾਟ ਮਹਾਂਨੰਦ ਦਾ ਸ਼ਾਸਨ ਸੀ ਤਾਂ ਨੰਦ ਨਾਂ ਦੇ ਇੱਕ ਵਿਅਕਤੀ ਨੇ ਉਸ ਦੀ ਹੱਤਿਆ ਕਰ ਦਿੱਤੀ ਅਤੇ ਖ਼ੁਦ ਸਮਰਾਟ ਬਣ ਬੈਠਾ। ਉਸ ਨੇ ਨੰਦ ਰਾਜਵੰਸ਼ ਦੀ ਸਥਾਪਨਾ ਕੀਤੀ। ਨੰਦ ਵੰਸ਼ ਨੇ ਮੱਗਧ ਸਾਮਰਾਜ ਉੱਤੇ 322 ਈ. ਪੂ: ਤੱਕ ਸ਼ਾਸ਼ਨ ਕੀਤਾ। ਇਸ ਦੇ ਅੰਤਿਮ ਸਮਰਾਟ ਨੂੰ ਚੰਦਰਗੁਪਤ ਨੇ ਗੱਦੀਓਂ ਲਾਹਿਆ ਅਤੇ ਮੌਰੀਆ ਰਾਜ ਦੀ ਸਥਾਪਨਾ ਕੀਤੀ। ਚੰਦਰਗੁਪਤ, ਸ਼ਿਸ਼ੂਨਾਗ ਵੰਸ਼ ਦੇ ਅੰਤਿਮ ਸਮਰਾਟ ਦੇ ਪਰਿਵਾਰ ਨਾਲ ਸਬੰਧਤ ਸੀ। ਸੋ ਕਿਹਾ ਜਾ ਸਕਦਾ ਹੈ ਕਿ ਚੰਦਰ ਗੁਪਤ ਨੇ ਜੋ ਕ੍ਰਾਂਤੀ ਕੀਤੀ, ਅਸਲ ਵਿੱਚ ਉਹ ਮੱਗਧ ਦੇ ਨਾਗ ਸਾਮਰਾਜ ਦੀ ਮੁੜ ਸਥਾਪਨਾ ਸੀ। ਮੌਰੀਆ ਨੂੰ ਜਿਹੜਾ ਮੱਗਧ ਸਾਮਰਾਜ ਮਿਲਿਆ ਮਹਾਨ ਅਸ਼ੋਕ ਅਧੀਨ ਇਸ ਸਾਮਰਾਜ ਦੀਆਂ ਹੱਦਾਂ ਏਨੀਆਂ ਵਧ ਗਈਆਂ ਕਿ ਇਸ ਨੂੰ ਮੌਰੀਆ ਸਾਮਰਾਜ ਜਾਂ ਅਸ਼ੋਕ ਸਾਮਰਾਜ ਕਿਹਾ ਜਾਣ ਲੱਗਾ।"



ਸੋਹਣ ਸਹਿਜਲ
91- 95014-77278

"ਭਾਰਤੀ ਇਤਿਹਾਸ ਅੰਦਰ, ਮੌਰੀਆ ਸਾਮਰਾਜ ਦਾ ਸਮਾਂ ਹੀ ਇੱਕ ਐਸਾ ਸਮਾਂ ਹੈ ਜਿਸ ਨੂੰ ਸੁਤੰਤਰਤਾ ਮਹਾਨਤਾ ਅਤੇ ਸ਼ਾਨੋਸ਼ੌਕਤ ਦਾ ਸਮਾਂ ਕਿਹਾ ਜਾ ਸਕਦਾ ਹੈ। ਹੋਰ ਸਾਰੇ ਸਮਿਆਂ ਵਿੱਚ ਮੁਲਕ ਨੇ ਹਾਰਾਂ ਖਾਧੀਆਂ ਅਤੇ ਅੰਧਕਾਰ-ਯੁੱਗ ਰਿਹਾ ਪਰੰਤੂ ਮੌਰੀਆ ਕਾਲ ਵਿੱਚ ਚਤੁਰਵਰਣ ਦਾ ਪੂਰੀ ਤਰ੍ਹਾਂ ਖ਼ਾਤਮਾ ਹੋ ਗਿਆ ਜਦੋਂ ਵਸੋਂ ਦਾ ਮੁੱਖ ਭਾਗ ਸ਼ੂਦਰ ਲੋਕ, ਆਤਮ ਨਿਰਭਰ ਹੋਏ ਅਤੇ ਦੇਸ਼ ਦੇ ਹੁਕਮਰਾਨ ਬਣ ਗਏ। ਹਾਰ ਅਤੇ ਹਨੇਰੇ ਦਾ ਸਮਾਂ ਉਹ ਸਮਾਂ ਹੈ ਜਦੋਂ ਚਤੁਰਵਰਣ ਦੀ ਚੜ੍ਹਤ ਹੋ ਗਈ ਅਤੇ ਵਸੋਂ ਦੇ ਵੱਡੇ ਹਿੱਸੇ ਨੂੰ ਬਹੁਤ ਹੀ ਲਾਚਾਰੀ ਭਰਿਆ ਜੀਵਨ ਬਤੀਤ ਕਰਨਾ ਪਿਆ।" (ਚਲਦਾ)

# ਡਾ. ਅੰਬੇਡਕਰ, ਭਾਰਤੀ ਸੰਵਿਧਾਨ ਅਤੇ ਅਨੁਸੂਚਿਤ ਜਾਤੀਆਂ

ਭਾਰਤੀਆਂ ਵਲੋਂ ਦੇਸ਼ ਦੀ ਸੁਤੰਤਰਤਾ ਲਈ ਕੀਤੀਆਂ ਬੇਸ਼ੁਮਾਰ ਕੁਰਬਾਨੀਆਂ ਦੇ ਸਦਕਾ 15 ਅਗਸਤ, 1947 ਨੂੰ ਭਾਰਤ ਆਜ਼ਾਦ ਹੋਇਆ। ਆਜ਼ਾਦ ਭਾਰਤ ਦੇ ਸੰਵਿਧਾਨ ਦੇ ਨਿਰਮਾਣ ਦੇ ਕਾਰਜ ਲਈ ਇੰਗਲੈਂਡ ਦੀ ਪਾਰਲੀਮੈਂਟ ਵਲੋਂ ਭਾਰਤ ਵਿਚ ਭੇਜੇ ਗਏ ਕੈਬਨਿਟ ਮਿਸ਼ਨ ਦੁਆਰਾ ਇਹ ਨਿਸ਼ਚਿਤ ਕੀਤਾ ਗਿਆ ਕਿ ਬਰਤਾਨੀਆ ਅਧੀਨ ਭਾਰਤੀ ਪ੍ਰਾਂਤਾਂ ਦੀਆਂ ਵਿਧਾਨ ਸਭਾਵਾਂ, ਚੀਫ਼ ਕਮਿਸ਼ਨਰਾਂ ਦੇ ਚਾਰ ਪ੍ਰਾਂਤਾਂ ਦਿੱਲੀ, ਅਜਮੇਰ-ਮਾਰਵਾੜ, ਕੁਰਗ (ਵਰਤਮਾਨ ਕਰਨਾਟਕ ਵਿਚ) ਅਤੇ ਬ੍ਰਿਟਿਸ਼ ਬਲੋਚਿਸਤਾਨ ਤੋਂ ਚੁਣੇ ਗਏ ਇਕ-ਇਕ ਪ੍ਰਤੀਨਿਧੀ ਸਮੇਤ ਸਿੱਧੀ ਚੋਣ ਦੁਆਰਾ 292 ਮੈਂਬਰ ਅਤੇ ਭਾਰਤੀ ਰਿਆਸਤਾਂ ਦੁਆਰਾ ਨਾਮਜ਼ਦ 93 ਪ੍ਰਤੀਨਿਧੀ ਸੰਵਿਧਾਨਕ ਸਭਾ ਵਿਚ ਸ਼ਾਮਲ ਹੋਣਗੇ। ਇਸ ਤਰ੍ਹਾਂ ਕੁੱਲ ਮਿਲਾ ਕੇ ਸੰਵਿਧਾਨਕ ਸਭਾ ਦੇ ਮੈਂਬਰਾਂ ਦੀ ਗਿਣਤੀ 292+93×385 ਨਿਸ਼ਚਤ ਕੀਤੀ ਗਈ। ਬਰਤਾਨੀਆਂ ਅਧੀਨ ਭਾਰਤੀ ਪ੍ਰਾਂਤਾਂ ਦੀਆਂ ਵਿਧਾਨ ਸਭਾਵਾਂ ਦੁਆਰਾ ਜੁਲਾਈ-ਅਗਸਤ, 1946 ਤੱਕ ਸੰਵਿਧਾਨਕ ਸਭਾ ਲਈ ਆਪਣੇ ਪ੍ਰਤੀਨਿਧਾਂ ਦੀ ਚੋਣ ਪੂਰੀ ਕਰ ਲਈ ਗਈ।

ਸ਼੍ਰੀ ਜੋਗਿੰਦਰ ਨਾਥ ਮੰਡਲ : (ਜੋ ਆਜ਼ਾਦੀ ਉਪਰੰਤ ਪਾਕਿਸਤਾਨ ਦੇ ਕਾਨੂੰਨ ਮੰਤਰੀ ਬਣੇ) ਦੇ ਭਰਪੂਰ ਸਹਿਯੋਗ ਨਾਲ 20 ਜੁਲਾਈ, 1946 ਨੂੰ ਬਾਬਾ ਸਾਹਿਬ ਡਾ. ਅੰਬੇਡਕਰ ਬੰਗਾਲ ਵਿਧਾਨ ਸਭਾ ਵਲੋਂ ਆਜ਼ਾਦ ਉਮੀਦਵਾਰ ਵਜੋਂ ਜਿੱਤ ਕੇ ਸੰਵਿਧਾਨਕ ਸਭਾ ਦੇ ਮੈਂਬਰ ਬਣੇ। ਸੰਵਿਧਾਨਕ ਸਭਾ ਦਾ ਪਹਿਲਾ ਸੈਸ਼ਨ 9 ਦਸੰਬਰ, 1946 ਨੂੰ ਸੰਵਿਧਾਨ ਹਾਲ, ਦਿੱਲੀ ਵਿਖੇ ਹੋਇਆ। 29 ਅਗਸਤ, 1947 ਨੂੰ ਡਾ. ਅੰਬੇਡਕਰ ਸਾਹਿਬ ਨੂੰ ਸੰਵਿਧਾਨ ਦਾ ਮੂਲ ਖਰੜਾ ਤਿਆਰ ਕਰਨ ਵਾਲੀ ਸੱਤ ਮੈਂਬਰੀ ਡਰਾਫ਼ਟਿੰਗ ਕਮੇਟੀ ਦਾ ਚੇਅਰਮੈਨ ਨਾਮਜ਼ਦ ਕੀਤਾ ਗਿਆ। ਸੰਵਿਧਾਨ ਨਿਰਮਿਤ ਕਰਨ ਲਈ ਖਰੜਾ ਕਮੇਟੀ ਦੀ ਪਹਿਲੀ ਬੈਠਕ 30 ਅਗਸਤ, 1947 ਨੂੰ ਹੋਈ ਅਤੇ ਲਗਾਤਾਰ 40 ਦਿਨ ਤੱਕ ਇਸ ਦੀਆਂ ਮੀਟਿੰਗਾਂ ਜਾਰੀ ਰਹੀਆਂ। ਪ੍ਰੰਤੂ ਕਮੇਟੀ ਦੇ ਬਹੁਤੇ ਮੈਂਬਰ ਇਸ ਦੀਆਂ ਮੀਟਿੰਗਾਂ ਚੋਂ ਗੈਰ ਹਾਜ਼ਰ ਰਹੇ, ਇਕ ਮੈਂਬਰ ਦਾ ਦੇਹਾਂਤ ਹੋ ਗਿਆ, ਇਕ ਬੀਮਾਰ ਪੈ ਗਿਆ, ਇਕ ਦਿੱਲੀ ਤੋਂ ਦੂਰ ਰਿਹਾ ਅਤੇ ਇਕ ਅਮਰੀਕਾ ਵਿਚ ਹੀ ਰਿਹਾ। ਇਸ ਤਰ੍ਹਾਂ ਸੰਵਿਧਾਨ ਦਾ ਖਰੜਾ ਇਕੱਲੇ ਡਾ. ਅੰਬੇਡਕਰ ਸਾਹਿਬ ਨੂੰ ਹੀ ਤਿਆਰ ਕਰਨਾ ਪਿਆ, ਜੋ ਆਪ ਨੇ ਸਖ਼ਤ ਮਿਹਨਤ ਦੁਆਰਾ ਬਾਖ਼ੂਬੀ ਕੀਤਾ।

26 ਨਵੰਬਰ, 1949 ਨੂੰ ਸੰਵਿਧਾਨਕ ਸਭਾ ਨੇ ਸੰਵਿਧਾਨ ਨੂੰ ਮੰਜ਼ੂਰੀ ਦਿੱਤੀ, 24 ਜਨਵਰੀ, 1950 ਨੂੰ ਅੰਤਮ ਬੈਠਕ ਵਿਚ ਸੰਵਿਧਾਨਕ ਸਭਾ ਦੇ ਮੈਂਬਰਾਂ ਨੇ ਦਸਤਖ਼ਤ ਕੀਤੇ, 26 ਜਨਵਰੀ, 1950 ਨੂੰ ਆਜ਼ਾਦ ਭਾਰਤ ਦਾ ਸੰਵਿਧਾਨ ਲਾਗੂ ਕੀਤਾ ਗਿਆ ਅਤੇ ਭਾਰਤ ਇਕ ਗਣਤੰਤਰ ਦੇਸ਼ ਬਣ ਗਿਆ। ਭਾਰਤੀ ਸੰਵਿਧਾਨ ਵਿਚ ਹਰ ਭਾਰਤੀ ਦੇ ਸਮਾਨ ਅਧਿਕਾਰਾਂ ਲਈ ਡਾ. ਅੰਬੇਡਕਰ ਨੂੰ ਜ਼ਬਰਦਸਤ ਸੰਘਰਸ਼ ਕਰਨਾ ਪਿਆ। ਭਾਰਤੀ ਸੰਵਿਧਾਨ ਦਾ ਨਿਰਮਾਣ ਕਰਦਿਆਂ ਬਾਬਾ ਸਾਹਿਬ ਨੇ ਸਦੀਆਂ ਤੋਂ ਅਛੂਤਾਂ ਤੋਂ ਖੋਹੇ ਅਧਿਕਾਰਾਂ ਨੂੰ ਸੰਵਿਧਾਨ ਦੇ ਭਾਗ ਤਿੰਨ ਵਿਚ ਮੂਲ ਜਾਂ ਮੁੱਢਲੇ ਅਧਿਕਾਰ ਵਜੋਂ ਸ਼ਾਮਲ ਕਰਵਾ ਕੇ ਇਕ ਇਨਕਲਾਬੀ ਕਾਰਜ ਕੀਤਾ। ਇਨ੍ਹਾਂ ਮੁੱਢਲੇ ਅਧਿਕਾਰਾਂ ਨੂੰ ਸੰਵਿਧਾਨ ਦੇ ਅਤਿ ਮਹੱਤਵਪੂਰਨ ਆਰਟੀਕਲ 32 ਅਨੁਸਾਰ ਸੁਪਰੀਮ ਕੋਰਟ ਦੁਆਰਾ ਲਾਗੂ ਕੀਤੇ ਜਾਣ ਯੋਗ ਬਣਾ ਕੇ ਡਾ. ਅੰਬੇਡਕਰ ਨੇ ਸ਼ੁਰੂਤੀਆਂ ਅਤੇ ਸਮ੍ਰਿਤੀਆਂ ਵਿਚ ਸ਼ੂਦਰਾਂ ਦੇ ਅਧਿਕਾਰਾਂ ਉੱਪਰ ਲਾਈਆਂ ਪਾਬੰਦੀਆਂ ਅਤੇ ਹੁਕਮਨਾਮਿਆਂ ਨੂੰ ਰੱਦ ਕਰ ਦਿੱਤਾ।

ਹਜ਼ਾਰਾਂ ਸਾਲਾਂ ਤੋਂ ਸ਼ੂਦਰ ਤੇ ਅਛੂਤ ਬਣਾਏ ਗਏ ਸ਼ੋਸ਼ਿਤ ਸਮਾਜ ਲਈ ਸਮਤਾ, ਸੁਤੰਤਰਤਾ ਅਤੇ ਮਾਨਵੀ ਵਿਕਾਸ ਦੇ ਬਰਾਬਰ ਮੌਕੇ ਪ੍ਰਦਾਨ ਕਰਵਾਉਣ ਵਿਚ ਬਾਬਾ ਸਾਹਿਬ ਦਾ ਯਾਦਗਾਰੀ, ਅਨਮੋਲ ਅਤੇ ਬੇਮਿਸਾਲ ਯੋਗਦਾਨ ਹੈ। ਸੰਵਿਧਾਨ ਵਿਚ ਨਿਮਨਲਿਖਿਤ ਅਨੁਛੇਦ ਸ਼ਾਮਲ ਕਰਕੇ/ਕਰਵਾ ਕੇ ਬਾਬਾ ਸਾਹਿਬ ਨੇ ਸਦੀਆਂ ਉਪਰੰਤ ਦਲਿਤਾਂ ਦੀ ਤਕਦੀਰ ਬਦਲ ਕੇ ਇਕ ਕ੍ਰਾਂਤੀਕਾਰੀ, ਅਭੁੱਲ ਅਤੇ ਇਤਿਹਾਸਕ ਕੰਮ ਕੀਤਾ ਹੈ।

ਆਰਟੀਕਲ 15 : ਰਾਜ ਧਰਮ, ਨਸਲ, ਜਾਤ, ਲਿੰਗ ਜਾਂ ਜਨਮ ਸਥਾਨ ਦੇ ਆਧਾਰ ਤੇ ਕਿਸੇ ਨਾਗਰਿਕ ਨਾਲ ਵਿਤਕਰਾ ਨਹੀਂ ਕਰੇਗਾ ਅਤੇ ਕਿਸੇ ਨਾਗਰਿਕ ਨੂੰ ਦੁਕਾਨਾਂ, ਸਰਬਜਨਕ ਹੋਟਲਾਂ, ਢਾਬਿਆਂ ਅਤੇ ਮਨੋਰੰਜਨ ਸਥਾਨਾਂ ਜਾਂ ਸਰਬਜਨਕ ਖੂਹਾਂ, ਤਲਾਬਾਂ, ਇਸ਼ਨਾਨ-ਘਾਟਾਂ, ਸੜਕਾਂ ਅਤੇ ਸਰਬਜਨਕ ਸਮਾਗਮਾਂ ਦੇ ਸਥਾਨਾਂ ਦੀ ਵਰਤੋਂ ਦੇ ਸੰਬੰਧ ਵਿਚ ਕਿਸੇ ਅਯੋਗਤਾ, ਜ਼ਿੰਮੇਵਾਰੀ, ਰੋਕ ਜਾਂ ਸ਼ਰਤ ਅਧੀਨ ਨਹੀਂ ਹੋਵੇਗਾ।

ਆਰਟੀਕਲ 16 (1) : ਲੋਕ ਮੁਲਾਜ਼ਮਤ ਦੇ ਵਿਸ਼ੇ ਵਿਚ ਬਰਾਬਰ ਮੌਕੇ : ਰਾਜ ਅਧੀਨ ਕਿਸੇ ਪਦ ਉੱਪਰ ਨਿਯੁਕਤੀ ਨਾਲ ਸੰਬੰਧਿਤ ਵਿਸ਼ਿਆਂ ਵਿਚ ਸਾਰੇ ਨਾਗਰਿਕਾਂ ਲਈ ਸਮਾਨ ਅਵਸਰ ਹੋਣਗੇ।

16 (2) : ਰਾਜ ਅਧੀਨ ਕਿਸੇ ਨੌਕਰੀ ਜਾਂ ਪਦ ਦੇ ਸੰਬੰਧ ਵਿਚ ਕੇਵਲ ਧਰਮ, ਨਸਲ, ਜਾਤ, ਲਿੰਗ, ਉਦਭਵ, ਜਨਮ ਸਥਾਨ, ਨਿਵਾਸ ਇਨ੍ਹਾਂ ਵਿਚੋਂ ਕਿਸੇ ਆਧਾਰ ਤੇ ਨਾ ਤਾਂ ਕੋਈ ਨਾਗਰਿਕ ਅਯੋਗ ਹੋਵੇਗਾ ਅਤੇ ਨਾ ਉਸ ਨਾਲ ਵਿਤਕਰਾ ਕੀਤਾ ਜਾਵੇਗਾ।

16 (4-ਏ) : ਇਸ ਆਰਟੀਕਲ ਦੀ ਕੋਈ ਗੱਲ ਰਾਜ ਨੂੰ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੇ ਪੱਖ ਵਿਚ, ਇਨ੍ਹਾਂ ਦੀ ਪ੍ਰਤੀਨਿਧਤਾ ਰਾਜ ਦੀ ਰਾਇ ਵਿਚ ਰਾਜ ਦੇ ਅਧੀਨ ਸੇਵਾਵਾਂ ਵਿਚ ਪੂਰੀ ਨਹੀਂ ਹੈ, ਰਾਜ ਦੇ ਅਧੀਨ ਸੇਵਾਵਾਂ ਵਿਚ (ਕਿਸੇ ਵਰਗ ਜਾਂ ਵਰਗਾਂ ਦੇ ਪਦਾਂ ਉੱਪਰ ਸੀਨੀਆਰਟੀ ਅਤੇ ਤਰੱਕੀ ਦੇ ਮਾਮਲਿਆਂ ਵਿਚ) ਰਿਜ਼ਰਵੇਸ਼ਨ ਕਰਨ ਦੇ ਲਈ ਰੋਕ ਨਹੀਂ ਲਾਏਗੀ।

16 (4-ਬੀ) : ਇਸ ਆਰਟੀਕਲ ਦੀ ਕੋਈ ਗੱਲ ਰਾਜ ਨੂੰ ਕਿਸੇ ਸਾਲ ਵਿਚ ਕੋਈ ਨਾ ਭਰੇ ਗਏ ਖਾਲੀ ਸਥਾਨਾਂ ਨੂੰ ਜੋ ਖੰਡ (4) ਜਾਂ ਖੰਡ (4-ਏ) ਦੇ ਅਧੀਨ ਕੀਤੀ ਰਿਜ਼ਰਵੇਸ਼ਨ ਦੇ ਲਈ ਕਿਸੇ ਉਪਬੰਧ ਦੇ ਅਨੁਸਾਰ, ਉਸ ਸਾਲ ਭਰੇ ਜਾਣ ਲਈ ਰਿਜ਼ਰਵ ਹੈ, ਕਿਸੇ ਅਗਾਮੀ ਸਾਲ ਜਾਂ ਸਾਲਾਂ ਵਿਚ ਭਰੇ ਜਾਣ ਲਈ ਵੱਖਰੇ ਵਰਗ ਦੇ ਖਾਲੀ ਸਥਾਨਾਂ ਦੇ ਰੂਪ ਵਿਚ ਵਿਚਾਰ ਕਰਨ ਤੇ ਰੋਕ ਨਹੀਂ ਲਾਏਗੀ ਅਤੇ ਐਸੇ ਵਰਗ ਦੇ ਖਾਲੀ ਸਥਾਨਾਂ 'ਤੇ ਉਸ ਸਾਲ ਦੇ ਖਾਲੀ ਸਥਾਨਾਂ ਦੇ ਨਾਲ ਜਿਸ ਵਿਚ ਉਹ ਭਰੇ ਜਾ ਰਹੇ ਹਨ, ਉਸ ਸਾਲ ਦੇ ਖਾਲੀ ਸਥਾਨਾਂ ਦੀ ਕੁੱਲ ਸੰਖਿਆ ਦੇ ਸੰਬੰਧ ਵਿਚ ਪੰਜਾਹ ਪ੍ਰਤੀਸ਼ਤ ਰਿਜ਼ਰਵੇਸ਼ਨ ਦੀ ਅਧਿਕਤਮ ਸੀਮਾ ਨਿਸ਼ਚਿਤ ਕਰਨ ਦੇ ਲਈ ਵਿਚਾਰ ਨਹੀਂ ਕੀਤਾ ਜਾਵੇਗਾ।

ਆਰਟੀਕਲ 17 : ਛੂਆ-ਛਾਤ ਦਾ ਖਾਤਮਾ : ਛੂਆ-ਛਾਤ ਦਾ ਖਾਤਮਾ ਕੀਤਾ ਜਾਂਦਾ ਹੈ ਅਤੇ ਇਸਦਾ ਕਿਸੇ ਵੀ ਰੂਪ ਵਿਚ ਚਲਨ ਨਿਸ਼ੇਧ ਕੀਤਾ ਜਾਂਦਾ ਹੈ। ਛੂਤ-ਛਾਤ ਤੋਂ ਪੈਦਾ ਹੋਈ ਕਿਸੇ ਅਯੋਗਤਾ ਨੂੰ ਲਾਗੂ ਕਰਨਾ ਅਪਰਾਧ ਹੋਵੇਗਾ ਜੋ ਕਾਨੂੰਨ ਦੇ ਅਨੁਸਾਰ ਸਜ਼ਾ ਯੋਗ ਹੋਵੇਗਾ।

ਆਰਟੀਕਲ 29 (2) : ਰਾਜ ਦੁਆਰਾ ਪੋਸ਼ਿਤ ਜਾਂ ਰਾਜ ਦੇ ਖ਼ਜ਼ਾਨੇ ਤੋਂ ਸਹਾਇਤਾ ਪ੍ਰਾਪਤ ਕਰਨ ਵਾਲੇ ਕਿਸੇ ਸਿੱਖਿਆ ਅਦਾਰੇ ਵਿਚ ਦਾਖਲਾ ਲੈਣ ਤੋਂ ਕੇਵਲ ਧਰਮ, ਨਸਲ, ਜਾਤ, ਭਾਸ਼ਾ ਜਾਂ ਇਨ੍ਹਾਂ ਵਿਚੋਂ ਕਿਸੇ ਆਧਾਰ ਤੇ ਵੰਚਿਤ ਨਹੀਂ ਰੱਖਿਆ ਜਾਵੇਗਾ।

ਆਰਟੀਕਲ 46 : ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਅਤੇ ਹੋਰ ਕਮਜ਼ੋਰ ਵਰਗਾਂ ਦੇ ਲਈ ਸਿੱਖਿਆ ਅਤੇ ਅਰਥ ਸੰਬੰਧੀ ਹਿੱਤਾਂ ਦਾ ਵਿਕਾਸ : ਰਾਜ ਜਨਤਾ ਦੇ ਕਮਜ਼ੋਰ ਵਰਗਾਂ ਦੇ, ਵਿਸ਼ੇਸ਼ ਤੌਰ ਤੇ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਦੇ ਹਿੱਤਾਂ ਦਾ ਵਿਸ਼ੇਸ ਸਾਵਧਾਨੀ ਨਾਲ ਵਿਕਾਸ ਕਰੇਗਾ ਅਰਥਾਤ ਸਮਾਜਿਕ ਅਨਿਆਇ ਅਥਵਾ ਸਭ ਪ੍ਰਕਾਰ ਦੇ ਸ਼ੋਸ਼ਣ ਤੋਂ ਉਨ੍ਹਾਂ ਦੀ ਸੁਰੱਖਿਆ ਕਰੇਗਾ।

ਆਰਟੀਕਲ 330 : ਲੋਕ ਸਭਾ ਵਿਚ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੇ ਲਈ ਸੁਰੱਖਿਅਤ ਸਥਾਨਾਂ ਦੀ ਸੰਖਿਆ ਦਾ ਅਨੁਪਾਤ, ਲੋਕ ਸਭਾ ਵਿਚ ਉਸ ਰਾਜ ਜਾਂ ਸੰਘ-ਖੇਤਰ ਲਈ ਨਿਸ਼ਚਿਤ ਕੁੱਲ ਸਥਾਨਾਂ ਦੀ ਸੰਖਿਆ ਦੇ ਅਨੁਸਾਰ ਉਸ ਰਾਜ ਦੀ ਕੁੱਲ ਸੰਖਿਆ ਅਤੇ ਅਨੁਸੂਚਿਤ ਜਾਤੀਆਂ ਤੇ ਜਨਜਾਤੀਆਂ ਦੀ ਸੰਖਿਆ ਦੇ ਅਨੁਪਾਤ ਅਨੁਸਾਰ ਹੋਵੇਗਾ।

ਆਰਟੀਕਲ 332 : ਰਾਜਾਂ ਦੀਆਂ ਵਿਧਾਨ ਸਭਾਵਾਂ ਵਿਚ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੇ ਲਈ ਰਾਜਾਂ ਦੀ ਕੁੱਲ ਜਨਸੰਖਿਆ ਅਤੇ ਇਨ੍ਹਾਂ, ਵਰਗਾਂ ਦੀ ਜਨਸੰਖਿਆ ਦੇ ਅਨੁਪਾਤ ਅਨੁਸਾਰ ਸਥਾਨ ਸੁਰੱਖਿਅਤ ਹੋਣਗੇ।

ਆਰਟੀਕਲ 335 : ਸੇਵਾਵਾਂ ਅਤੇ ਪਦਾਂ ਦੇ ਲਈ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੇ ਦਾਅਵੇ : ਸੰਘ ਜਾਂ ਕਿਸੇ ਰਾਜ ਦੇ ਕਾਰਜਾਂ ਨਾਲ ਸੰਬੰਧਿਤ ਸੇਵਾਵਾਂ ਅਤੇ ਪਦਾਂ ਦੇ ਲਈ ਨਿਯੁਕਤੀਆਂ ਕਰਨ ਵਿਚ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੇ ਦਾਅਵਿਆਂ ਦਾ ਪ੍ਰਸ਼ਾਸਨ ਦੀ ਕਾਰਜਕੁਸ਼ਲਤਾ ਬਣਾਈ ਰੱਖਣ ਦੀ ਸੰਗਤੀ ਦੇ ਅਨੁਸਾਰ ਧਿਆਨ ਰੱਖਿਆ ਜਾਵੇਗਾ।

ਆਰਟੀਕਲ 338 : ਰਾਸ਼ਟਰੀ ਅਨੁਸੂਚਿਤ ਜਾਤੀ ਆਯੋਗ : ਅਨੁਸੂਚਿਤ ਜਾਤੀਆਂ ਲਈ ਇਕ ਆਯੋਗ ਹੋਵੇਗਾ ਜੋ ਰਾਸ਼ਟਰੀ ਅਨੁਸੂਚਿਤ ਜਾਤੀ ਆਯੋਗ ਦੇ ਨਾਂ ਨਾਲ ਜਾਣਿਆ ਜਾਵੇਗਾ। ਇਹ ਆਯੋਗ ਅਨੁਸੂਚਿਤ ਜਾਤੀਆਂ ਦੀ ਸੁਰੱਖਿਆ, ਕਲਿਆਣ, ਵਿਕਾਸ ਅਤੇ ਸਮਾਜਿਕ-ਆਰਥਿਕ ਉੱਨਤੀ ਦੇ ਲਈ ਸੰਘ ਅਤੇ ਰਾਜਾਂ ਨੂੰ ਹੋਰ ਪ੍ਰਭਾਵਸ਼ਾਲੀ ਢੰਗਾਂ ਅਤੇ ਉਪਾਵਾਂ ਦੀ ਸਿਫਾਰਿਸ਼ ਕਰੇਗਾ। ਆਯੋਗ ਦੁਆਰਾ ਪ੍ਰਸਤੁਤ ਰਿਪੋਰਟਾਂ ਨੂੰ ਰਾਸ਼ਟਰਪਤੀ ਦੁਆਰਾ ਸੰਸਦ ਦੇ ਦੋਨਾਂ ਸਦਨਾਂ ਵਿਚ ਪੇਸ਼ ਕਰਨ ਦਾ ਪ੍ਰਾਵਧਾਨ ਵੀ ਸੰਵਿਧਾਨ ਵਿਚ ਕੀਤਾ ਗਿਆ ਹੈ। ਇਸ ਆਰਟੀਕਲ ਅਧੀਨ ਰਾਸ਼ਟਰੀ ਅਨੁਸੂਚਿਤ ਜਾਤੀ ਆਯੋਗ ਦੇ ਕਰਤੱਵਾਂ ਨੂੰ ਵਿਸਥਾਰ ਸਹਿਤ ਸੰਵਿਧਾਨ ਵਿਚ ਅੰਕਿਤ ਕੀਤਾ ਗਿਆ ਹੈ। ਪ੍ਰੰਤੂ ਆਜ਼ਾਦੀ ਪ੍ਰਾਪਤੀ ਤੋਂ 68 ਸਾਲ ਬਾਅਦ ਵੀ ਬਾਬਾ ਸਾਹਿਬ ਦੀ ਸੋਚ, ਉਨ੍ਹਾਂ ਦਾ ਨਿਰੰਤਰ ਸੰਘਰਸ਼, ਉਨ੍ਹਾਂ ਦੀ ਸਖ਼ਤ ਮਿਹਨਤ ਅਤੇ ਉਨ੍ਹਾਂ ਦੇ ਸੁਪਨੇ ਪੂਰੀ ਤਰ੍ਹਾਂ ਸਾਕਾਰ ਨਹੀਂ ਹੋਏ। ਲੋਕਤੰਤਰ ਉੱਪਰ ਧਨੀ ਲੋਕਾਂ ਦੀ ਇਜਾਰੇਦਾਰੀ ਅਤੇ ਦੇਸ਼ ਦੇ ਸਾਰੇ ਆਰਥਿਕ ਤੇ ਕੁਦਰਤੀ ਸ੍ਰੋਤਾਂ ਉੱਪਰ ਪੂੰਜੀਪਤੀਆਂ ਦਾ ਕਬਜ਼ਾ ਹੋ ਚੁੱਕਾ ਹੈ। ਜਾਤ-ਪਾਤ, ਮਜ਼ਹਬੀ ਕੱਟੜਤਾ, ਰਾਜਨੀਤੀ ਵਿਚ ਨਾਇਕ ਪੂਜਾ, ਭਾਈ-ਭਤੀਜਾਵਾਦ, ਸਮਾਜਿਕ ਤੇ ਆਰਥਿਕ ਅਸਮਾਨਤਾ, ਭ੍ਰਿਸ਼ਟਾਚਾਰ, ਮਹਿੰਗਾਈ, ਬੇਰੁਜ਼ਗਾਰੀ, ਇਖ਼ਲਾਕੀ ਗਿਰਾਵਟ, ਨਿੱਜੀ ਸਵਾਰਥ, ਵੋਟ ਦੀ ਰਾਜਨੀਤੀ ਅਤੇ ਲੋਕ ਹਿੱਤਾਂ ਨਾਲੋਂ ਟੁੱਟ ਚੁੱਕੀ ਅਫ਼ਸਰਸ਼ਾਹੀ ਅਤੇ ਸਿਆਸਤ ਨੇ ਆਮ ਆਦਮੀ ਦੀ ਜ਼ਿੰਦਗੀ ਬਰਬਾਦ ਕਰਕੇ ਰੱਖ ਦਿੱਤੀ ਹੈ। ਵਿਕਸਤ ਭਾਰਤ ਦਾ ਫ਼ਾਇਦਾ ਆਮ ਆਦਮੀ ਨੂੰ ਪ੍ਰਾਪਤ ਨਹੀਂ ਹੋਇਆ। ਬਾਬਾ ਸਾਹਿਬ ਦ ਸਮੁੱਚਾ ਜੀਵਨ ਸਦੀਆਂ ਤੋਂ ਪੀੜਿਤ ਕਰੋੜਾਂ ਸ਼ੋਸ਼ਿਤਾਂ, ਪਛਾੜੇ ਤੇ ਲਤਾੜੇ ਵਰਗਾਂ ਪ੍ਰਤੀ ਸਮ-ਰਪਿਤ ਸੀ। ਆਪ ਦੇ ਸੰਘਰਸ਼ ਸਦਕਾ ਦਲਿਤਾਂ ਨੂੰ ਸ਼ਾਸਨ-ਪ੍ਰਬੰਧ ਵਿਚ ਹਿੱਸੇਦਾਰੀ ਤਾਂ ਮਿਲੀ, ਪਰ ਭਾਰਤੀ ਹੁਕਮਰਾਨਾਂ ਦੀ ਗ਼ੈਰ-ਸੰਜੀਦਗੀ ਅਤੇ ਦਲਿਤਾਂ ਵਿਚ ਏਕਤਾ ਦੀ ਘਾਟ ਕਾਰਣ ਇਹ ਹਾਲੇ ਵੀ ਤੀਸਰੇ ਦਰਜੇ ਦੇ ਸ਼ਹਿਰੀ ਹਨ।



ਡਾ. ਜੀ.ਸੀ. ਕੌਲ,
ਐਮ.ਏ., ਪੀ. ਐਚ. ਡੀ.,
91-94632-23223

ਦਲਿਤਾਂ ਵਿਚੋਂ ਪੜ੍ਹੇ-ਲਿਖੇ ਵਰਗ ਨੇ ਬਾਬਾ ਸਾਹਿਬ ਦੀਆਂ ਬਖ਼ਸ਼ਿਸ਼ਾਂ ਦਾ ਆਨੰਦ ਤਾਂ ਮਾਣਿਆ ਹੈ, ਪਰ ਇਸ ਵਰਗ ਦੀ ਮਾਨਸਿਕ ਸੋਚ ਵਿਚ ਹਾਲੇ ਕੋਈ ਪਰਿਵਰਤਨ ਨਹੀਂ ਆਇਆ। 21ਵੀਂ ਸਦੀ ਵਿਚ ਰਹਿੰਦਿਆਂ, ਵਿਗਿਆਨਕ ਯੁੱਗ ਦੀਆਂ ਸੁੱਖ-ਸਹੂਲਤਾਂ ਮਾਣਦਿਆਂ ਪੱਥਰ ਯੁੱਗ ਦੀਆਂ ਮਿੱਥਾਂ, ਵਹਿਮ-ਭਰਮ ਤੇ ਅੰਧ-ਵਿਸ਼ਵਾਸ ਹਾਲੇ ਵੀ ਇਨ੍ਹਾਂ ਦੀ ਗੁਲਾਮ ਮਾਨਸਿਕਤਾ ਦੇ ਪੱਕੇ-ਪੀਡੇ ਅੰਗ ਬਣੇ ਹੋਏ ਹਨ। ਜਿਹੜਾ ਰੂੜ੍ਹੀਵਾਦੀ, ਪਿਛਾਂਹ-ਖਿੱਚੂ ਬ੍ਰਾਹਮਣਵਾਦੀ ਫ਼ਲਸਫ਼ਾ ਇਨ੍ਹਾਂ ਦੇ ਜੜ੍ਹੀਂ ਤੇਲ ਪਾਉਂਦਾ ਰਿਹਾ, ਇਹ ਹਾਲੇ ਵੀ ਉਸ ਦੇ ਗ਼ੁਲਾਮ ਬਣੇ ਹੋਏ ਹਨ।

ਦਲਿਤਾਂ ਵਿਚੋਂ ਪੜ੍ਹੇ-ਲਿਖੇ, ਅਧਿਕਾਰੀ ਵਰਗ ਅਤੇ ਰਾਜਨੀਤਕਾਂ ਨੇ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਹੀਂ ਨਿਭਾਈ। ਬਹੁਤੇ ਦਲਿਤ ਸਿਆਸਤਦਾਨ ਤਾਂ ਸਿਆਸੀ ਮੰਡੀ ਵਿਚ ਸ਼ਰੇਆਮ ਵਿਕਾਊ ਮਾਲ ਬਣੇ ਹੋਏ ਹਨ। ਭਾਰਤੀ ਸਮਾਜ ਦੇ ਸੰਪਨ ਵਰਗ ਸਬਸਿਡੀਆਂ ਦੇ ਨਾਂ ਹੇਠ ਮੁਫ਼ਤਖੋਰੇ ਬਣੇ ਆਪਣੀ ਸਿਆਸਤ ਚਮਕਾ ਰਹੇ ਹਨ, ਪ੍ਰੰਤੂ ਸਾਡੇ ਬਹੁਤੇ ਦਲਿਤ ਸਿਆਸਤਦਨ ਚੁੱਪ ਧਾਰੀ ਬੈਠੇ ਹਨ। ਇਹ ਤਾਂ ਬਾਬਾ ਸਾਹਿਬ ਵਲੋਂ ਅਣਥੱਕ ਸੰਘਰਸ਼ ਦੁਆਰਾ ਪ੍ਰਾਪਤ ਹੱਕਾਂ ਦੀ ਸੁਰੱਖਿਆ ਕਰਨ ਤੋਂ ਹੀ ਅਸਮਰੱਥ ਹੋ ਗਏ ਹਨ।

ਅਜਿਹੀ ਸਥਿਤੀ ਵਿਚ ਅੱਜ ਬਾਬਾ ਸਾਹਿਬ ਦੇ ਮਿਸ਼ਨ ਦੀ ਸਾਰਥਕਤਾ ਹੋਰ ਵੀ ਵੱਧ ਹੈ। ਸੰਵਿਧਾਨ ਵਿਚ ਸ਼ਾਮਲ ਉਪਰੋਕਤ ਅਨੁਛੇਦਾਂ ਤੋਂ ਇਲਾਵਾ ਸਾਰੇ ਬਾਲਗ ਨਾਗਰਿਕਾਂ ਲਈ ਵੋਟ ਦਾ ਅਧਿਕਾਰ, ਸਮਾਜ ਵਿਚ ਸ਼ੂਦਰਾਂ ਵਾਂਗ ਹੀ ਨਿਮਨ-ਦਰਜਾ ਪ੍ਰਾਪਤ ਇਸਤਰੀ ਵਰਗ ਲਈ ਸਮਾਨਤਾ ਅਤੇ ਹਿੰਦੂ ਕੋਡ ਬਿੱਲ ਰਾਹੀਂ ਪ੍ਰਦਾਨ ਕੀਤੇ ਸਮੁੱਚੇ ਅਧਿਕਾਰ, ਬੇਗਾਰ, ਬੰਧਕ-ਮਜ਼ਦੂਰੀ ਅਤੇ ਬਾਲ-ਮਜ਼ਦੂਰੀ ਦੇ ਖਾਤਮੇ ਲਈ ਬਣਾਏ ਗਏ ਕਾਨੂੰਨ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਜੀਵਨ ਭਰ ਦੇ ਅਣਥੱਕ ਸੰਘਰਸ਼ ਦਾ ਹੀ ਸਿੱਟਾ ਹਨ। ਨਿਰਸੰਦੇਹ ਆਜ਼ਾਦੀ ਰਾਜਨੀਤਿਕ ਲੋਕਤੰਤਰ ਦੀ ਮੁੱਢਲੀ ਸ਼ਰਤ ਹੈ, ਪ੍ਰੰਤੂ ਬਾਬਾ ਸਾਹਿਬ ਦਾ ਸਪੱਸ਼ਟ ਮੱਤ ਸੀ ਕਿ ਰਾਜਨੀਤਿਕ ਲੋਕਤੰਤਰ ਨੂੰ ਸਮਾਜਿਕ ਅਤੇ ਆਰਥਿਕ ਲੋਕਤੰਤਰ ਵਿਚ ਬਦਲ ਕੇ ਹੀ ਸੁਤੰਤਰਤਾ, ਸਮਾਨਤਾ ਅਤੇ ਭਾਈਚਾਰੇ ਵਾਲੇ ਆਦਰਸ਼ ਸਮਾਜ ਦੀ ਸਿਰਜਣਾ ਹੋ ਸਕਦੀ ਹੈ।




# ਜੋੜੀਆਂ ਜਗ ਥੋੜ੍ਹੀਆਂ



ਡਾ. ਕਰਮਜੀਤ ਸਿੰਘ
91-98763-23862

ਮੁਕੇਰੀਆਂ ਤੋਂ ਤਲਵਾੜੇ ਜਾਣ ਵਾਲੀ ਸੜਕ ਤੇ ਇਕ ਛੋਟਾ ਜਿਹਾ ਪਿੰਡ ਹੈ ਮੋਹਰੀ ਚੱਕ। ਨਕਸ਼ੇ ਵੂਪਰ ਇਹ ਪਿੰਡ ਨਹੀਂ ਲੱਭਿਆ ਜਾ ਸਕਦਾ। ਪਰ ਮੇਰੇ ਲੋਕਯਾਨ ਦੇ ਖੇਤਰੀ-ਕਾਰਜ ਦੇ ਨਕਸ਼ੇ ਵੂਪਰ ਇਹ ਸਭ ਤੋਂ ਉਪਰ ਹੈ। ਦੋ ਸ਼ਹਿਰਾਂ ਵਿਚਕਾਰ ਵੱਸਿਆ ਹੋਣ ਦੇ ਬਾਵਜੂਦ ਇੱਥੇ ਲੋਕਧਾਰਾ ਦਾ ਪ੍ਰਵਾਹ ਨਿਰੰਤਰ ਅੱਜ ਵੀ ਵਹਿ ਰਿਹਾ ਹੈ। ਲੋਕ ਵਿਦੇਸ਼ਾਂ ਵਿਚ ਵੀ ਗਏ ਹਨ। ਤਕਨੀਕੀ ਨੇ ਇੱਥੇ ਵੀ ਡੇਰੇ ਲਾਏ ਹਨ। ਪਰ ਫਿਰ ਵੀ ਲੋਕ ਵਿਰਸਾ ਮੂਲ ਰੂਪ ਵਿਚ ਅਜੇ ਵੀ ਬਚਿਆ ਹੋਇਆ ਹੈ।

ਇਸੇ ਪਿੰਡ ਮੈਂ ਆਪਣੀ ਨਾਨੀ, ਮਾਮੀਆਂ, ਭੈਣਾਂ, ਭਰਜਾਈਆਂ ਵਿਚ ਟੇਪ ਰਿਕਾਰਡ ਲੈ ਕੇ ਬੈਠਾ ਸਾਂ। ਕਈ ਗੀਤ ਗਾਉਣ ਤੋਂ ਬਾਅਦ ਸਾਰੀਆਂ ਚੁੱਪ ਹੋ ਗਈਆਂ। ਇਕ ਭੈਣ ਨੇ ਕਿਹਾ ''ਨੀ ਉਹ ਗਾ ਦਈਏ'' ਦੂਜੀ ਨੇ ਹਾਸੇ ਨੂੰ ਚੁੰਨੀ ਦੇ ਪੱਲੇ ਨਾਲ ਰੋਕਦਿਆਂ ਜਵਾਬ ਦਿੱਤਾ, "ਨਹੀਂ ਅੜੀਏ ਗੰਦਾ ਐ'' ਗੀਤ ਕੋਈ ਹੋਵੇ ਖੇਤਰੀ ਕਾਰਜ ਕਰਨ ਵਾਲੇ ਨੂੰ ਉਹ ਮੂਲ ਰੂਪ ਵਿਚ ਸੁਣਨਾ ਪੈਂਦਾ ਹੈ ਤੇ ਰਿਕਾਰਡ ਕਰਨਾ ਹੁੰਦਾ ਹੈ। ਬਾਅਦ ਵਿਚ ਜਾ ਕੇ ਭਾਵੇਂ ਸਮਾਜਿਕ ਕਦਰਾਂ ਕੀਮਤਾਂ ਦਾ ਧਿਆਨ ਰੱਖ ਕੇ ਅਜਿਹੇ ਗੀਤ ਸਾਂਭੇ ਹੀ ਰਹਿੰਦੇ ਹਨ। ਮੈਂ ਵੀ ਅਸ਼ਲੀਲ ਕਹੇ ਜਾਂਦੇ ਗੀਤਾਂ ਨੂੰ ਆਪਣੀਆਂ ਪੁਸਤਕਾਂ ਵਿਚ ਨਹੀਂ ਦਿੱਤਾ। ਹੁਣ ਤੱਕ ਮੈਂ ਹਰ ਗੀਤ ਕਢਵਾਉਣ ਵਿਚ ਕਾਮਯਾਬ ਵੀ ਹੁੰਦਾ ਰਿਹਾ ਸਾਂ। ਇਸ ਲਈ ਮੈਂ ਠਾਣ ਲਈ ਕਿ ਗੀਤ ਤਾਂ ਰਿਕਾਰਡ ਕਰਵਾ ਹੀ ਲੈਣਾ ਹੈ।

ਕੁੜੀਆਂ ਇੱਧਰ ਉਧਰ ਦੀ ਮਾਰ ਕੇ ਚੁੱਪ ਕਰ ਜਾਂਦੀਆਂ ਪਰ ਇਹ ਗੀਤ ਫਿਰ ਨਾ ਸੁਣਾਉਂਦੀਆਂ। ਜਦ ਮੈਂ ਨਾ ਹੀ ਖਹਿੜਾ ਛੱਡਿਆ ਤਾਂ ਮਾਮੀ ਕਹਿਣ ਲੱਗੀ, "ਕੁੜੇ ਐਂ ਕਰੋ ਜਿੰਨਾ ਆਉਂਦਾ ਉਨਾ ਹੀ ਸੁਣਾ ਦਿਓ।'' ਨਾਲ ਹੀ ਉਸਨੇ ਰਮਜ਼ੀ ਇਸ਼ਾਰਾ ਵੀ ਕਰ ਦਿੱਤਾ। ਝਿਜਕ ਹੌਲੀ ਹੌਲੀ ਦੂਰ ਹੋਈ ਤਾਂ ਕੁੜੀਆਂ ਨੇ ਗੀਤ ਛੁਹਿਆ।

ਪੀਲੀ ਪੀਲੀ ਮਿੱਟੀ ਦੇ ਬਨੇਰੇ ਲਿਪਦੀ
ਬੁਢੜੇ ਨੂੰ ਦੇਖ ਕੇ ਮੈਂ ਦੂਰੋਂ ਪਿੱਟਦੀ।

ਮੈਂ ਹੈਰਾਨ ਸਾਂ ਕਿ ਇਸ ਗੀਤ ਵਿਚ ਤਾਂ ਕੁਝ ਵੀ ਮਾੜਾ ਨਹੀਂ। ਉਹ ਕੁੜੀ ਜਿਸਦਾ ਬੁੱਢੇ ਨਾਲ ਪਿਆਰ ਹੋਇਆ ਹੋਵੇ, ਉਹ ਉਸਨੂੰ ਪਿਟੇਗੀ ਨਹੀਂ ਤਾਂ ਹੋਰ ਕੀ ਕਰੇਗੀ? ਘਰ ਦੇ ਬਨੇਰੇ ਲਿਪਣ ਦਾ ਘਰੇਲੂ ਕੰਮ ਵੀ ਉਹ ਕਰੇਗੀ ਹੀ। ਚਲੋ, ਮੈਂ ਕਿਹਾ ਸ਼ਾਇਦ ਅਗਾਂਹ ਕੁਝ ਹੋਰ ਹੋਵੇ।

ਛੱਜ ਭਰਿਆ ਦਾਣਿਆਂ ਦਾ ਚੂਹੇ ਟੁੱਕ ਗਏ।
ਬੁਢੜੇ ਨੂੰ ਦੇਖ ਮੇਰੇ ਲੇਖ ਫੁੱਟ ਗਏ।

ਭਾਵੇਂ ਕੁੜੀਆਂ ਕਈ ਵਾਰ ਵਜ਼ਨ ਪੂਰਾ ਕਰਨ ਲਈ ਫਾਲਤੂ ਭਰਤੀ ਕਰ ਲੈਂਦੀਆਂ ਹਨ, ਪਰ ਇੱਥੇ ਤਾਂ ਉਹ ਵੀ ਨਹੀਂ ਸੀ। ਛੱਜ ਭਰਿਆ ਦਾਣਿਆਂ ਦਾ ਚੂਹੇ ਟੁੱਕਣ ਦਾ ਮੇਲ, ਬੁਢੜੇ ਨਾਲ ਜੋੜ ਸਦਕਾ ਝੁੱਗਾ ਚੌੜ ਹੋਣ ਨਾਲ ਮੁਕਾਬਲਾ ਘਰੇਲੂ ਔਰਤਾਂ ਹੀ ਕਰ ਸਕਦੀਆਂ ਹਨ। ਮਿਹਨਤ ਨਾਲ ਜੁੜੀਆਂ ਵੀ ਕਲਪਨਾ ਦਾ ਸੁਹਜ ਸਿਰਜਦੀਆਂ ਵੀ। ਗੱਲ ਹੋਰ ਅਗਾਂਹ ਤੁਰੀ,

ਗੱਡੀ ਆਈ ਗੱਡੀ ਆਈ ਟੱਲਮ ਟੱਲੀਆਂ,
ਬੁਢੜੇ ਨੂੰ ਦੇਖ ਕੇ ਮੈਂ ਪੇਕੇ ਚੱਲੀਆਂ।

ਇਸ ਵਿਚ ਵੀ ਕੋਈ ਅਤਿਕਥਨੀ ਦਿਖਾਈ ਨਹੀਂ ਦਿੱਤੀ ਕਿ ਮੌਕਾ ਮਿਲਣ ਤੇ ਹੀ ਦੁਖੀ ਕੁੜੀ ਪੇਕੇ ਨੂੰ ਜਾਏਗੀ ਹੀ। ਜੇ ਗੱਡੀ (ਬਲਦਾਂ ਵਾਲੀ ਗੱਡੀ) ਆ ਜਾਵੇ ਤਾਂ ਰੁਕਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਮੈਂ ਪ੍ਰੇਸ਼ਾਨ ਜਿਹਾ ਹੋ ਗਿਆ ਕਿ ਅਜਿਹੇ ਗੀਤ ਨੂੰ ਗਾਉਣ ਤੋਂ ਇਨਕਾਰ ਕਿਉਂ ਕੀਤਾ ਜਾ ਰਿਹਾ ਸੀ। ਇੰਨੇ ਨੂੰ ਇਕ ਭੈਣ ਨੇ ਨਾਲ ਦੀ ਨੂੰ ਕੂਹਣੀ ਮਾਰੀ। ਬਾਅਦ ਵਿਚ ਮੈਨੂੰ ਪਤਾ ਲੱਗਾ ਕਿ ਜਿਸਨੂੰ ਕੂਹਣੀ ਵੱਜੀ ਸੀ। ਉਸਦਾ ਪਤੀ ਬੁੱਢਾ ਨਹੀਂ ਤਾਂ ਕਾਫੀ ਉਮਰ ਦਾ ਸੀ। ਪਰ ਉਹ ਵੀ ਗੀਤਾਂ ਨੂੰ ਪੂਰਾ ਸੁਆਦ ਲੈ ਕੇ ਗਾ ਰਹੀ ਸੀ। ਹੁਣ ਮੈਨੂੰ ਇਹ ਸਮਝ ਹੈ ਕਿ ਜੋ ਕੁਝ ਉਹ ਵੱਡੀ ਉਮਰ ਦੇ ਕੌਂਤ ਨੂੰ ਨਹੀਂ ਸੀ ਕਹਿ ਸਕਦੀ, ਗੀਤ ਉਸਨੂੰ ਜ਼ੁਬਾਨ ਦੇ ਰਿਹਾ ਸੀ ਤੇ ਉਹ ਵੀ ਆਪਣਾ ਕਥਾਰਸਿਸ ਕਰਦੀ ਮੁਸਕੜੀਆਂ ਹੱਸ ਰਹੀ ਸੀ। ਮਨ ਵਿਚ ਕਿੰਨੀ ਖੁਸ਼ੀ ਹੋਵੇਗੀ ਇਸਦਾ ਅੰਦਾਜ਼ਾ ਹੀ ਲਾਇਆ ਜਾ ਸਕਦਾ ਸੀ। ਪਰ ਅਜਿਹੀ ਖੁਸ਼ੀ ਕੁਝ ਚਿਰ ਦੀ ਹੀ ਹੋ ਸਕਦੀ ਸੀ ਕਿਉਂਕਿ ਇੱਥੋਂ ਉਠ ਕੇ ਫਿਰ ਉਸੇ ਬੁੱਢੇ ਨਾਲ ਵਾਹ ਪੈਣਾ ਸੀ। ਖੈਰ ਕੁੜੀਆਂ ਮੁਸਕਰਾਉਂਦੀਆਂ ਹੋਈਆਂ ਅਗਲੀਆਂ ਪੰਗਤੀਆਂ ਗਾ ਰਹੀਆਂ ਸਨ।

ਗੱਡੀ ਆਈ ਗੱਡੀ ਆਈ ਵਿਚ ਚੌਂਕ ਦੇ।
ਬੁੱਢੜੇ ਨੂੰ ਦੇਖ ਦੂਰੋਂ ਕੁੱਤੇ ਭੌਂਕਦੇ।

ਗੀਤ ਨੇ ਤਾਂ ਕਾਂਟਾ ਬਦਲ ਲਿਆ ਸੀ। ਔਰਤ ਆਪਣੀ ਕਿਸਮਤ ਨੂੰ ਰੋਂਦੀ, ਪੇਕੇ ਜਾਂਦੀ ਜਾਂਦੀ, ਬੁੱਢੜੇ ਦਾ ਮੌਜੂ ਬਣਾਉਣ ਉਪਰ ਉਤਾਰੂ ਹੋ ਗਈ ਸੀ। ਤੇ ਗਾ ਰਹੀਆਂ ਕੁੜੀਆਂ ਸ਼ਾਇਦ ਆਪਣੀਆਂ ਅੱਖਾਂ ਸਾਹਵੇਂ ਬੁੱਢੇ ਨੂੰ ਕੁੱਤਿਆਂ ਵਿਚ ਘਿਰਿਆ, ਬੇਵੱਸ ਦੇਖ ਕੇ ਸੁਆਦ ਸੁਆਦ ਹੋ ਰਹੀਆਂ ਸਨ। ਮੈਂ ਤਾਂ ਅਚਾਨਕ ਸਰੋਤਾ ਬਣ ਗਿਆ ਸਾਂ, ਪਰ ਇੱਥੋਂ ਹੀ ਮੈਂ ਸਮਝ ਸਕਿਆ ਕਿ ਸਮੂਹ ਆਪ ਹੀ ਗਾਇਕ ਹੁੰਦਾ ਤੇ ਆਪ ਹੀ ਸਰੋਤਾ। ਹਾਂ ਉਸਨੂੰ ਵੀ ਸ਼ਾਇਦ ਸਰੋਤਾ ਮੰਨ ਲਈਏ ਜਿਸਨੂੰ ਇਹ ਗੀਤ ਨਹੀਂ ਆਉਂਦਾ ਸੀ। ਪਰ ਉਹ ਤਾਂ ਗੀਤ ਦੇ ਨਾਲ ਨਾਲ ਊ.... ਊ ਕਰੀ ਜਾ ਰਹੀ ਸੀ। ਉਹ ਤਾਂ ਸਿਖਾਂਦਰੂ ਹੋਈ ਫਿਰ। ਮੈਂ ਅਚਾਨਕ ਤ੍ਰਭਕਿਆ ਜਦੋਂ ਬੁੱਢੇ ਨੂੰ ਨਹਿਰ ਵਿਚ ਧੱਕਾ ਦਿੱਤਾ ਜਾ ਰਿਹਾ ਸੀ। ਨਾਲ ਹੀ ਮੇਰਾ ਹਾਸਾ ਨਿਕਲ ਗਿਆ। ਤ੍ਰਭਕਿਆ ਸ਼ਾਇਦ ਆਪ ਮਰਦ ਹੋਣ ਕਰਕੇ ਸੀ ਤੇ ਹਾਸੇ ਦੀਆਂ ਤਾਂ ਸਥਿਤੀਆਂ ਹੀ ਸਨ।

ਗੱਡੀ ਆਈ ਗੱਡੀ ਆਈ ਵਿਚ ਸ਼ਹਿਰ ਦੇ,
ਬੁੱਢੜੇ ਨੂੰ ਧੱਕਾ ਦੇਵੋ ਵਿਚ ਨਹਿਰ ਦੇ।
ਮਾਏ ਨੀ ਮਾਏ ਬੁੱਢਾ ਅੱਸੀ ਸਾਲ ਦਾ,
ਤੂਹੀਉਂ ਲਾਵਾਂ ਲੈ ਲਾ ਬੁੱਢਾ ਤੇਰੇ ਹਾਣ ਦਾ।

ਇੱਥੇ ਆ ਕੇ ਗੀਤ ਨੇ ਦੂਜਾ ਕਾਂਟਾ ਬਦਲਿਆ ਸੀ ਤੇ ਮੈਂ ਆਉਣ ਵਾਲੀਆਂ ਸਥਿਤੀਆਂ ਦੀ ਕਲਪਨਾ ਕਰਨ ਦੀ ਕੋਸ਼ਿਸ਼ ਕੀਤੀ ਕਿ ਗੀਤ ਰੁਕ ਗਿਆ। ਹੁਣ ਤੱਕ ਦੇ ਤਜਰਬੇ ਨੇ ਮੈਨੂੰ ਦੱਸ ਦਿੱਤਾ ਸੀ ਕਿ ਗੀਤ ਤਾਂ ਅਜੇ ਅਧੂਰਾ ਸੀ। ਪਰ ਕੁੜੀਆਂ ਨੇ ਪੈਰ ਅੜਾ ਲਏ। ਜਦ ਕਿ ਉਨ੍ਹਾਂ ਦੇ ਹਾਸੇ ਦੀ ਛਣਕਾਰ ਇਹ ਦੱਸ ਰਹੀ ਸੀ ਕਿ ਗੀਤ ਅਗਾਂਹ ਹੋਰ ਹੈ ਤੇ ਹੈ ਵੀ ਮਨੋਰੰਜਕ ਮੇਰੀ ਪੂਰੀ ਵਾਹ ਲਾਉਣ ਤੋਂ ਬਾਅਦ ਵੀ ਮੈਨੂੰ ਕਹਿਣ ਲੱਗੀਆਂ, "ਭਾ ਜੀ ਜਦ ਕੁੜੀਆਂ ਨੇ ਕਹਿ ਹੀ ਦਿੱਤਾ ਕਿ ਅੱਸੀ ਸਾਲ ਦੇ ਬੁੱਢੇ ਦੇ ਮੈਂ ਨਹੀਂ ਵੱਸ ਸਕਦੀ, ਮਾਂ ਵੱਸ ਲਏ ਤਾਂ ਵੱਸ ਲਏ। ਤਾਂ ਗੀਤ ਤਾਂ ਪੂਰਾ ਹੋ ਗਿਆ।'' ਪਰ ਮੈਂ ਸਿਰ ਫੇਰ ਦਿੱਤਾ। ਆਖਿਰ ਮਾਮੀ ਨੇ ਕਿਹਾ ''ਕਰਮ ਸਿਹਾਂ ਸੱਚੀ ਗੱਲ ਇਹ ਆ ਭਈ ਅੱਗੇ ਗੀਤ ਚੱਜਦਾ ਨਹੀਂ। ਹੁਣ ਨਹੀਂ ਇਨ੍ਹਾਂ ਨੇ ਗਾਉਣਾ।'' ਮੈਂ ਹਥਿਆਰ ਸੁੱਟ ਦਿੱਤੇ।

ਇਹ ਅਧੂਰਾ ਗੀਤ ਤਾਂ ਮੈਂ ਗੁਣਗਣਾਉਂਦਾ ਰਿਹਾ ਪਰ ਪੂਰਾ ਕਰਨ ਦਾ ਲਾਲਚ ਵੀ ਬਚਿਆ ਰਿਹਾ। ਹੁਣ ਮੈਨੂੰ ਪਿੰਡ ਤਾਂ ਯਾਦ ਨਹੀਂ ਜਿੱਥੋਂ ਇਹ ਗੀਤ ਪੂਰਾ ਹੋਇਆ। ਪਰ ਉਸ ਦਿਨ ਸੱਚਮੁਚ ਮੈਂ ਬਹੁਤ ਖੁਸ਼ ਵੀ ਸਾਂ ਤੇ ਉਸ ਸਥਿਤੀ 'ਚ ਜਾਣ ਕੇ ਲੋਟ ਪੋਟ ਵੀ ਹੋ ਰਿਹਾ ਸਾਂ ਜਿਸ ਵਿਚ ਬੁੱਢੇ ਦਾ ਮਖੌਲ ਉਡਾਇਆ ਗਿਆ ਸੀ। ਇੱਥੇ ਅਹਿਸਾਸ ਹੋਇਆ ਕਿ ਕੁੜੀ ਨੇ ਜਿਹੜੀ ਗੱਲ ਮਾਂ ਨੂੰ ਆਖੀ ਸੀ, ਉਸਦਾ ਜਵਾਬ ਵੀ ਅਜੇ ਬਾਕੀ ਸੀ। ਜਿਹੜੀ ਗੱਲ ਮੇਰੇ ਲਈ ਨਵੀਂ ਸੀ ਉਹ ਇਹ ਕਿ ਇਹੀ ਗੀਤ ਗਿੱਧੇ ਦੇ ਪਿੜ ਵਿਚ ਗਾਇਆ ਜਾ ਰਿਹਾ ਸੀ। ਦੁਆਬੇ ਦਾ ਜੰਮਪਲ ਹੋਣ ਕਰਕੇ ਖੇਤਰੀ ਕਾਰਜ ਦੌਰਾਨ ਮੈਂ ਇੱਥੋਂ ਦੇ ਗਿੱਧੇ ਦੀ ਇਸ ਵਿਸ਼ੇਸ਼ਤਾ ਨੂੰ ਜਾਣਦਾ ਸਾਂ। ਇਸ ਵਿਚ ਇੱਥੇ ਧੀਮੀ ਗਿੱਧੇ ਦੀ ਲੈਅ ਤੇ ਛੋਟੇ ਛੋਟੇ ਗੀਤ ਗਾਏ ਜਾਂਦੇ ਹਨ। ਅੰਤਰ ਕੇਵਲ ਇੰਨਾ ਸੀ ਕਿ ਇਸ ਨਾਲ ਇਕ ਪੰਗਤੀ ਟੇਕ ਦੇ ਤੌਰ ਤੇ ਜੋੜੀ ਹੋਈ ਸੀ, ਜਿਸ ਉਪਰ ਨੱਚਿਆ ਜਾ ਰਿਹਾ ਸੀ।

'ਬੁੱਢਿਆ ਖੋਹਲ ਕੰਗਣਾ ਜਿਹੜਾ ਰਾਤੀ ਬੰਨਿਆ।'

ਸਥਿਤੀ ਪਹਿਲਾਂ ਨਾਲੋਂ ਸਾਫ ਹੋ ਗਈ ਸੀ ਕਿ ਬੁੱਢਾ ਉਸਦੇ ਕਿਸੇ ਤਰ੍ਹਾਂ ਮੇਚ ਨਹੀਂ ਹੈ। ਨਾ ਸਰੀਰਕ ਤੌਰ ਤੇ ਨਾ ਹੀ ਮਾਨਸਿਕ ਤੌਰ ਤੇ। ਉਪਰੋਕਤ ਗੀਤ ਤਾਂ ਉਵੇਂ ਹੀ ਗਿੱਧੇ ਦੇ ਪਿੜ ਵਿਚ ਗੂੰਜ ਰਿਹਾ ਸੀ ਤੇ ਹਾਸੜ ਪਹਿਲੇ ਸਮੂਹ ਨਾਲੋਂ ਵੀ ਵਧੇਰੇ। ਜਦੋਂ ਗਿੱਧੇ ਵਾਲੀ ਕੁੜੀ ਨੇ ਹੱਥ ਉਲਾਰ ਕੇ "ਤੂੰਹੀਓ ਲਾਵਾਂ ਲੈ ਲਾ, ਬੁੱਢਾ ਤੇਰੇ ਹਾਣ ਦਾ'' ਕਿਹਾ ਤਾਂ ਮੈਂ ਬਿਲਕੁਲ ਇਕਾਗਰ ਹੋ ਗਿਆ ਤੇ ਟੇਪ ਚੈਕ ਕਰ ਲਈ ਕਿ ਕਿਤੇ ਧੋਖਾ ਨਾ ਦੇ ਜਾਏ। ਕੁੜੀਆਂ ਰੁਕੀਆਂ ਨਹੀਂ ਮੇਰੇ ਸਮੇਤ ਕੁਝ ਹੋਰ ਮਰਦਾਂ ਦੇ ਖੜ੍ਹੇ ਹੋਣ ਦੇ ਬਾਵਜੂਦ ਉਹਨਾਂ ਅਗਲਾ ਟੱਪਾ ਚੁੱਕਿਆ।

ਧੀਏ ਨੀ ਧੀਏ ਐਡੇ ਬੋਲ ਬੋਲਦੀ,
ਬੁੱਢੇ ਨਾ, ਸੰਜੋਗ ਮੁੰਡਾ ਕਿੱਥੋਂ ਟੋਲਦੀ।

ਮਾਂ ਦਾ ਇਹ ਜਵਾਬ ਬੇਵਸੀ ਵਾਲਾ ਸੀ, ਗੱਲ ਸੰਜੋਗਾਂ ਤੇ ਸੁੱਟੀ ਜਾ ਰਹੀ ਸੀ। ਪਰ ਸਾਰਾ ਪਿੜ ਹੱਸ ਰਿਹਾ ਸੀ। ਹੁਣ ਬਾਰੀ ਆਈ ਉਨ੍ਹਾਂ ਪੰਗਤੀਆਂ ਦੀ ਜਿਹਨਾਂ ਨੇ ਗੀਤ ਨੂੰ ਹਾਸੇ ਦੇ ਸਿਖਰ 'ਤੇ ਪਹੁੰਚਾਉਣਾ ਸੀ। ਬੁੱਢਾ ਇੱਥੇ ਊਤ ਬਣ ਗਿਆ।

ਮਾਏ ਨੀ ਮਾਏ ਬੁੱਢਾ ਬੜਾ ਊਤ ਨੀ।
ਚਿੱਟਿਆਂ ਵਿਛਉਣਿਆਂ ਤੇ ਦਿੰਦਾ ਮੂਤ ਸੀ।

ਇਕ ਕੁੜੀ ਤਾਂ ਢਿੱਡ 'ਚ ਹੱਥ ਦੇ ਕੇ ਲੋਟ ਪੋਟ ਹੋ ਗਈ, ਉਸਨੂੰ ਖੰਘ ਉੱਠੀ ਤਾਂ ਉਹ ਥੋੜ੍ਹੀ ਦੂਰ, ਹਾਸਾ ਰੋਕਦੀ ਰਹੀ। ਪਰ ਗਿੱਧੇ 'ਚ ਵੜੀਆਂ ਕੁੜੀਆਂ ਤਾਂ ਸਿਖਰ ਦੇਖ ਰਹੀਆਂ ਸਨ।

ਮਾਏ ਨੀ ਮਾਏ ਬੁੱਢਾ ਬੜਾ ਹੱਦ ਨੀ।
ਚਿਟਿਆਂ ਵਿਛਾਉਣਿਆਂ ਤੇ ਦਿੰਦਾ ਹੱਗ ਨੀ।
ਬੁੱਢਿਆ ਖੋਲ੍ਹ ਕੰਗਣਾ ਜਿਹੜਾ ਰਾਤੀ ਬੰਨ੍ਹਿਆ।

ਗਿੱਧੇ ਨੇ ਪੂਰੀ ਤੇਜ਼ੀ ਫੜੀ ਤੇ ਅਚਾਨਕ ਕੁੜੀਆਂ ਲੋਟ ਪੋਟ ਹੁੰਦੀਆਂ ਪਿੜ 'ਚੋਂ ਬਾਹਰ ਹੋ ਗਈਆਂ। ਕਈ ਚਿਰ ਤੱਕ ਗਿੱਧਾ ਦੁਬਾਰਾ ਸ਼ੁਰੂ ਨਾ ਹੋ ਸਕਿਆ। ਬਾਅਦ ਵਿਚ ਜਦੋਂ ਮੈਂ ਟੇਪ ਤੋਂ ਇਹੀ ਗੀਤ, ਕਾਗਜ਼ ਤੇ ਉਤਾਰਿਆ ਤਾਂ ਗੀਤ ਪਿੱਛੇ ਛੁਪੇ ਸਮੁੱਚੇ ਸਮਾਜਿਕ ਵਾਤਾਵਰਣ ਨੂੰ ਰੱਖ ਕੇ ਇਕ ਨਵੀਂ ਹੀ ਦ੍ਰਿਸ਼ਟੀ ਪ੍ਰਾਪਤ ਹੋਈ। ਇਹ ਗੀਤ ਮੈਂ ਮੂਲ ਤਰਜ਼ ਉਪਰ ਗਾ ਵੀ ਲੈਂਦਾ ਹਾਂ ਤੇ ਮੂਡ ਬਣੇ ਤਾਂ ਦੁਆਬੇ ਦੇ ਗਿੱਧੇ ਵਿਚ ਵੀ ਜਾ ਵੜਦਾ ਹਾਂ ਇਸ ਤਰਾਂ ਕਰਨ ਨਾਲ ਮੈਂ ਲੋਕਗੀਤਾਂ ਦੀਆਂ ਸਿਰਜਕਾਂ ਦੇ ਹੋਰ ਨੇੜੇ ਹੋ ਜਾਂਦਾ ਹਾਂ। ਜੋ ਮੈਨੂੰ ਹੋਰ, ਹੋਰ ਡੂੰਘੇ ਲੋਕਗੀਤਾਂ ਨਾਲ ਵਾਹ ਪੁਆਉਂਦੀਆਂ ਹਨ।

# 'ਦੇਸ਼ ਦੁਆਬਾ' ਵੱਲੋਂ ਪ੍ਰਕਾਸ਼ਿਤ ਕਿਤਾਬ "ਕਥਾਵਾਂ ਬਿਸਤ ਦੁਆਬ ਦੀਆਂ"




## ਵਰ ਆਖਰ ਸਰਾਪ

ਇਕ ਬਾਦਸ਼ਾਹ ਨੇ ਸ਼ਿਵ ਦੀ ਤਪੱਸਿਆ ਕੀਤੀ। ਬਾਦਸ਼ਾਹ ਦੀ ਤਪੱਸਿਆ ਮੰਜ਼ੂਰ ਹੋ ਗਈ। ਸ਼ਿਵ ਬਾਦਸ਼ਾਹ ਨੂੰ ਆਖਣ ਲੱਗੇ - 'ਮੰਗ, ਕੀ ਮੰਗਦਾਂ? ਬਾਦਸ਼ਾਹ ਕਹਿੰਦਾ ਮਾਰ੍ਹਾਜ ਇੱਦਾਂ ਨੀ, ਪਹਿਲਾਂ ਮੈਨੂੰ ਤਿੰਨ ਵਚਨ ਦੇ ਦਿਓ।

ਇਨ੍ਹੀ ਦਬਾਸਟ ਤਿੰਨ ਵਚਨ ਦੇ ਦਿੱਤੇ। ਕਹਿੰਦੇ ਹੁਣ ਮੰਗ ਲੈ ਕੀ ਮੰਗਦਾ।

ਬਾਦਸ਼ਾਹ ਕਹਿਣ ਲੱਗਾ - ਜੀ ਮੈਥੋਂ ਉੱਤੇ ਨਾ ਕੋਈ ਬਲੀ ਹੋਵੇ ਨਾ ਯੋਧਾ ਹੋਵੇ। ਮੈਥੋਂ ਉੱਤੇ ਕੋਈ ਨਾ ਹੋਵੇ। ਇੰਨਾ ਵਰ ਮੈਨੂੰ ਚਾਹੀਦਾ। ਇਹ ਦੇ ਦਿਓ। ਜਾਂ ਆਪਣੇ ਵਚਨ ਵਾਪਸ ਕਰ ਲਓ। ਹੁਣ ਸ਼ਿਵ ਹੋਰੀਂ ਆਪਣੇ ਵਚਨ ਵਾਪਸ ਥੋੜ੍ਹੀ ਕਰ ਸਕਦੇ ਸੀ। ਉਨ੍ਹੀਂ ਬਾਦਸ਼ਾਹ ਨੂੰ ਵਰ ਦੇ ਦਿੱਤਾ।

ਏਹੋ ਬਾਦਸ਼ਾਹ ਇੰਨਾ ਬਲੀ ਹੋ ਗਿਆ ਕਿ ਕੋਈ ਅੰਤ ਈ ਨਾ ਰਿਹਾ। ਬਾਦਸ਼ਾਹ ਕੋਲੋਂ ਆਪਣਾ ਜੋਸ਼ ਥੰਮ੍ਹਿਆ ਨਾ ਜਾਵੇ। ਕਹਿ ਤਾਂ ਬਾਦਸ਼ਾਹ ਸ਼ਿਵ ਨੂੰ ਨੇਮਸ਼ਕਾਰ ਕਰਦਾ ਸੀ। ਉਹਦੀ ਤਪੱਸਿਆ ਜੁ ਕੀਤੀ ਸੀ। ਕਹਿ ਗੁੱਸੇ ਦੇ ਵਿਚ ਆ ਕੇ ਚਿੱਲ ਗਿਆ ਸ਼ਿਵ ਕੋਲ। ਜਾ ਕੇ ਸ਼ਿਵ ਨੂੰ ਕਹਿੰਦਾ - 'ਸੁਣ ਓ ਸਾਧਾ। ਜਾਂ ਤਾਂ ਮੇਰੇ ਨਾਲ ਕੁਸ਼ਤੀ ਕਰਨ ਨੂੰ, ਜੰਗ ਕਰਨ ਨੂੰ ਕਿਸੇ ਨੂੰ ਭੇਜ ਦੇ। ਮੋਹਲਤ ਲੈ ਲੈ ਜਿੰਨੇ ਮਰਜੀ ਚਿਰ ਦੀ। ਨਹੀਂ ਤਾਂ ਮੈਂ ਤੈਨੂੰ ਨੀ ਛੱਡਣਾ।

ਹੁਣ ਸ਼ਿਵ ਹੋਰੀਂ ਸੋਚਣ ਵਿਚਾਰਨ ਡਹਿ ਪਏ। ਉਹਨਾਂ ਨੂੰ ਅਹੁੜੇ ਕੁਝ ਨਾ। ਅਹੁੜੇ ਕੀ, ਵਰ ਜੋ ਦੇਤਾ ਸੀ।

ਓਧਰ ਸੈਰ ਕਰਦੇ ਕਰਦੇ ਨਾਰਦ ਮੁਨੀ ਸ਼ਿਵ ਕੋਲ ਆ ਗਏ। ਆ ਕੇ ਨੇਮਸ਼ਕਾਰ ਕੀਤੀ।

ਨਾਰਦਮੁਨੀ ਕਹਿਣ ਲੱਗੇ-ਮਾਰ੍ਹਾਜ, ਅੱਜ ਕੋਈ ਉਦਾਸੀ ਜਿਹੀ ਦਿਹਦੀ ਆ।

ਨਾਰਦਾ ਤੈਨੂੰ ਕੀ ਦੱਸਾਂ ..?

ਤਾਮੀਂ ਮਾਰ੍ਹਾਜ ...। ਜਦ ਤੁਹਾਡੇ ਚਿਹਰੇ ਤੇ ਉਦਾਸੀ ਆ ਗਈ ਤਾਂ ਬਾਕੀ ਕੀ ਕਰਨਗੇ।

ਸ਼ਿਵ ਹੋਰੀਂ ਸਾਰੀ ਗੱਲਬਾਤ ਦੱਸ ਦਿੱਤੀ ਅਖੇ ਆਹ ਕਾਰਨ ਹੋਇਆ।

ਨਾਰਦ ਕਹਿਣ ਲੱਗੇ-ਏਦਾਂ ਹੋਣਾ ਈ ਸੀ। ਤੁਸੀਂ ਸੋਚ ਵਿਚਾਰ ਕੇ ਤਾਂ ਕਿਸੇ ਨੂੰ ਵਰ ਦਿੰਦੇ ਨੀ। ਹੁਣ ਕਿਉਂ ਨਮੋਸ਼ੀ ਕਰਦੇ ਆਂ। ... ਚਲੋ ਤੁਸੀਂ ਮਾਰ੍ਹਾਜ ਹੁਣ ਫ਼ਿਕਰ ਨਾ ਕਰੋ। ਇਹਦਾ ਕੋਈ ਮੈਂ ਹੱਲ ਕਰਦਾ।

ਓ ਨਾਰਦਾ ...। ਹੱਲ ਇਹ ਜਰੂਰ ਕਰਨਾ ਪੈਣਾ। ਉਹ ਤਾਂ ਬਹੁਤ ਕ੍ਰੋਧ ਦੇ ਵਿਚ ਆ।

ਜੀ ਤੁਸੀਂ ਫ਼ਿਕਰ ਨਾ ਕਰੋ। ਮੈਂ ਕਰਦਾ।

ਨਾਰਦ ਮੁਨੀ ਉਥੋਂ ਆ ਗਿਆ। ਕ੍ਰਿਸ਼ਨ ਦਾ ਮੁੰਡਾ ਸੀ ਪ੍ਰਦੁਮਣ। ਸੀ ਅਜੇ ਛੋਟੀ ਉਮਰ ਦਾ। ਨਾਰਦ ਇਹਨੂੰ ਚੱਕ ਕੇ ਲੈ ਗਿਆ। ਨਾਰਦ ਨੇ ਇਸ ਮੁੰਡੇ ਨੂੰ ਚੱਕ ਕੇ ਉਸ ਬਾਦਸ਼ਾਹ ਦੀ ਲੜਕੀ ਦੇ ਮੰਦਰੀਂ ਦਾਖਲ ਕਰ ਦਿੱਤਾ।

ਲੜਕੀ ਪ੍ਰਦੁਮਣ ਦੀ ਸੂਰਤ ਦੇਖ ਕੇ ਇਹਦੇ ਤੇ ਮੋਹਿਤ ਹੋ ਗਈ। ਲੜਕੀ ਕਹਿਣ ਲੱਗੀ ਕਿ ਜੇ ਮੇਰੀ ਸ਼ਾਦੀ ਹੋਵੇ ਤਾਂ ਇਹਦੇ ਨਾਲ ਈ ਹੋਵੇ। ਹੋਰ ਕਿਸੇ ਨਾਲ ਨਾ ਹੋਵੇ।

ਨਾਰਦ ਥੋੜ੍ਹਾ ਕੁ ਚਿਰ ਉੱਥੇ ਰਿਹਾ। ਬਾਅਦ ਵਿਚ ਇਨੇ ਲੜਕਾ ਚੱਕ ਕੇ ਉਹਨਾਂ ਦੇ ਹਵਾਲੇ ਕਰ ਦਿੱਤਾ, ਜਿੱਥੋਂ ਲੈ ਕੇ ਆਇਆ ਸੀ।

ਥੋੜ੍ਹੇ ਕੁ ਦਿਨੀਂ ਬਾਦਸ਼ਾਹ ਫੇਰ ਸ਼ਿਵ ਕੋਲ ਗਿਆ ਕਹਿੰਦਾ ... ਓ ਸਾਧਾ ਕੋਈ ਇੰਤਜ਼ਾਮ ਕੀਤਾ।

ਹੁਣ ਸਾਧ ਕੀ ਬੋਲੇ। ਨਾਲੇ ਸ੍ਰਿਸ਼ਟੀ ਦੇ ਮਾਲਕ ਸੀ ਪਰ ਕੁਛ ਨਾ ਅਹੁੜੇ।

ਲੈ ਤੈਨੂੰ ਹੁਣ ਪੰਦਰਾਂ ਦਿਨ ਦਿੱਤੇ। ਜੇ ਤੈਂ ਪੰਦਰਾਂ ਦਿਨਾਂ 'ਚ ਕੋਈ ਇੰਤਜ਼ਾਮ ਕਰ ਦਿੱਤਾ ਤਾਂ ਠੀਕ ਆ। ਨਹੀਂ ਤਾਂ ਫੇਰ ਸਮਝ ਲਵੀਂ ਤੇਰਾ ਅੰਨ ਪਾਣੀ ਮੁੱਕ ਗਿਆ। ਤੈਨੂੰ ਨੀ ਛੱਡਣਾ। ਬਾਦਸ਼ਾਹ ਚਲਾ ਗਿਆ। ਸ਼ਿਵ ਨੂੰ ਅੱਗੇ ਨਾਲੋਂ ਵੀ ਕਮਦਿਲੀ ਹੋ ਗਈ।

ਫਿਰਦਾ ਫਿਰਾਂਦਾ ਨਾਰਦ ਮੁਨੀ ਵੀ ਸ਼ਿਵ ਕੋਲ ਆ ਗਿਆ। ਆ ਕੇ ਨੇਮਸ਼ਕਾਰ ਕੀਤੀ ਸ਼ਿਵ ਨੂੰ।

ਓ ਨਾਰਦਾ ਕੁਛ ਕੀਤਾ ਇੰਤਜ਼ਾਮ।

ਨਾਰਦ ਕਹਿੰਦਾ ਮਾਰ੍ਹਾਜ ਥੋੜ੍ਹਾ ਜਿਹਾ ਕੀਤਾ।

ਉਹ ਤਾਂ ਫੇਰ ਆਇਆ ਸੀ। ਪੰਦਰਾਂ ਦਿਨ ਦੀ ਮੋਹਲਤ ਦੇ ਕੇ ਗਿਆ। ਹੁਣ ਕਿੱਦਾਂ ਹੋਊ।

ਮਾਰ੍ਹਾਜ ਤੁਸੀਂ ਫ਼ਿਕਰ ਨਾ ਕਰੋ। ਜਦੋਂ ਹੁਣ ਕਿਤੇ ਆਇਆ ਹਨਾਂ, ਤੁਸੀਂ ਕਹਿ ਦਿਓ ਮੈਂ ਤੇਰੇ ਸ਼ਹਿਰ ਵਿਚ ਭੇਜ ਦਿੱਤਾ। ਟੋਲ੍ਹ ਲਾ ਤੂੰ। ਹੋਰ ਕੁਛ ਨਾ ਕਿਹੋ।

ਓਧਰ ਰਾਜੇ ਦੀ ਲੜਕੀ ਸਖ਼ਤ ਬਿਮਾਰ ਹੋ ਗਈ। ਲੜਕੀ ਨਾ ਕੁਛ ਖਾਵੇ ਨਾ ਪੀਵੇ। ਹਕੀਮ ਤਬੀਬ ਸਾਰੇ ਜੋਰ ਲਾ ਹਟੇ। ਕੋਈ ਫਾਇਦਾ ਨਾ ਹੋਵੇ। ਲੜਕੀ ਬੋਲੇ ਕੁਛ ਨਾ।

ਨਾਰਦ ਨੇ ਜਨਾਨਾ ਰੂਪ ਧਾਰਿਆ ਤੇ ਲੜਕੀ ਦੀ ਭੂਆ ਬਣ ਕੇ ਉਹਦੇ ਕੋਲ ਗਿਆ, ਜਿਹੜੀ ਬਾਦਸ਼ਾਹ ਦੀ ਲੜਕੀ ਸੀ।

ਪੁੱਤ ਤੈਨੂੰ ਕੀ ਹੋ ਗਿਆ। ਤੂੰ ਬੋਲਦੀ ਨੀ, ਖਾਂਦੀ ਨੀ, ਪੀਂਦੀ ਨੀ ਚੱਜ ਨਾਲ। ਤੈਨੂੰ ਕਿਹੜਾ ਦੁੱਖ ਹੋ ਗਿਆ। ਤੂੰ ਮੈਨੂੰ ਦੱਸ। ਮੈਂ ਤੇਰੀ ਭੂਆ ਆਂ। ਮੈਂ ਤੈਨੂੰ ਨਿੱਕੀ ਜਿਹੀ ਨੂੰ ਦੇਖਿਆ ਸੀ। ਹੁਣ ਤਾਂ ਤੂੰ ਤਕੜੀ ਹੋ ਗਈ। ਤੂੰ ਮੈਨੂੰ ਦੱਸ। ਤੇਰਾ ਸੰਸਾ ਮੈਂ ਕਰੂੰ।

ਤੈਥੋਂ ਮੇਰਾ ਸੰਸਾ ਨੀ ਹੋਣਾ, ਭੂਆ ਮੇਰੀਏ। ਮੈਂ ਬਚ ਨੀ ਸਕਦੀ। ਇਕ ਤਰੀਕਾ ਹੈਗਾ ਜਿਹਦੇ ਨਾਲ ਮੈਂ ਬਚ ਸਕਦੀ ਆਂ। ਨਾ ਉਹ ਹੋਵੇ ਨਾ ਮੈਂ ਬਚਾਂ।

ਭੂਆ ਕਹਿੰਦੀ, ਨਾ ਪੁੱਤ ਤੂੰ ਮੈਨੂੰ ਦੱਸ। ਮੈਂ ਤੇਰੇ ਫੁੱਫੜ ਨੂੰ ਵੀ ਕਹੂੰ, ਹੈਂ ਤੇਰੇ ਬਾਪ ਨੂੰ ਕਹੂੰ। ਸਾਰੇ ਅਸੀਂ ਪੂਰਾ ਕਰਾਂਗੇ। ਬਾਦਸ਼ਾਹੀ ਆ ਸਾਡੀ। ਅਸੀਂ ਰਲ਼ ਕੇ ਹੱਲ ਕਰਾਂਗੇ।

ਲੜਕੀ ਨੇ ਫੇਰ ਆਪਣੀ ਭੂਆ ਨੂੰ ਆਖਿਆ ਕਿ ਏਹੋ ਜਿਹਾ ਲੜਕਾ ਆ ਉਹ। ਏਦਾਂ ਦਾ ਉਹਦਾ ਹੁਲੀਆ। ਜੇ ਉਹ ਲੜਕਾ ਹੋਵੇ ਤਾਂ ਮੈਂ ਬਚ ਸਕਦੀ ਆਂ ਨਹੀਂ ਤਾਂ ਨਹੀਂ। ਬੱਸ ਇਲਾਜ ਮੇਰਾ ਏਹੋ ਆ।

ਭੂਆ ਕਹਿਣ ਲੱਗੀ, ਲੈ ਪੁੱਤ ਫ਼ਿਕਰ ਨਾ ਕਰ। ਅਸੀਂ ਬੰਦੇ ਛੱਡ ਦਿੰਨੇ ਆਂ। ਟੋਲ੍ਹ ਲੈਨੇ ਆਂ।

ਲੱਭਣ ਦਾ ਵਾਅਦਾ ਕਰਕੇ ਭੂਆ ਲੜਕੀ ਕੋਲੋਂ ਆ ਗਈ।



ਡਾ. ਜਸਵੰਤ ਰਾਏ
98158 25999

ਪੰਦਰਾਂ ਦਿਨ ਪੂਰੇ ਹੋ ਗਏ। ਬਾਦਸ਼ਾਹ ਫੇਰ ਸ਼ਿਵ ਕੋਲ ਪਹੁੰਚ ਗਿਆ। ਜਾ ਕੇ ਕੜਕਿਆ, ਕਿਉਂ ਬਈ ਸਾਧਾ, ਕੀਤਾ ਨੀ ਬੰਦੋਬਸਤ।

ਬਾਦਸ਼ਾਹ ਕੀ ਗੱਲ ਕਰਦੇ ਆਂ। ਮੈਂ ਤਾਂ ਉਦੋਂ ਦਾ ਈ ਭੇਜਤਾ, ਜਦੋਂ ਤੁਸੀਂ ਪਹਿਲਾਂ ਆਏ ਸੀ। ਟੋਲ੍ਹ ਲਾ ਜਾ ਕੇ ਹੁਣ ਤੂੰ। ਬਾਦਸ਼ਾਹ ਨੂੰ ਓਦੂੰ ਵੀ ਜ਼ਿਆਦਾ ਕ੍ਰੋਧ ਚੜ੍ਹ ਗਿਆ। ਏਡਾ ਕਿਹੜਾ ਮੇਰਾ ਨਾਲੋਂ ਜਿਆਦਾ ਯੋਧਾ ਆ ਜਿਹੜਾ ਮੇਰੇ ਸ਼ਹਿਰ ਵਿਚ ਲੁਕ ਕੇ ਬੈਠਾ।

ਸ਼ਿਵ ਨੂੰ ਨਾਰਦ ਨੇ ਸਮਝਾਇਆ ਸੀ। ਉਸੇ ਤਰ੍ਹਾਂ ਸ਼ਿਵ ਬਾਦਸ਼ਾਹ ਨੂੰ ਕਹਿਣ ਲੱਗਾ ਕਿ ਘਰ ਘਰ ਦੀ ਤਲਾਸ਼ੀ ਲਓ। ਬਾਦਸ਼ਾਹ ਤਾਂ ਪਹਿਲਾਂ ਖਪਿਆ ਸੀ। ਉਹਨੇ ਨੌਕਰਾਂ ਨੂੰ ਹੁਕਮ ਚਾੜ੍ਹ ਦਿੱਤਾ ਕਿ ਘਰ ਘਰ ਦੀ ਤਲਾਸ਼ੀ ਲਓ। ਕੋਈ ਝੁੱਗੀ ਵੀ ਨਾ ਰਹੇ।

ਬਾਦਸ਼ਾਹ ਨੂੰ ਕੁਝ ਨਾ ਮਿਲਿਆ। ਤਲਾਸ਼ੀ ਲਈ ਵੀ ਬੇਕਾਰ ਗਈ। ਬਾਦਸ਼ਾਹ ਹੋਰ ਕਰੂਪੇ ਹੋ ਗਿਆ। ਬਾਦਸ਼ਾਹ ਫੇਰ ਸ਼ਿਵ ਵੱਲ ਨੂੰ ਤੁਰ ਪਿਆ।

ਬਾਦਸ਼ਾਹ ਤੋਂ ਪਹਿਲਾਂ ਹੀ ਨਾਰਦ ਸ਼ਿਵ ਕੋਲ ਪਹੁੰਚ ਗਿਆ। ਕਹਿੰਦਾ-ਮਾਰ੍ਹਾਜ ਬਾਦਸ਼ਾਹ ਤੁਹਾਡੇ ਵੱਲ ਆ ਰਿਹਾ। ਉਹਨੇ ਤੁਹਾਨੂੰ ਤਲਾਸ਼ੀ ਲਈ ਬਾਰੇ ਕਹਿਣਾ। ਤੁਸੀਂ ਕਿਹੋ ਆਪਣੀ ਲੜਕੀ ਦੇ ਘਰ ਦੀ ਤਲਾਸ਼ੀ ਲੈ ਲਈ।

(ਚਲਦਾ)

# ਮਹਿਫ਼ਲ ਸੱਚੇ ਵਿਚਾਰਾਂ ਦੀ


ਪਰਮਜੀਤ ਸਿੰਘ ਸੇਖੋਂ (ਦਾਖਾ)

ਪ੍ਰਧਾਨ, ਦਲ ਖਾਲਸਾ ਅਲਾਇੰਸ

ਕੋਆਰਡੀਨੇਟਰ, ਅਮੈਰਕਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (510-774-5909)




566- ਮੁੱਹਬਤ ਦੀਆਂ ਭੇਤ ਭਰੀਆਂ ਰਾਹਦਾਰੀਆਂ ਵਿੱਚ ਗੁੰਮਦਾ ਵੀ ਬਹੁਤ ਕੁੱਝ ਹੈ ਪਰ ਜੋ ਕੁੱਝ ਲੱਭਦਾ ਹੈ ਉਹ ਵੀ ਘੱਟ ਕੀਮਤੀ ਨਹੀਂ ਹੁੰਦਾ।

567- ਸੁੰਦਰ ਪੰਜਾਬੀ ਗਾਇਕੀ ਸਭਿਆਚਾਰ ਤੇ ਰਿਸ਼ਤਿਆਂ ਦੀ ਨੁੰਮਾਇੰਦਗੀ ਕਰਦੀ ਹੋਈ ਲੋਕ ਮਨਾਂ ਵਿੱਚ ਵਸੀ ਹੋਈ ਹੈ।

568- ਅੱਜ ਦੀ ਪੰਜਾਬੀ ਗਾਇਕੀ ਲੋਕਾਂ ਦੀ ਸਮਝ ਤੋਂ ਦੂਰ ਹੋਣ ਦੇ ਨਾਲ ਨਾਲ ਪੰਜਾਬੀ ਸਭਿਅਤਾ ਤੇ ਰਿਸ਼ਤਿਆਂ ਦਾ ਘਾਣ ਕਰਦੀ ਹੈ।

569- ਅੱਜ ਦੇ ਬਹੁਤੇ ਗੀਤਕਾਰਾਂ ਦੀ ਕਲਮ ਵੀ ਗੁੰਡਾਗਰਦੀ ਕਰਨ ਵਾਲੇ ਵਿਹਲੜਾਂ ਦੀ ਤਰਜਮਾਨੀ ਕਰਦੀ ਹੀ ਨਜ਼ਰ ਆਉਂਦੀ ਹੈ।

570- ਗਾਇਕੀ ਵਿੱਚ ਕੱਚਘਰੜ ਗਾਇਕਾਂ ਤੇ ਗੀਤਕਾਰਾਂ ਦੇ ਪ੍ਰਵੇਸ਼ ਹੋਣ ਨਾਲ ਚੰਗੇ ਤੇ ਵਧੀਆ ਗਾਇਕ ਤੇ ਗੀਤਕਾਰ ਖੂੰਜੇ ਲੱਗੇ ਬੈਠੇ ਹਨ।

571- ਅੱਜ ਕੱਲ ਦੇ ਪੰਜਾਬੀ ਗੀਤ ਸੁਣ ਕੇ ਇੰਜ ਲਗਦਾ ਹੈ ਕਿ ਜਿਵੇਂ ਕੁੜੀਆਂ ਨੂੰ ਗਾਲਾਂ ਕੱਢੀਆਂ ਜਾ ਰਹੀਆਂ ਹੋਣ।

572- ਕੋਈ ਵੀ ਗੈਰਤਮੰਦ ਬੰਦਾ ਘਰ ਬੈਠ ਕੇ ਪਰਿਵਾਰ ਦੇ ਸਾਹਮਣੇ ਟੀ ਵੀ ਤੇ ਪੰਜਾਬੀ ਪ੍ਰੋਗਰਾਮ ਸੇਖਣ ਜੋਗਾ ਨਹੀਂ ਰਿਹਾ।

573- ਅੱਜ ਕੱਲ ਇੰਝ ਲਗਦਾ ਹੈ ਜਿਵੇਂ ਕਿ ਸੁੰਦਰ ਪੰਜਾਬੀ ਗਾਇਕੀ ਦੀਆਂ ਜੜ੍ਹਾਂ ਪੁੱਟੀਆਂ ਜਾ ਰਹੀਆਂ ਹੋਣ 'ਤੇ ਅਣਖੀ ਸਿੱਖ ਸੱਭਿਆਚਾਰ ਦਾ ਗਲਾ ਘੁੱਟਿਆ ਜਾ ਰਿਹਾ ਹੋਵੇ।

574- ਗਾਇਕੀ ਨੂੰ ਕਿੱਤਾ ਬਣਾ ਕੇ ਗਾਉਣ ਵਾਲਿਆਂ ਨੇ ਗਾਇਕੀ ਤੇ ਗੀਤਕਾਰੀ ਦੇ ਅਸੂਲ ਅਤੇ ਹੱਦਾਂ ਤੋੜ ਕੇ ਪੈਸੇ ਨੂੰ ਹੀ ਸਭ ਕੁੱਝ ਮਨ ਲਿਆ ਹੈ।

575- ਕਿਸਾਨਾਂ ਸਿਰ ਚੜ੍ਹਦੇ ਕਰਜ਼ੇ, ਸ਼ਰਾਬ ਤੇ ਅਫੀਮ 'ਚ ਰੁੜ੍ਹੇ ਜਾਂਦੇ ਜੱਟ ਜ਼ਮੀਨਾਂ ਵੇਚਣ ਲਈ ਮਜ਼ਬੂਰ ਹੋ ਰਹੇ ਹਨ।

576- ਬਚਪਨ ਤੋਂ ਲੈ ਕੇ ਮਰਨ ਤੱਕ ਇਨਸਾਨ ਕੁੱਝ ਨਾ ਕੁੱਝ ਸਿੱਖਦਾ ਰਹਿੰਦਾ ਹੈ।

577- ਕਈ ਇਨਸਾਨ ਆਪਣੇ ਅੰਦਰ ਭਰੀ ਕੁੜੱਤਣ ਲੈ ਕੇ ਹੀ ਸਾਰੀ ਜ਼ਿੰਦਗੀ ਗੁਜ਼ਾਰ ਜਾਂਦੇ ਹਨ।

578- ਕੁਦਰਤ ਨੇ ਸਾਡੀ ਇਸ ਧਰਤੀ ਨੂੰ ਸ਼ਿਗਾਰਨ ਲਈ ਕਿੰਨੇ ਰੁੱਖ ਬੂਟੇ ਫਲ ਫੁੱਲ ਉਗਾਏ ਹਨ। ਜੇ ਕੋਈ ਕੁੱਝ ਪਲ ਕੱਢ ਕੇ ਇੰਨ੍ਹਾਂ ਫੁੱਲਾਂ ਦੀ ਛਬੀ ਵੱਲ ਵੇਖ ਲਵੇ ਤਾਂ ਪਤਾ ਲੱਗੇ ਕਿ ਜੀਵਨ ਕੀ ਹੈ।

579- ਸਾਨੂੰ ਆਪਣੇ ਅੰਦਰ ਦੇ ਕੂੜੇ ਕਰਕਟ ਨੂੰ ਬਾਹਰ ਕਰਨਾ ਪਵੇਗਾ 'ਤੇ ਅੰਦਰ ਦੀ ਸੁੰਦਰਤਾ ਨੂੰ ਪੈਦਾ ਕਰਨ ਲਈ ਸਹਿਜ ਸੰਤੋਖ ਵਰਗੇ ਗੁਣ ਪੈਦਾ ਕਰਨੇ ਪੈਣਗੇ।

580- ਆਪਣੇ ਅੰਦਰਲੀ ਸੱਚਾਈ ਨੂੰ ਮਾਨਣ ਜਾਨਣ ਤੇ ਖੋਜਣ ਦਾ ਉਪਰਾਲਾ ਕਰੀਏ।

581- ਇਨਸਾਨ ਮੁਸ਼ਕਲਾਂ ਦੇ ਪਹਾੜ ਥੱਲੇ ਨਿਵਿਆ ਹੋਇਆ ਜ਼ਿੰਦਗੀ ਗੁਜ਼ਾਰਦਾ ਹੈ।

582- ਜ਼ਿੰਦਗੀ ਦਾ ਕਾਫਲਾ ਕਿਤੇ ਦੀ ਕਿਤੇ ਨਿਕਲ ਜਾਂਦਾ ਹੈ। ਇਨਸਾਨ ਇਸ ਕਾਫਲੇ ਪਿੱਛੇ ਛਿੱਤਰ ਘੜੀਸਦਾ ਤੁਰਿਆ ਜਾਂਦਾ ਹੈ ਪਰ ਜ਼ਿੰਦਗੀ ਦੀ ਅਸਲ ਰਮਜ਼ ਸਮਝ ਨਹੀਂ ਆਉਂਦੀ।

583- ਬੁੱਲ੍ਹਾਂ ਚੋਂ ਮੁਸਕਾਨਾਂ ਫੁੱਟਦੀਆਂ ਹਨ ਤੇ ਜ਼ਿੰਦਗੀ ਦਾ ਸੁਹਜ ਅੱਖਾਂ ਚੋਂ ਊਸ਼ਾਂ ਦੀਆਂ ਕਿਰਨਾਂ ਬਣ ਨਿਕਲਦਾ ਹੈ।

584- ਸੁਹਜ ਤੇ ਸੁੱਹਪਣ ਤਦ ਹੀ ਚਿਹਰੇ ਤੇ ਆ ਸਕੇਗਾ, ਜੇ ਅੰਦਰ ਸਚਾਈ ਹੋਵੇਗੀ।

585- ਚੰਨ ਮੁੱਖੜੇ ਦੀਆਂ ਸੋਹਲ ਕਿਰਨਾਂ, ਕਿਸੇ ਰਾਹਗੀਰ ਨੂੰ ਚਿੱਤ ਕਰਕੇ ਰੱਖ ਦਿੰਦੀਆਂ ਹਨ।

586- ਸੁੰਦਰ ਚਿਹਰੇ ਨੂੰ ਦੇਖ ਕੇ ਰਾਹੀ ਰਾਹ ਭੁੱਲ ਜਾਂਦੇ ਹਨ।

587- ਸੁੰਦਰ ਮੁੱਖੜੇ ਚੋਂ ਕਿਰਦੇ ਬੋਲ ਦੂਸਰੇ ਦੀ ਤਕਦੀਰ ਬਦਲ ਸਕਦੇ ਹਨ।

588- ਕਮਲ ਫੁੱਲ ਚਿੱਕੜ 'ਚ ਖਿੜ ਕੇ ਆਪਣੀ ਧੌਣ ਉੱਚੀ ਚੁੱਕ ਲੈਂਦਾ ਹੈ, ਆਪਾਂ ਵੀ ਉਸ ਵਾਂਗ ਖਿੜਨ ਦੀ ਜਾਂਚ ਸਿੱਖ ਲਈਏ।

589- ਨੀਝ ਨਾਲ ਫੁੱਲਾਂ ਦੇ ਹੁਸਨ ਨੂੰ ਤੱਕੋ ਤੇ ਇਹ ਰਾਜ ਸਮਜਣ ਲਈ ਜੇ ਤੁਹਾਨੂੰ ਕੰਡੇ ਵੀ ਜਰਨੇ ਪੈਣ ਤਾਂ ਜ਼ਰੋ।

590- ਪਹਾੜਾਂ ਦੀਆਂ ਢਲਾਣਾਂ 'ਤੇ ਤੁਰਦੇ ਯਾਤਰੀ ਜਿਉਂ ਜਿਉਂ ਸਫਰ ਕਰਦੇ ਹਨ, ਖੁਸ਼ੀ ਉਹਨਾਂ ਦੇ ਹਿਦਰੇ 'ਚ ਜਨਮ ਲੈਂਦੀ ਹੈ 'ਤੇ ਇੱਕ ਇੱਕ ਤਕਣੀ ਚ ਉਹ ਪਹਾੜਾਂ ਦੀਆਂ ਚੋਟੀਆਂ ਦਾ ਰਸ ਭਰ ਲੈਂਦੇ ਹਨ।

591- ਆਨੰਦ ਦੀ ਪ੍ਰਾਪਤੀ ਲਈ ਇਨਸਾਨ ਕੀ ਨਹੀਂ ਕਰਦਾ।

592- ਫੁੱਲਾਂ ਦੀ ਸੁੰਦਰਤਾ ਤੇ ਸੁਹਜ ਸਾਡੀ ਜ਼ਿੰਦਗੀ ਵਿੱਚ ਪੈਦਾ ਹੋ ਸਕੇ ਤੇ ਸਾਡੇ ਮਨ ਦੀ ਮਿੱਟੀ ਵਿੱਚ ਫੁੱਲਾਂ ਵਰਗੀ ਮਹਿਕ ਤੇ ਛਾਂ ਦਾ ਵਾਸ ਹੋਵੇ।

593- ਆਪਣੇ ਮਨ ਦੀ ਮਿੱਟੀ ਕੂੜੇ ਕਰਕਟ ਤੇ ਕੰਕਰ ਤੋਂ ਰਹਿਤ ਹੋਵੇ। ਫਿਰ ਮਨ ਦੀ ਮਿੱਟੀ 'ਚ ਰੰਗ ਬਿਰੰਗੇ ਫੁੱਲ ਉੱਗ ਕੇ ਜ਼ਰੂਰ ਚਿਹਰੇ ਦੀ ਰੂਪ ਰੇਖਾ ਬਦਲ ਸਕਦੇ ਹਨ।

594- ਤੁਸੀਂ ਆਪਣੇ ਹੱਥਾਂ ਦੀ ਬਰਕਤ ਨਾਲ ਹਰ ਚੀਜ਼ ਮਨ ਦੀ ਮਿੱਟੀ 'ਚ ਉਗਾ ਕੇ ਪ੍ਰਾਪਤ ਕਰ ਸਕਦੇ ਹੋ।

595- ਜਦੋਂ ਚੰਦਰਮਾ ਪੂਰੇ ਜ਼ੋਬਨ 'ਤੇ ਚਾਂਦਨੀ ਬਿਖੇਰ ਰਿਹਾ ਹੋਵੇ ਤਾਂ ਸਮੁੰਦਰ ਦੇ ਪਾਣੀਆਂ 'ਚ ਹਲਚਲ ਮੱਚ ਜਾਂਦੀ ਹੈ।

596- ਕਿਸੇ ਸੁੰਦਰ ਸੁਹਜ ਤੇ ਸੁਹੱਪਣ ਦਾ ਬਲਿਆ ਚਿਰਾਗ ਲੱਖਾਂ ਹਿਰਦਿਆਂ 'ਚ ਤਰਥੱਲੀ ਮਚਾ ਦਿੰਦਾ ਹੈ।

597- ਬਿਨਾਂ ਤੜਪ, ਬਿਨਾਂ ਲਗਨ, ਬਿਨਾਂ ਜੀਵਨ ਜਾਂਚ, ਇਹ ਜ਼ਿੰਦਗੀ ਇੱਕ ਹਨੇਰੀ ਸੁਰੰਗ ਵਾਂਗ ਹੀ ਰਹੇਗੀ।

598- ਆਪਾਂ ਫੁੱਲਾਂ ਦੀ ਸੰਗਤ 'ਚ ਫੁੱਲਾਂ ਵਾਂਗ ਹੀ ਵਿਚਰੀਏ।

599- ਗਲੇ ਦਾ ਦਰਦ, ਕਿਸੇ ਮਨ ਦਾ ਦਰਦ ਦੂਰ ਕਰ ਸਕਦਾ ਹੈ।

600- ਭੂਕਾਂ ਭੂਕਾਂ ਭੂਕਾਂ, ਵਿਆਹ ਤੀ ਬੁੱਢੜੇ ਨੂੰ ਕੀ ਟੂੰਮਾਂ ਨੂੰ ਫੂਕਾਂ।

601- ਮਾਪੇ ਸ਼ਬਦ ਦੋ ਸ਼ਬਦਾਂ ਦਾ ਸੁਮੇਲ ਹੈ ਮਾਂ ਤੇ ਪਿਓ।

602- ਇਸ ਦੁਨੀਆਂ ਰੂਪੀ ਫੁੱਲਵਾੜੀ 'ਚ ਕਈ ਧੀਆਂ ਪੁੱਤਾਂ ਨੂੰ ਤਰਸਦੇ ਹਨ ਤੇ ਕਈ ਮਾਪਿਆਂ ਨੂੰ ਤਰਸ ਰਹੇ ਹਨ।

603- ਗਟਰਾਂ ਟੋਭਿਆਂ ਤੇ ਛੱਪੜਾਂ 'ਚ ਮਿਲਦੇ ਭਰੂਣ ਇਕੱਲੀ ਮਾਂ ਦੇ ਨਹੀਂ ਹੁੰਦੇ, ਪਿਓ ਵੀ ਉਸ 'ਚ ਬਰਾਬਰ ਹਿੱਸੇਦਾਰ ਹੁੰਦਾ ਹੈ।

604- ਕਈ ਮਾਪੇ ਸ਼ਰਾਬੀਆਂ ਨਸ਼ੇੜੀਆਂ ਪੁੱਤਾਂ ਨੂੰ ਵਿਆਹ ਲੈਂਦੇ ਹਨ ਕਿ ਵਿਆਹ ਤੋਂ ਬਾਅਦ ਸੁਧਰ ਜਾਵੇਗਾ। ਅਜਿਹੇ ਮਾਪੇ ਆਪਣੇ ਪੁੱਤਰ ਨੂੰ ਸੁਧਾਰਦੇ ਸੁਧਾਰਦੇ ਦੂਜਿਆਂ ਦੀਆਂ ਧੀਆਂ ਦੀ ਜ਼ਿੰਦਗੀ ਵੀ ਬਰਬਾਦ ਕਰ ਦਿੰਦੇ ਹਨ।

605- ਜ਼ਰੂਰੀ ਨਹੀਂ ਕਿ ਜਿਨ੍ਹਾਂ ਨੇ ਆਪਣੇ ਮਾਪਿਆਂ ਦੀ ਸੇਵਾ ਕੀਤੀ ਹੈ, ਉਨ੍ਹਾਂ ਦੇ ਬੱਚੇ ਵੀ ਉਨ੍ਹਾਂ ਦੀ ਸੇਵਾ ਕਰਨਗੇ।

606- ਬੱਚੇ ਨੂੰ ਜਨਮ ਦੇਣਾ ਹੀ ਮਾਂ ਦੀ ਜ਼ਿੰਮੇਵਾਰੀ ਨਹੀਂ ਹੁੰਦੀ, ਉਸ ਨੂੰ ਉਸਾਰੂ ਸੋਚ ਤੇ ਪੱਖਾਂ ਨੂੰ ਪਰਵਾਜ਼ ਦੇਣ ਲਈ ਇੱਕ ਮਾਂ ਨੂੰ ਸਾਰੀ ਉਮਰ ਘਾਲਣਾ ਘਾਲਣੀ ਪੈਂਦੀ ਹੈ।

607- ਸਿਰਫ ਪੈਸਾ ਕਮਾਉਣਾ ਹੀ ਬਾਪ ਦਾ ਕੰਮ ਨਹੀਂ, ਇੱਕ ਚੰਗਾ ਮਾਰਗ ਦਰਸ਼ਕ ਬੱਚੇ ਲਈ ਬਾਪ ਹੀ ਹੁੰਦਾ ਹੈ।

608- ਬੱਚਾ, ਮਾਂ ਬਾਪ ਦੀ ਸਾਰੀ ਉਮਰ ਦੀ ਦੌਲਤ ਹੁੰਦਾ ਹੈ। ਜਿਨ੍ਹਾਂ ਮਾਪਿਆਂ ਨੇ ਰਾਤਾਂ ਜਾਗ ਜਾਗ ਬੱਚਿਆਂ ਲਈ ਮਿਹਨਤ ਮੁਸ਼ੱਕਤ ਕੀਤੀ ਹੁੰਦੀ ਹੈ, ਉਨ੍ਹਾਂ ਦੀ ਮਿਹਨਤ ਜ਼ਰੂਰ ਰੰਗ ਲਿਆਉਂਦੀ ਹੈ।

609- ਜਿਹੜੇ ਲੋਕ ਰੋਟੀ ਦੇ ਨਾਲ ਨਾਲ ਸਵੈਮਾਨ, ਇੱਜ਼ਤ ਤੇ ਰੁਤਬਾ ਵੀ ਚਾਹੁੰਦੇ ਹਨ ਉਹ ਕਦੇ ਢਹਿੰਦੀਆਂ ਕਲਾਂ 'ਚ ਨਹੀਂ ਰਹਿੰਦੇ।

610- ਉਹ ਭਾਗਾਂ ਵਾਲੇ ਹੁੰਦੇ ਹਨ ਜਿਨ੍ਹਾਂ ਨੂੰ ਸੌਣ ਲਈ ਮਾਂ ਦੀ ਗੋਦ ਮਿਲਦੀ ਹੈ।

611- ਬਹੱਦ ਤੋਂ ਵੱਧ ਦਿੱਤੀ ਖੁੱਲ੍ਹ ਬੱਚਿਆਂ ਨੂੰ ਕੁਰਾਹੇ ਪਾ ਦਿੰਦੀ ਹੈ।

612- ਜਿਹੜੇ ਮਾਪੇ ਬੱਚਿਆਂ ਤੋਂ ਕੀਮਤੀ ਜਾਇਦਾਦਾਂ ਨੂੰ ਸਮਝਦੇ ਹਨ, ਉਨ੍ਹਾਂ ਜਾਇਦਾਦਾਂ ਲਈ ਬੱਚੇ ਮਾਪਿਆਂ ਦੇ ਕਤਲ ਕਰ ਦਿੰਦੇ ਹਨ।

613- ਜਾਇਦਾਦਾਂ ਮਨੁੱਖ ਲਈ ਬਣੀਆਂ ਹਨ, ਮਨੁੱਖ ਜਾਇਦਾਦਾਂ ਲਈ ਨਹੀਂ ਬਣਿਆ।

614- ਮਾਪਿਆਂ ਵੱਲੋਂ ਬੱਚਿਆਂ ਨੂੰ ਇੱਕ ਚੰਗਾ ਇਨਸਾਨ ਬਣਾਉਣਾ ਚਾਹੀਦਾ ਹੈ ਨਾ ਕਿ ਪੈਸੇ ਕਮਾਉਣ ਵਾਲੀ ਮਸ਼ੀਨ, ਮਸ਼ੀਨਾਂ ਦੇ ਦਿਲ ਨਹੀਂ ਹੁੰਦੇ।

615- ਸਬਰ, ਸੰਤੋਖ ਤੇ ਤਿਆਗ ਵਰਗੇ ਵੱਡਮੁੱਲੇ ਗੁਣ ਪਹਿਲਾਂ ਮਾਪਿਆਂ ਚੋਂ ਫਿਰ ਹੌਲੀ ਹੌਲੀ ਬੱਚਿਆਂ ਚੋਂ ਵੀ ਅਲੋਪ ਹੋ ਰਹੇ ਹਨ।

616- ਘਰਾਂ ਵਿੱਚ, ਖੇਤਾਂ ਵਿੱਚ, ਫਲਦਾਰ ਰੁੱਖਾਂ ਦਾ ਲੱਗਣਾ ਜਾਂ ਉਗਣਾ ਸੁਭਾਵਿਕ ਨਹੀਂ ਹੁੰਦਾ।

617- ਬੱਚੇ ਪੈਦਾ ਹੋਣ ਨਾਲ ਮਾਪੇ ਨਹੀਂ ਬਣਦੇ, ਬੱਚਿਆਂ ਦਾ ਸਹੀ ਮਾਰਗ ਦਰਸ਼ਨ ਕਰਨ ਵਾਲੇ ਹੀ ਮਾਪੇ ਹੁੰਦੇ ਹਨ।

618- ਸਮਾਜ ਦੇ ਨਿਰਮਾਣ ਵਿੱਚ ਨੀਂਹ ਦਾ ਕੰਮ ਕਰਨ ਵਾਲੀ ਨੌਜਵਾਨ ਪੀੜ੍ਹੀ ਅੱਜ ਕਲ ਆਪਣੇ ਉਦੇਸ਼ਤੋਂ ਭਟਕ ਰਹੀ ਹੈ।

619- ਨਸ਼ਿਆਂ ਨੇ ਸਾਡੇ ਰਿਸ਼ਤੇ ਅਤੇ ਇਜ਼ਤ ਮਾਣ ਸਤਿਕਾਰ ਨੂੰ ਵੀ ਖਤਰੇ 'ਚ ਪਾ ਦਿੱਤਾ ਹੈ।

620- ਨਸ਼ਈਆਂ ਦੇ ਖ਼ੂੰਨ ਵਿੱਚੋਂ ਰਿਸ਼ਤਿਆਂ ਵਿਚਲਾ ਮੋਹ ਫਿੱਕਾ ਪੈ ਰਿਹਾ ਹੈ।

621- ਨਸ਼ਿਆਂ ਅਤੇ ਬੇਰੁਜ਼ਗਾਰੀ ਕਾਰਨ ਬਹੁਤ ਸਾਰੇ ਨੌਜਵਾਨ ਸਮਾਜ ਵਿਰੋਧੀ ਕੰਮਾਂ ਨੂੰ ਅੰਜਾਮ ਦੇ ਰਹੇ ਹਨ।

622- ਨਸ਼ਿਆਂ ਨੇ ਸਰਵਣ ਪੁੱਤਰ ਵਰਗੇ ਮਜ਼ਬੂਤ ਰਿਸ਼ਤਿਆਂ ਦੀਆਂ ਤੰਦਾਂ ਨੂੰ ਵੀ ਤੋੜ ਮਰੋੜ ਕੇ ਭੱਠੀ ਵਿੱਚ ਝੋਕ ਦਿੱਤਾ ਹੈ।

623- ਪੰਜਬ 'ਚ 71 ਫੀਸਦੀ ਘਰਾਂ ਵਿਚੋਂ ਘੱਟੋ ਘੱਟ ਇੱਕ ਜੀਅ ਨਸ਼ਿਆਂ ਦਾ ਗੁਲਾਮ ਬਣ ਚੁੱਕਾ ਹੈ।

(ਲੜੀਵਾਰ ਚਲਦਾ)


A & S

Auto Repair & Services

Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat

Ph: 916-238-4431

649 W. Elkhorn Blvd. Suite B2

Rio Linda, CA 95673



Shri Guru Ravidass Sabha ( Bay Area)

31252 Veasy Street,Union City,CA 94587



HAR SO HEERA CHHAAD KE KARE AAN KI AAS TE NAR DOJAKH JAYENGE SAT BHAAKHE RAVIDASS

## ਸ੍ਰੀ ਗੁਰੂ ਰਵਿਦਾਸ ਸਭਾ (ਬੇ-ਏਰੀਆ) ਦੀ ਮੈਂਬਰਸ਼ਿਪ ਲਈ ਸੱਦਾ

ਗੁਰੂ ਪਿਆਰੀ ਸਾਧ ਸੰਗਤ ਜੀ ਜਿਵੇਂ ਕਿ ਆਪ ਜਾਣਦੇ ਹੋ ਕਿ 25 ਅਕਤੂਬਰ ਨੂੰ ਮੌਜੂਦਾ ਕਮੇਟੀ ਵੱਲੋਂ ਸਹੀ ਕਨੂੰਨ ਦੇ ਮੁਤਾਬਕ ਚੋਣ ਕਰਵਾਈ ਜਾ ਰਹੀ ਹੈ, ਜਿਸ ਦੀ ਮੈਬਰਸ਼ਿਪ 30 ਅਗਸਤ ਨੂੰ ਸਵੇਰੇ 10.00 ਵਜੇ ਤੋਂ ਲੈ ਕੇ 2.00 ਵਜੇ ਤੱਕ ਹੋਵੇਗੀ ਅਤੇ ਕਿਰਪਾ ਕਰਕੇ ਆਪਣੀ ਮੈਬਰਸ਼ਿਪ ਨੂੰ ਜਰੂਰ ਨਵੀ ਕਰਵਾ ਲਵੋ। ਸਤੰਬਰ ਮਹੀਨੇ ਵਿੱਚ ਵੀ ਮੈਬਰਸ਼ਿਪ ਬਣੇਗੀ। ਹੋਰ ਵਧੇਰੇ ਜਾਣਕਾਰੀ ਲਈ ਸਾਡੇ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

| ਹਰਮੇਸ਼ ਲਾਲ ਮਦਾਰਾ | ਵਿਨੋਦ ਕੁਮਾਰ ਚੁੰਬਰ | ਮਹਿੰਦਰ ਸਿੰਘ ਮਾਹੀ | ਜਨਰਲ ਸਕੱਤਰ |
| --- | --- | --- | --- |
| ਚੇਅਰਮੈਨ | ਵਾਈਸ ਚੇਅਰਮੈਨ | ਪ੍ਰਧਾਨ | ਸੰਤੋਖ ਸਿੰਘ ਸਰੋਇਆ |
| 510-386-1702 | 510-219-5672 | 408-643-9052 | 408-509-9697 |

FREE WiFi

Ram Gopal

Annabelle's
Pizza & Pasta Kitchen

200 "J" Street
Sacramento, CA 95814 (916) 448-6239

BIG SCREEN TV

Annabelle's
Pizza & Pasta Kitchen

IN OLD SACRAMENTO

PIZZA, PASTA, SPAGHETTI, BAKED MACARONI & CHEESE, SALAD BAR (16 Varieties)

Italian Buffets, Indian Foods. (Italian Buffet $6.99)

Hall free for Jago, Birth Day & Wedding Parties.
Seven days open from 11 AM to 4 PM




Ram Gopal

Features All you can eat Italian Buffet

(Our Dough is Freshly Rolled Daily and Made of the Finest Ingredients)

Now Serving Beer &Wine!




Ram Gopal (916) 448-6239
200 "J" Street, Sacramento, CA 95814

Varieties of Video Games Available

Variety of Sandwiches are also available

TANDOOR
Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

BUFFET LUNCH 11:00 AM To 3:00 PM

We are open seven days 11 AM to 10 PM

Contact Us:
Ph. 510-885-1212
Fax. 510-885-1532

Continental




ਅਸੀਂ ਇੱਥੇ ਟਰੱਕ/ਟਰੇਲਰਜ਼ ਦੀ ਹਰ ਤਰ੍ਹਾਂ ਦੀ ਰਿਪੇਅਰ ਕਰਦੇ ਹਾਂ। ਸਾਡੇ ਨਿਊ/ਰੀਕੇਪ ਟਾਇਰਜ਼ ਉਪਲਬਧ ਹੁੰਦੇ ਹਨ। ਤਸੱਲੀਬਖਸ਼ ਕੰਮ ਲਈ ਸਾਨੂੰ ਹਮੇਸ਼ਾ ਯਾਦ ਰੱਖੋ ਤੇ ਸੰਪਰਕ ਕਰੋ।

Truck, Trailer Repair & Tyre Servicse

ਟਰੈਕਟਰ-ਟਰੇਲਰ ਸਬੰਧੀ ਹਰ ਕਿਸਮ ਦੀ ਸਰਵਿਸ ਅਤੇ ਟਾਇਰ ਸਰਵਿਸ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Bhajji Gill (510-277-6315)
Chain Gill 510-542-1181



42400 Boyce Rd., Unite F,
Fremont, CA 94538

# Grant Line Insurance Agency, Inc.

## DBA Sky High Insurance Agency

**One stop shop for all your Insurance needs**

License#0J06225








ਸਾਡੇ ਕੋਲ ਟਰੱਕਿੰਗ, ਆਟੋ, ਘਰੇਲੂ, ਲਾਈਫ, ਵਰਕਰਜ਼ ਕੰਪਨਸੇਸ਼ਨ, ਕਮਰਸ਼ੀਅਲ, ਬੌਂਡ ਆਦਿ ਲਈ ਇੰਸ਼ੋਰੈਂਸ ਦੀਆਂ ਸੇਵਾਵਾਂ ਉਪਲਬਧ ਹਨ।

ਹਫਤੇ ਦੇ 6 ਦਿਨ

ਸੋਮਵਾਰ ਤੋਂ ਸ਼ਨੀਚਰਵਾਰ ਸਵੇਰੇ 9:00 ਵਜੇ ਸਵੇਰ ਤੋਂ 6:00 ਸ਼ਾਮ ਤੱਕ
ਸ਼ਨੀਵਾਰ ਸਵੇਰੇ 10 ਵਜੇ ਤੋਂ ਸ਼ਾਮੀ 3 ਵਜੇ ਤੱਕ

**Call for Free Quote**

**209-263-0860**

3244 W. Grant Line Rd., Tracy, CA 95304

Email: info@skyhighinsuranceagency.com
Website: www.skyhighinsuranceagency.com



ਜਸਵੀਰ ਕੌਰ
ਬਰੋਕਰ
925-895-8140



ਮਨਦੀਪ ਥਿਆੜਾ
ਏਜੰਟ
209-666-0032



ਗਗਨਦੀਪ ਸਿੰਘ
ਏਜੰਟ
925-724-7070



ਹਰਮਨ ਸਿੰਘ
ਏਜੰਟ
510-415-8154

# Golden State Truck Sales Inc.

## ਗੋਲਡਨ ਸਟੇਟ ਟਰੱਕ ਸੇਲਜ਼ ਇੰਕ.



Buy Quality Used Trucks

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ

ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ।

ਸਸਤੇ ਵਿਆਜ ਦਰ ਦੇ ਨਾਲ ਆਪਣੇ ਟਰੱਕ ਦਾ ਲੋਨ ਕਰਵਾਓ

ਅਸੀਂ ਕਰੈਡਿਟ, ਬੈਡ ਕਰੈਡਿਕ, ਬੈਂਕਰਪਸੀ, ਫਸਟ ਟਾਈਮ ਬਾਇਰ (ਪਹਿਲੀ ਵਾਰ ਖਰੀਦਣ ਵਾਲੇ), ਫੋਰਕਲੋਜ਼ਰ, ਮੈਡੀਕਲ ਬਿਲ ਆਨ ਕ੍ਰੈਡਿਟ ਦੀ ਸਹੂਲਤ ਵੀ ਮੁਹੱਈਆ ਕਰਵਾਉਣ ਵਿਚ ਮਦਦ ਕਰਦੇ ਹਾਂ।





**Call : Dharminder Singh**

Cell : 530-870-6600

Fax : 530-405-1429

Email: myfuturetruck@gmail.com

**2535 Front St. West Sacramento, CA 95691**

# ਗੁਰਦੁਆਰਾ ਸਾਹਿਬ ਸੈਨ ਹੋਜ਼ੇ ਦੀਆਂ 30 ਅਗਸਤ ਨੂੰ ਹੋ ਰਹੀਆਂ ਚੋਣਾਂ ਲਈ ਮੌਜੂਦਾ ਪ੍ਰਬੰਧਕ ਕਮੇਟੀ ਦੇ ਉਮੀਦਵਾਰ

## Current Parbandhak Committee Candidates for the San Jose Gurdwara Sahib Elections on August 30, 2015



*ਗੁਰਦੁਆਰਾ ਸਾਹਿਬ ਸੈਨ ਹੋਜ਼ੇ ਦੀ ਖੂਬਸੂਰਤ ਇਮਾਰਤ* *Gurdwara Photo*



ਹਰਦੇਵ ਸਿੰਘ ਤੱਖਰ
Hardev Singh Takhar



ਭੁਪਿੰਦਰ (ਬਾਬ) ਸਿੰਘ ਢਿੱਲੋਂ
Bhupindar (Bob) Singh Dhillon



ਪ੍ਰੀਤਮ ਸਿੰਘ ਗਰੇਵਾਲ
Pritam Singh Grewal



ਸੁਖਦੇਵ ਸਿੰਘ ਬੈਣੀਵਾਲ
Sukhdev Singh Bainiwal



ਰਾਜਿੰਦਰ ਸਿੰਘ ਮੰਗਰ
Rajinder Singh Mangar



ਡਾ. ਗੁਰਿੰਦਰਪਾਲ ਸਿੰਘ
Dr. Gurinderpal Singh



ਸੁਰਜੀਤ ਸਿੰਘ ਬੈਂਸ
Surjit Singh Bains



ਸਰਬਜੋਤ ਸਿੰਘ ਸਵੱਦੀ
Sarbjot Singh Sawaddi



ਕਿਰਪਾਲ ਸਿੰਘ ਅਟਵਾਲ
Kirpal Singh Atwal



ਭਾਈ ਧਰਮ ਸਿੰਘ
Bhai Dharam Singh



ਬਲਬੀਰ ਸਿੰਘ ਜੌਹਲ
Balbir Singh Johal



ਗੁਰਬਖਸ਼ ਸਿੰਘ ਢਿੱਲੋਂ
Gurbax Singh Dhillon



ਨਰਿੰਦਰਪਾਲ ਸਿੰਘ
Narinderpal Singh



ਸੋਹਣ ਸਿੰਘ ਧਨੋਤਾ
Sohan Singh Dhanota



ਨੀਟੂ ਸਿੰਘ ਕਾਹਲੋਂ
Neetu Singh Kahlon



ਨਰਿੰਦਰ ਕੌਰ ਮਹੇੜੂ
Narinder Kaur Maheru



ਪ੍ਰਿਤਪਾਲ ਕੌਰ
Pritpal Kaur



ਡਾ. ਬਲਬੀਰ ਸਿੰਘ ਬੈਂਸ
Dr. Balbir Singh Bains



ਬਲਜੀਤ (ਇਕਬਾਲਜੀਤ) ਕੌਰ ਹੰਸਰਾ
Baljit (Iqbaljit) Kaur Hansara



ਗੁਰਪ੍ਰੀਤ ਸਿੰਘ ਸੇਠੀ
Gurpreet Singh Sethi



ਬਹਾਦਰ ਸਿੰਘ ਦਿਉਲ
Bahadur Singh Deol

**ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਸਾਨੂੰ ਵੋਟ ਦੇ ਕੇ ਪਿਛਲੀ ਵਾਰ ਵਾਂਗ ਗੁਰੂ ਘਰ ਦੀ ਸੇਵਾ ਕਰਨ ਦਾ ਮਾਣ ਬਖਸ਼ੋ**